ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 7 | Issue 11 | 14 March 2018 to 20 March 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਪੰਜਾਬ ਦੇ ਸਾਰੇ ਮਸਲਿਆਂ ਦੇ ਹੱਲ ਵਾਸਤੇ ਸਾਂਝੇ ਤੌਰ ਉੱਤੇ ਹੰਭਲੇ ਮਾਰਨ ਦਾ ਸੱਦਾ

## *ਛੇਵੀਂ ਵਿਸ਼ਵ ਪੰਜਾਬੀ ਵਿਸ਼ਵ ਪੰਜਾਬੀ ਕਾਨਫਰੰਸ ਦੌਰਾਨ ਅਹਿਮ ਵਿਚਾਰ ਵਟਾਂਦਰੇ*



ਵਿਸ਼ਵ ਪੰਜਾਬੀ ਕਾਨਫਰੰਸ ਦੇ ਆਖ਼ਰੀ ਦਿਨ ਸੰਬੋਧਨ ਕਰਦੇ ਹੋਏ ਵਰਿਆਮ ਸਿੰਘ ਸੰਧੂ।

**ਚੰਡੀਗੜ੍ਹ/ਬਿਊਰੋ ਨਿਊਜ਼:** ਇੱਥੋਂ ਦੇ ਪੰਜਾਬ ਕਲਾ ਭਵਨ ਵਿੱਚ ਐਤਵਾਰ ਨੂੰ ਖਤਮ ਹੋਈ ਛੇਵੀਂ ਵਿਸ਼ਵ ਪੰਜਾਬੀ ਵਿਸ਼ਵ ਪੰਜਾਬੀ ਕਾਨਫਰੰਸ ਪੰਜਾਬ ਦੇ ਸਾਰੇ ਮਸਲਿਆਂ ਦੇ ਹੱਲ ਵਾਸਤੇ ਆਰਥਿਕ ਮਜਬੂਤੀ ਲਈ ਸਾਂਝੇ ਤੌਰ ਉੱਤੇ ਹੰਭਲੇ ਮਾਰਨ ਦਾ ਸੱਦਾ ਦਿੰਦਿਆਂ ਸਮਾਪਤ ਹੋਈ। ਗੰਭੀਰ ਆਰਥਿਕ ਤੇ ਸਮਾਜਿਕ ਸੰਕਟ ਵਿੱਚ ਘਿਰੇ ਹੋਏ

ਪੰਜਾਬ ਅਤੇ ਪੰਜਾਬੀਅਤ ਨੂੰ ਦਰਪੇਸ਼ ਸਭਿਆਚਾਰਕ, ਸਮਾਜਿਕ, ਆਰਿਥਕ, ਭਾਸ਼ਾਈ ਤੇ ਹੋਰਨਾਂ ਮਸਲਿਆਂ ਦੇ ਹੱਲ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਇੱਥੇ ਕਰਵਾਈ ਗਈ ਦੋ ਰੋਜ਼ਾ ਵਿਸ਼ਵ ਪੰਜਾਬੀ ਕਾਨਫਰੰਸ ਦੇ ਵੱਖ ਵੱਖ ਸੈਸ਼ਨਾਂ ਨੂੰ ਵਿਦਵਾਨਾਂ ਤੇ ਮਾਹਿਰਾਂ ਨੇ ਅਪਣੇ ਖੋਜ ਪੱਤਰ ਪੇਸ਼ ਕੀਤੇ ਜਿਨ੍ਹਾਂ ਉੱਤੇ ਭਰਵੀਂ ਬਹਿਸ ਹੋਈ।

ਪਹਿਲੇ ਦਿਨ ਕਾਨਫਰੰਸ ਵਿੱਚ ਤਿੰਨ ਸੈਸ਼ਨ ਹੋਏ ਤੇ ਇਸ ਦੌਰਾਨ 'ਪੰਜਾਬ ਤੇ ਸਿੱਖਿਆ, ਆਰਥਿਕਤਾ, ਕਿਸਾਨੀ ਅਤੇ ਖ਼ੁਦਕੁਸ਼ੀਆਂ, 'ਪੰਜਾਬ ਸੁਰੱਖਿਆ: ਹਾਲਾਤ ਅਤੇ ਸਰੋਕਾਰ' ਜਿਹੇ ਵਿਸ਼ਿਆਂ 'ਤੇ ਵਿਦਵਾਨਾਂ ਨੇ ਚਰਚਾ ਕੀਤੀ। ਕਾਨਫਰੰਸ ਦੇ ਆਖ਼ਰੀ ਦਿਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਕਾਸ ਦੀ ਗਤੀ ਦੇ ਮਾਮਲੇ ਵਿੱਚ ਪੰਜਾਬ ਦੇਸ਼ ਭਰ ਦੇ ਹਰ ਸੂਬੇ ਤੋਂ ਪੱਛੜ ਗਿਆ ਹੈ। ਪੰਜਾਬ ਤੋਂ ਵੱਖ ਹੋਏ ਗੁਆਂਢੀ ਸੂਬੇ ਵੀ ਵਿਕਾਸ ਦੇ ਮਾਮਲੇ ਵਿੱਚ ਪੰਜਾਬ ਨੂੰ ਮਾਤ ਪਾ ਗਏ ਹਨ।"

ਉਨ੍ਹਾਂ ਆਖਿਆ ਕਿ 1966 ਵਿੱਚ ਪੰਜਾਬ ਤੋਂ ਵੱਖ ਹੋਏ ਹਰਿਆਣਾ ਅਤੇ ਹਿਮਾਚਲ ਪੰਜਾਬ ਤੋਂ ਅੱਗੇ ਲੰਘ ਗਏ ਹਨ। ਪੰਜਾਬ ਵਿੱਚ ਵਿਕਾਸ ਦੀ ਰਫ਼ਤਾਰ ਸਭ ਤੋਂ ਹੌਲੀ ਹੈ। ਦੇਸ਼ ਦੇ ਬਾਕੀ ਸੂਬੇ ਪੰਜਾਬ ਤੋਂ ਤੇਜ਼ੀ ਗਤੀ ਨਾਲ ਵਿਕਾਸ ਕਰ ਰਹੇ ਹਨ। ਵਿੱਤ ਮੰਤਰੀ ਨੇ ਦੱਸਿਆ ਕਿ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੀ ਜੀਡੀਪੀ ਅਤੇ ਪ੍ਰਤੀ ਵਿਅਕਤੀ ਆਮਦਨ ਵੀ ਪੰਜਾਬ ਨਾਲੋਂ ਵੱਧ ਹੈ। ਸ੍ਰੀ ਬਾਦਲ ਨੇ ਆਖਿਆ ਕਿ ਜਿਹੜੇ ਮਦਰਾਸੀ ਅਤੇ ਗੁਜਰਾਤੀ ਕਦੇ ਗਿਣਤੀ ਵਿੱਚ ਨਹੀਂ ਹੁੰਦੇ ਸਨ, ਅੱਜ ਮੱਤਾਂ ਦੇ ਰਹੇ ਹਨ। ਪੰਜਾਬ ਦਾ ਕੋਈ ਮੰਤਰੀ ਜਦੋਂ ਮੀਟਿੰਗਾਂ ਵਿੱਚ ਜਾਂਦਾ ਹੈ ਤਾਂ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ, ਕਿਉਂਕਿ ਪੰਜਾਬ ਨਸ਼ਿਆਂ ਵਿੱਚ ਗ੍ਰਸਤ ਹੋ ਗਿਆ ਤੇ ਕਰਜ਼ਈ ਹੋ ਗਿਆ। ਉਨ੍ਹਾਂ ਕਿਹਾ ਕਿ ਦਿੱਲੀ ਨੇ ਕਦੀ ਵੀ ਪੰਜਾਬ ਦੀ ਬਾਂਹ ਨਹੀਂ ਫੜਨੀ, ਇਸ ਵਾਸਤੇ ਪੰਜਾਬ ਨੂੰ ਆਪਣੇ ਪੈਰਾਂ 'ਤੇ ਆਪ ਖੜ੍ਹੇ ਹੋਣਾ ਪਵੇਗਾ। ਪੰਜਾਬ ਦੇ ਹੋਰ ਸੂਬਿਆਂ ਤੋਂ ਪੱਛੜਨ ਦਾ ਦੋਸ਼ ਉਨ੍ਹਾਂ ਮੌਜੂਦਾ ਸਿਆਸਤ ਅਤੇ ਸਿਆਸੀ ਆਗੂਆਂ ਸਿਰ ਮੜ੍ਹਿਆ। ਸ੍ਰੀ ਬਾਦਲ ਨੇ ਕਿਹਾ ਕਿ 1966 ਤੋਂ ਪਹਿਲਾਂ ਦੀ ਸਿਆਸਤ ਅਤੇ ਸਿਆਸੀ ਆਗੂ ਮੌਜੂਦਾ ਪੰਜਾਬ ਦੇ ਆਗੂਆਂ ਨਾਲੋਂ ਚੰਗੇ ਸਨ। ਪੰਜਾਬੀ ਭਾਸ਼ਾ ਨੂੰ ਬਣਦਾ ਮਾਣ-ਸਤਿਕਾਰ ਦੇਣ ਦੀ ਗੱਲ ਵੀ ਉਨ੍ਹਾਂ ਵਿੱਤੀ ਸੰਕਟ ਦੇ ਝੋਲੇ 'ਚ ਸੁੱਟ ਦਿੱਤੀ। ਉਨ੍ਹਾਂ ਆਖਿਆ ਕਿ ਪੰਜਾਬ ਦੀ ਆਰਥਿਕਤਾ ਦਾ ਅਮੀਰ ਹੋਣਾ ਜ਼ਰੂਰੀ ਹੈ। ਆਰਥਿਕਤਾ ਦੇ ਮਜ਼ਬੂਤ ਹੋਣ ਮਗਰੋਂ ਹੋਰਨਾਂ ਸਮੱਸਿਆਵਾਂ ਸਮੇਤ ਇਹ ਸਮੱਸਿਆ ਵੀ ਹੱਲ ਹੋ ਜਾਵੇਗੀ।

ਵਿਸ਼ਵ ਪੰਜਾਬੀ ਕਾਨਫਰੰਸ ਦੇ ਦੂਜੇ ਦਿਨ ਕਈ ਮੁੱਦਿਆਂ 'ਤੇ ਚਰਚਾ ਹੋਈ। ਸ੍ਰੀ ਬਾਦਲ ਇਸ ਕਾਨਫਰੰਸ ਵਿੱਚ 'ਰਾਜਨੀਤਕ ਵਿਚਾਰ' ਸੈਸ਼ਨ 'ਚ ਹਿੱਸਾ ਲੈਣ ਵਾਸਤੇ ਕਾਂਗਰਸ ਪਾਰਟੀ ਵੱਲੋਂ ਪੁੱਜੇ ਸਨ। ਇਹ ਸੈਸ਼ਨ ਹਰ ਪਾਰਟੀ ਦਾ ਪੰਜਾਬ ਦੀਆਂ ਸਮੱਸਿਆਵਾਂ 'ਤੇ ਸਟੈਂਡ ਅਤੇ ਵਚਨਬੱਧਤਾ ਜਾਣਨ ਵਾਸਤੇ ਕਰਵਾਇਆ ਗਿਆ ਸੀ, ਪਰ

**ਬਾਕੀ ਸਫ਼ਾ 33 'ਤੇ**

### ਪੰਜਾਬ ਦੇ 'ਵੱਡੇ ਸਾਹਬਾਂ' ਨੂੰ ਨਹੀਂ ਆਉਂਦੀ ਅੰਗਰੇਜ਼ੀ

ਕਾਨਫਰੰਸ ਮੌਕੇ ਮਨਪ੍ਰੀਤ ਸਿੰਘ ਬਾਦਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਆਈਏਐਸ ਅਫ਼ਸਰਾਂ ਦਾ ਹੱਥ ਅੰਗਰੇਜ਼ੀ 'ਚ ਤੰਗ ਹੈ। ਪੰਜਾਬ ਦੇ ਆਈਏਐਸ ਅਫ਼ਸਰਾਂ ਨੂੰ ਅੰਗਰੇਜ਼ੀ ਵਿੱਚ ਚਿੱਠੀ ਤੱਕ ਨਹੀਂ ਲਿਖਣੀ ਆਉਂਦੀ। ਉਨ੍ਹਾਂ ਆਖਿਆ ਕਿ ਪੰਜਾਬ ਦੇ 1-2 ਅਫ਼ਸਰਾਂ ਨੂੰ ਛੱਡ ਕੇ ਕਿਸੇ ਨੂੰ ਵੀ ਅੰਗਰੇਜ਼ੀ ਵਿੱਚ ਲਿਖਣਾ ਨਹੀਂ ਆਉਂਦਾ। ਸ੍ਰੀ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਜੋ ਚਿੱਠੀਆਂ ਜਾਂ ਮੈਮੋਰੰਡਮ ਭੇਜੇ ਜਾਂਦੇ ਹਨ, ਉਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਸ਼ਰਮ ਨਾਲ ਮੱਥੇ 'ਤੇ ਹੱਥ ਮਾਰਨਾ ਪੈਂਦਾ ਹੈ। ਵਿੱਤ ਮੰਤਰੀ ਨੇ ਆਖਿਆ ਕਿ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਇਹ ਅਫ਼ਸਰ ਆਈਏਐਸ ਅਧਿਕਾਰੀ ਕਿਵੇਂ ਬਣ ਗਏ ?

# 'ਆਧਾਰ' ਨਾਲ ਬੈਂਕ ਖਾਤੇ ਤੇ ਮੋਬਾਇਲ ਸੇਵਾਵਾਂ ਜੋੜਣ ਦਾ ਸਮਾਂ ਵਧਾਇਆ

## ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦੀ ਸਹਿਮਤੀ ਨਾਲ ਦਿੱਤੀ ਆਰਜ਼ੀ ਰਾਹਤ

**ਨਵੀਂ ਦਿੱਲੀ/ਬਿਊਰੋ ਨਿਊਜ਼:**

ਸੁਪਰੀਮ ਕੋਰਟ ਨੇ ਆਧਾਰ ਕਾਰਡ ਨੂੰ ਵੱਖ ਵੱਖ ਸੇਵਾਵਾਂ ਤੇ ਭਲਾਈ ਸਕੀਮਾਂ ਨਾਲ ਲਾਜ਼ਮੀ ਤੌਰ ਉੱਤੇ ਜੋੜਨ ਦੀ ਨਿਰਧਾਰਤ ਸਮਾਂ ਸੀਮਾ ਵਿੱਚ ਵਾਧਾ ਕਰ ਦਿੱਤਾ ਹੈ। ਇਹ ਵਾਧਾ ਇਸ ਮਾਮਲੇ ਵਿੱਚ ਅਦਾਲਤ ਦਾ ਫੈਸਲਾ ਆਉਣ ਤੱਕ ਕੀਤਾ ਗਿਆ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਿੱਚ ਕਾਇਮ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਕੇਂਦਰ ਸਰਕਾਰ ਵੱਲੋਂ ਦਿੱਤੀ ਸਹਿਮਤੀ ਤੋਂ ਬਾਅਦ ਆਧਾਰ ਨੂੰ ਸੇਵਾਵਾਂ ਤੇ ਸਰਕਾਰੀ ਭਲਾਈ ਸਕੀਮਾਂ ਨਾਲ ਲਾਜ਼ਮੀ ਜੋੜਨ ਦੀ ਸਮਾਂ ਸੀਮਾ 31 ਮਾਰਚ, ਨੂੰ ਇਸ ਮਾਮਲੇ ਵਿੱਚ ਅਗਲੇ ਹੁਕਮਾਂ ਤਕ ਵਧਾ ਦੇਣ ਦੇ ਆਦੇਸ਼ ਦਿੱਤੇ ਹਨ। ਇਸ ਮਾਮਲੇ ਵਿੱਚ ਕੇਂਦਰ ਸਰਕਾਰ ਨੇ ਪਹਿਲਾਂ ਹੀ ਅਦਾਲਤ ਵਿੱਚ ਲਿਖਤੀ ਸਹਿਮਤੀ ਦੇ ਦਿੱਤੀ ਸੀ ਕਿ ਉਹ 12 ਹਿੰਦਸਿਆਂ ਦੇ ਕੌਮੀ ਬਾਇਓਮੀਟਰਕ

**ਬਾਕੀ ਸਫ਼ਾ 33 'ਤੇ**

# ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸੁਪਰੀਮ ਕੌਂਸਲ ਲਈ 5 ਮੈਂਬਰਾਂ ਦੀ ਸਰਬ-ਸੰਮਤੀ ਨਾਲ ਚੋਣ

## *ਪੰਥਕ ਮਸਲਿਆਂ ਨੂੰ ਮੁੱਖ ਰੱਖਦਿਆਂ ਸਭ ਧਿਰਾਂ ਹੋਈਆਂ ਇੱਕਮੁੱਠ*



**ਸੈਨਫਰਾਂਸਿਸਕੋ/ਬਿਊਰੋ ਨਿਊਜ਼:**

ਅਮਰੀਕਾ ਦੇ ਉੱਘੇ ਗੁਰਦੁਆਰਾ ਸਾਹਿਬ ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸੁਪਰੀਮ ਕੌਂਸਲ ਲਈ 5 ਮੈਂਬਰਾਂ ਦੀ ਚੋਣ ਸਰਬ-ਸੰਮਤੀ ਨਾਲ ਕਰ ਲਈ ਗਈ ਹੈ। ਇਹ ਸਬੰਧੀ ਪਿਛਲੇ ਕਾਫ਼ੀ ਸਮੇਂ ਤੋਂ ਯਤਨ ਚੱਲ ਰਹੇ ਸਨ। ਗੁਰੂ ਘਰ ਦੇ ਪ੍ਰਬੰਧਾਂ ਦੀ ਜ਼ੁੰਮੇਵਾਰੀ ਨਿਭਾਅ ਰਹੀ ਸਿੱਖ ਪੰਚਾਇਤ ਅਤੇ ਹੋਰਨਾਂ ਧਿਰਾਂ ਦੇ ਨੁਮਾਇੰਦਿਆਂ ਦੀ ਸ਼ਮੂਲੀਅਤ ਵਾਲੀਆਂ ਦੋ-ਤਿੰਨ ਮੀਟਿੰਗਾਂ ਤੋਂ ਬਾਅਦ 11 ਮਾਰਚ ਐਤਵਾਰ ਨੂੰ ਸਮੂਹ ਸਾਧ ਸੰਗਤ ਦੀਆਂ ਭਾਵਨਾਵਾਂ ਅਤੇ ਆਪਸੀ ਏਕੇ ਨੂੰ ਧਿਆਨ ਵਿੱਚ ਰਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਵਿੱਚ ਗੁਰੂ ਘਰ ਵਿਖੇ ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਹਰਿੰਦਰਪਾਲ ਸਿੰਘ, ਹਰਮਿੰਦਰਪਾਲ ਸਿੰਘ ਸੋਢੀ, ਭਾਈ ਕੁਲਜੀਤ ਸਿੰਘ, ਬੀਬੀ ਅਰਵਿੰਦਰਜੀਤ ਕੌਰ, ਪੰਜ ਮੈਬਰਾਂ ਨੂੰ ਸਿਰੋਪਾਉ ਦੇ ਕੇ ਗੁਰੂ ਘਰ ਦਾ ਪ੍ਰਬੰਧ ਚਲਾਉਣ ਲਈ ਸੰਗਤ ਵੱਲੋ ਸੇਵਾ ਦਿੱਤੀ ਗਈ। ਇਹ ਪੰਜ ਸੇਵਾਦਾਰ ਪਹਿਲੀ ਅਪਰੈਲ ਤੋਂ ਬਾਅਦ ਗੁਰਦੁਆਰਾ ਸਾਹਿਬ ਦੀ ਨਵੀਂ ਪ੍ਰਬੰਧਕ ਕਮੇਟੀ ਲਈ ਅਹੁਦੇਦਾਰਾਂ ਦੀ ਨਿਯੁਕਤੀ ਕਰਕੇ ਉਨ੍ਹਾਂ ਨੂੰ ਵੱਖ ਵੱਖ ਕਾਰਜਾਂ ਦੀ ਸੇਵਾ ਨਿਭਾਉਣ ਦੀ ਜ਼ੁੰਮੇਵਾਰੀ ਲਾਉਣਗੇ।

ਇਸ ਸਬੰਧੀ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਅਨੁਸਾਰ ਲੰਘ ਰਹੇ ਸਮੇ ਵਿੱਚ ਸਿੱਖ ਕੌਮ ਨੂੰ ਬਹੁਤ ਵੱਡੀਆਂ ਦਰਪੇਸ਼ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੁਸ਼ਮਣ ਕਈ ਢੰਗਾਂ ਨਾਲ ਸਾਡੇ ਵਿੱਚ ਪ੍ਰਵੇਸ਼ ਕਰ ਚੁੱਕਾ ਹੈ, ਉਸ ਨੂੰ ਮਾਤ

**ਬਾਕੀ ਸਫ਼ਾ 33 'ਤੇ**

## ਮਹਾਨ ਵਿਗਿਆਨੀ ਸਟੀਫਨ ਹਾਕਿੰਗ ਨਹੀਂ ਰਹੇ

**ਨਵੀਂ ਦਿੱਲੀ/ਬਿਊਰੋ ਨਿਊਜ਼:** ਵਿਸ਼ਵ ਪ੍ਰਸਿੱਧ ਤੇ ਮਹਾਨ ਬ੍ਰਿਟਿਸ਼ ਵਿਗਿਆਨੀ ਸਟੀਫਨ ਹਾਕਿੰਗ ਦਾ 76 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ ਹੈ। ਉਹ ਵਿਸ਼ਵ ਪ੍ਰਸਿੱਧ ਕਿਤਾਬ 'ਏ ਬਰੀਫ ਹਿਸਟਰੀ ਆਫ ਟਾਈਮ' ਦੇ ਲੇਖਕ ਸਨ। ਉਨ੍ਹਾਂ ਨੇ ਬਲੈਕ ਹਾਲਸ 'ਤੇ ਅਸਾਧਾਰਨ ਖੋਜ ਕੀਤੀ ਸੀ। ਹਾਕਿੰਗ ਵ੍ਹੀਲਚੇਅਰ 'ਤੇ ਹੀ ਰਹਿੰਦੇ ਸਨ। ਵਿਗਿਆਨੀ ਸਟੀਫਨ ਹਾਕਿੰਗ ਨੇ ਕਿਹਾ ਸੀ ਕਿ 21 ਸਾਲ ਦੀ ਉਮਰ ਵਿਚ ਡਾਕਟਰਾਂ ਨੇ ਉਨ੍ਹਾਂ ਨੂੰ 'ਮੋਟਰ ਨਿਊਰੋਨ' ਨਾਮਕ ਲਾਇਲਾਜ ਬਿਮਾਰੀ ਬਾਰੇ ਦੱਸਿਆ ਸੀ।



## ਟਰੰਪ ਵਲੋਂ ਵਿਦੇਸ਼ ਮੰਤਰੀ ਦੀ ਛੁੱਟੀ

**ਵਾਸ਼ਿੰਗਟਨ/ਬਿਊਰੋ ਨਿਊਜ਼,** ਅਮਰੀਕੀ ਰਾਸ਼ਟਰਪਤੀ ਨੇ ਆਪਣੇ ਵਿਦੇਸ਼ ਮੰਤਰੀ ਰੈੱਕਸ ਟਿੱਲਰਸਨ ਨੂੰ ਅਹੁਦੇ ਤੋਂ ਹਟਾ ਕੇ ਉਸ ਦੀ ਥਾਂ ਸੀਆਈਏ ਮੁਖੀ ਮਾਈਕ ਪੌਂਪੀਓ ਨੂੰ ਨਿਯੁਕਤ ਕਰ ਦਿੱਤਾ ਹੈ। ਟਰੰਪ ਨੇ ਗਿਨਾ ਹਾਸਪੇਲ ਨੂੰ ਸੀਆਈਏ ਦਾ ਮੁਖੀ ਨਿਯੁਕਤ ਕਰਨ ਦਾ ਐਲਾਨ ਵੀ ਕੀਤਾ ਹੈ।



















# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

# ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**

## ਨਾਨਕਸ਼ਾਹੀ ਕੈਲੰਡਰ ਸੰਮਤ 550 ਦੇ ਆਰੰਭ ਦੀ ਸਮੂੰਹ ਸਿੱਖ ਜਗਤ ਨੂੰ ਲੱਖ ਲੱਖ ਵਧਾਈ

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਾਲ 1998 ਵਿੱਚ ਪ੍ਰਵਾਨਤ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵੇ ਸਾਲ ਦਾ ਆਰੰਭ ਚੇਤਰ 1 (ਮਾਰਚ 14) ਦਾ ਬਣਦਾ ਹੈ।**

ਸੱਤਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੂ ਹਰਿਰਾਏ ਸਾਹਿਬ ਜੀ ਨੂੰ ਇਸੇ ਦਿਨ (1 ਚੇਤਰ) ਨੂੰ ਗੁਰਿਆਈ ਪ੍ਰਾਪਤ ਹੋਈ ਸੀ ।ਇਸੇ ਨੂੰ ਮੁੱਖ ਰੱਖਦੇ ਹੋਏ ਇਸ ਦਿਨ ਨੂੰ ਦੁਨੀਆਂ ਭਰ ਵਿੱਚ ਸਿੱਖ ਵਾਤਾਵਰਣ ਦਿਵਸ (Sikh Environment Day) ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਵੀ ਇਸ ਦਿਨ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਸ ਦਿਨ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਹੋਲਾ ਮੁਹੱਲਾ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਸੀ। ਸਮੂੰਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਮਾਰਚ 14, 2018 (1 ਚੇਤਰ) ਦਿਨ ਬੁੱਧਵਾਰ ਸ਼ਾਮ ਦੇ ਦੀਵਾਨ ਅਤੇ ਐਤਵਾਰ ਮਾਰਚ 18, 2018 ਦੇ ਵਿਸ਼ੇਸ ਦੀਵਾਨਾਂ ਵਿਚ ਵੱਧ ਤੋਂ ਵੱਧ ਹਾਜਰੀਆਂ ਭਰ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

SIKH Religious Society
PALATINE GURDWARA

**ਦਾਸਰੇ : ਸਿੱਖ ਰਿਲੀਜਿਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ**

Website: www.srschicago.org Email: contactus@srschicago.org

# Travel for Less Inc.



SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

## Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية

BBB IATAN

8th time in a row
2016 Best of Fremont Award



CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# ਪੀ.ਸੀ.ਐਸ. ਸੈਕਰਾਮੈਂਟੋ ਵਲੋਂ 29ਵਾਂ ਵਿਸਾਖੀ ਮੇਲਾ 5 ਮਈ ਨੂੰ



**ਸੈਕਰਾਮੈਂਟੋ/ਬਿਊਰੋ ਨਿਊਜ਼:**
ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ 29ਵਾਂ ਵਿਸਾਖੀ ਮੇਲਾ 5 ਮਈ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 3:00 ਵਜੇ ਸ਼ੈਲਡਨ ਹਾਈ ਸਕੂਲ (Sheldon High School) ਵਿਖੇ ਕਰਵਾਇਆ ਜਾਵੇਗਾ। ਇਹ ਫੈਸਲਾ ਸੁਸਾਇਟੀ ਦੇ ਅਹੁਦੇਦਾਰਾਂ ਅਤੇ ਸਰਗਰਮ ਮੈਂਬਰਾਂ ਦੀ ਮੇਲੇ ਦੇ ਸਬੰਧ ਵਿਚ ਵਿਚਾਰ ਵਟਾਂਦਰਾ ਕਰਨ ਲਈ ਹੈਡ ਮਾਸਟਰ ਮੱਖਣ ਸਿੰਘ ਦੀ ਪ੍ਰਧਾਨਗੀ ਹੇਠ 10 ਮਾਰਚ 2018 ਨੂੰ ਮਾਊਂਟ ਮਾਈਕ ਪੀਜਾ ਵਿਖੇ ਹੋਈ ਮੀਟਿੰਗ ਵਿੱਚ ਕੀਤਾ ਗਿਆ। ਮੇਲੇ ਦੀ ਤਾਰੀਖ ਦਾ ਮਤਾ ਸਰਬਸੰਮਤੀ ਨਾਲ ਪਾਸ ਕਰਨ ਬਾਅਦ ਮੇਲੇ ਨੂੰ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ ਸੁਝਾਅ ਮੰਗੇ ਗਏ।

ਇਸ ਇੱਕ ਰੋਜ਼ਾ ਮੇਲੇ 'ਚ ਗਿੱਧਾ, ਭੰਗੜਾ, ਗੀਤ-ਸੰਗੀਤ ਅਤੇ ਸਕਿਟ ਪੇਸ਼ ਕੀਤੇ ਜਾਣਗੇ। ਮੇਲੇ ਵਿਚ ਉੱਘੀਆਂ ਸਖ਼ਸ਼ੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਸਟੇਜ ਸਕੱਤਰ ਦਾ ਕੰਮ ਜਸਵੰਤ ਸਿੰਘ ਸ਼ਾਦ ਕਰਨਗੇ। ਅਖ਼ੀਰ ਵਿਚ ਸੁਸਾਇਟੀ ਦੇ ਫਾਊਂਡਰ ਰਸ਼ਪਾਲ ਸਿੰਘ ਫਰਵਾਲਾ ਨੇ ਆਏ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਕਿ ਪਿਛਲੇ ਸਾਲਾਂ ਵਾਂਗ ਇਸ ਮੇਲੇ 'ਚ ਪਹੁੰਚ ਕੇ ਪੰਜਾਬੀ ਸਭਿਆਚਾਰ ਦੀ ਪੇਸ਼ਗੀ ਦਾ ਅਨੰਦ ਮਾਣਨ ਅਤੇ ਕਲਾਕਾਰਾਂ ਦੀ ਹੌਂਸਲਾ ਅਫ਼ਜਾਈ ਕਰਨ। ਉਨ੍ਹਾਂ ਦਸਿਆ ਕਿ ਮੇਲੇ ਦੀ ਕੋਈ ਫੀਸ ਨਹੀਂ ਰੱਖੀ ਗਈ। ਸਕਿਊਰਿਟੀ ਦਾ ਬਹੁਤ ਹੀ ਵਧੀਆ ਪ੍ਰਬੰਧ ਹੁੰਦਾ ਹੈ।

ਮੀਟਿੰਗ ਵਿਚ ਹਾਜਰ ਮੈਂਬਰਾਂ ਭੀਲੀ ਸਿੰਘ ਸੰਧੂ, ਸੁਖਰਾਜ ਔਲਖ, ਅਮਰੀਕ ਪਰਹਾਰ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਅਜੈਬ ਕਾਹਲੋਂ, ਦੇਬੀ ਗਿੱਲ, ਜਸਵੰਤ ਸ਼ਾਦ, ਵਰਿੰਦਰ ਸੰਘੇੜਾ, ਕਮਲ ਬੰਗਾ, ਅਵਤਾਰ ਡੌਡ, ਯਾਦਵਿੰਦਰ ਗਿੱਲ, ਬਖਸ਼ੀਸ਼ ਗਿੱਲ, ਵਿਜੇ ਪਰਹਾਰ, ਰਾਜ ਬਰਾੜ, ਬਲਦੇਵ ਗਰੇਵਾਲ, ਗੁਰਪਾਲ ਤੱਖਰ, ਮਾਧੋ ਚਾਹਲ, ਮੱਖਣ ਸਿੰਘ, ਰਸ਼ਪਾਲ ਫਰਵਾਲਾ ਅਤੇ ਕੈਵਨ ਗਿੱਲ ਸ਼ਾਮਲ ਸਨ। ਵਰਨਣਯੋਗ ਹੈ ਕਿ ਪੰਜਾਬੀ ਕਲਚਰਲ ਸੁਸਾਇਟੀ ਸਾਲ ਵਿਚ ਦੋ ਸਭਿਆਚਾਰਕ ਮੇਲੇ ਕਰਵਾਉਂਦੀ ਹੈ। ਇਕ ਵਿਸਾਖੀ ਅਤੇ ਦੂਜੀ ਤੀਆਂ ਦਾ। ਸੁਸਾਇਟੀ ਦੇ ਪ੍ਰਬੰਧਕਾਂ ਦੇ ਦਸਣ ਅਨੁਸਾਰ ਉਨ੍ਹਾਂ ਦਾ ਇਕੋ ਹੀ ਮਸਕਦ ਹੈ ਕਿ ਭਾਵੇਂ ਅਸੀਂ ਹਜ਼ਾਰਾਂ ਮੀਲ ਦੂਰ ਆਪਣੀ ਧਰਤੀ ਤੋਂ ਬੈਠੇ ਹਾਂ ਪਰ ਅਸੀਂ ਆਪਣੇ ਬੱਚਿਆਂ ਨੂੰ ਇਥੋਂ ਦੀ ਕਮਿਊਨਿਟੀ ਨੂੰ ਆਪਣੇ ਵਿਰਸੇ ਅਤੇ ਸਭਿਆਚਾਰ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਾਂ।

# ਜੀ. ਐਚ. ਜੀ. ਅਕੈਡਮੀ ਵੱਲੋਂ ਵਿਰਾਸਤੀ ਖੇਡਾਂ ਤੇ ਫੈਮਲੀ ਪਿਕਨਿਕ ਦਾ ਲਾਇਆ ਗਿਆ ਖੁੱਲਾ ਮੇਲਾ

## ਪੰਜਾਬੀ ਸਭਿਆਚਾਰ ਦੀ ਅਸਲੀ ਪੇਸ਼ਕਾਰੀ ਨੇ ਸਭਨਾਂ ਦਾ ਮਨ ਮੋਹਿਆ

**ਫਰਿਜ਼ਨੋ (ਕੁਲਵੰਤ ਧਾਲੀਆਂ ਨੀਟਾ ਮਾਛੀਕੇ):**
ਸ਼ੈਂਟਰਲ ਵੈਲੀ ਫਰਿਜ਼ਨੋ ਵਿਖੇ ਜੀ ਐਚ ਜੀ ਅਕੈਡਮੀ ਵੱਲੋਂ ਸਮੂੰਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 'ਜਸਵੰਤ ਸਿੰਘ ਖਾਲੜਾ' ਪਾਰਕ ਵਿੱਚ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ ਦਾ ਆਗਾਜ਼ ਕੀਤਾ ਗਿਆ। ਇਸ ਦਾ ਮਹੌਲ ਅਸਲੀ ਪੰਜਾਬੀ ਮੇਲੇ ਦੀ ਤਰ੍ਹਾਂ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰ ਰਿਹਾ ਸੀ ਅਤੇ ਪੰਜਾਬੀ ਸਭਿਆਚਾਰ ਦੀ ਅਸਲੀ ਪੇਸ਼ਕਾਰੀ ਵਾਲੇ ਮਾਹੌਲ ਨੇ ਸਭਨਾਂ ਦਾ ਮਨ ਮੋਹਿਆ.

ਮੇਲੇ ਵਿੱਚ ਬੱਚਿਆਂ ਵੱਲੋਂ ਪੰਜਾਬੀ ਵਿਰਾਸਤੀ ਖੇਡਾਂ ਜਿੰਨ੍ਹਾਂ ਵਿੱਚ ਘੋੜਾ ਕਬੱਡੀ, ਪਿੱਠੂ, ਕੋਟਲਾ ਛਪਾਕੀ, ਸਟਾਪੂ, ਬੰਟੇ, ਨਿੰਬੂ ਰੇਸ, ਗੁੱਲੀ ਡੰਡਾ, ਰੁਮਾਲ ਚੁੱਕਣਾ, ਬਾਂਦਰ-ਕੀਲਾ, ਖੋ-ਖੋ, ਬੋਲੀਆਂ ਮੁਕਾਬਲਾ, ਤਾਸ ਦੀ ਖੇਡ ਅਤੇ ਹੋਰ ਖੇਡਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਬਾਬਿਆਂ ਦੇ ਗਰੁੱਪਾਂ ਨੇ ਵੀ ਤਾਸ਼ ਦੀ ਸੀਪ ਖੇਡ ਦੇ ਮੁਕਾਬਲੇ ਦਿਖਾਏ। ਇਸੇ ਦੌਰਾਨ ਔਰਤਾਂ ਨੇ ਵੀ ਚਾਟੀ ਰੇਸ, ਮਿਊਜ਼ੀਕਲ ਚੇਅਰ, ਗੀਤ ਅਤੇ ਬੋਲੀਆਂ ਮੁਕਾਬਲੇ ਕਰਕੇ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ। ਇਸ ਰੰਗੀਨ ਮਹੌਲ ਵਿੱਚ ਬੱਚੇ ਵਿਰਾਸਤੀ ਖੇਡਾਂ ਸਿੱਖਣ ਅਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨ ਲਈ ਬਹੁਤ ਦਿਲਚਸਪੀ ਦਿਖਾ ਰਹੇ ਸਨ।

ਇਸੇ ਦੌਰਾਨ 17 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਦੇ ਬਾਸਕਟਬਾਲ ਮੁਕਾਬਲੇ ਵੀ ਕਰਵਾਏ ਗਏ। ਛੋਟੇ ਬੱਚਿਆਂ ਲਈ ਸਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸਾਹਿਤ ਕੀਤਾ ਗਿਆ। ਇਸ ਮੇਲੇ ਵਿਚ ਬੱਚਿਆਂ ਦਾ ਗਿੱਧਾ-ਭੰਗੜਾ ਅਤੇ ਹੋਰ ਬਹੁਤ ਗੀਤ-ਸੰਗੀਤ ਮੰਨੋਰੰਜਨ ਦਾ ਸਾਧਨ ਬਣੇ। ਚੰਗੀ ਸਿਹਤ ਲਈ ਡਾ. ਅਜੀਤ ਸਿੰਘ ਖਹਿਰਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਮੁਫ਼ਤ ਡਾਕਟਰੀ ਕੈਂਪ ਲਾਇਆ ਗਿਆ ਸੀ। ਪਿਕਨਿਕ ਅਤੇ ਵਿਰਾਸਤੀ ਖੇਡ ਮੇਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਮਾਣ-ਸਨਮਾਨ ਵੀ ਕੀਤਾ ਗਿਆ।



ਮੁਫ਼ਤ ਡਾਕਟਰੀ ਕੈਂਪ ਦੀਆ ਸੇਵਾਵਾਂ ਨਿਭਾਉਣ ਵਾਲੇ ਡਾ. ਅਜੀਤ ਸਿੰਘ ਖਹਿਰਾ ਦਾ ਸਨਮਾਨ ਕਰਦੇ ਪ੍ਰਬੰਧਕ।

ਵਿਰਾਸਤੀ ਖੇਡਾਂ ਤੋਂ ਇਲਾਵਾ ਬੱਚਿਆਂ ਦੇ ਕਰਵਾਏ ਗਏ ਬਾਸਕਟਬਾਲ ਮੁਕਾਬਲੇ ਵਿੱਚ ਫਾਊਲਰ ਦੀ ਟੀਮ ਪਹਿਲੇ ਅਤੇ ਸੈਲਮਾਂ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਸਾਕਰ ਵਿੱਚ ਪਹਿਲੇ ਸਥਾਨ 'ਤੇ ਗੋਲਡਨ ਈਗਲ ਅਤੇ ਦੂਸਰੇ ਸਥਾਨ 'ਤੇ ਵੈਰੀਅਰ ਗਰੁੱਪ ਦੀ ਟੀਮ ਰਹੀ। ਟੰਗ ਵਾਰ ਵਿੱਚ ਪਹਿਲਾ ਸਥਾਨ ਸ਼ਹੀਦ ਊਧਮ ਸਿੰਘ ਕਲੱਬ ਅਤੇ ਦੂਸਰਾ ਸਥਾਨ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੇ ਹਾਸਲ ਕੀਤਾ। ਘੋੜਾ ਕਬੱਡੀ ਵਿੱਚ ਜੀ. ਐਚ. ਜੀ. ਅਕੈਡਮੀ ਦੀਆਂ ਟੀਮਾਂ ਨੇ ਸਾਨਦਾਰ ਪ੍ਰਦਰਸ਼ਨ ਕੀਤਾ। ਹਾਕੀ ਫਰਿਜ਼ਨੋ ਫੀਲਡ ਪਹਿਲੇ ਅਤੇ ਹਾਕੀ ਕਲੱਬ ਦੂਸਰੇ ਸਥਾਨ 'ਤੇ ਰਹੇ।

ਮੇਲੇ ਦੌਰਾਨ ਸਾਰਾ ਸਮਾਂ ਚਾਹ-ਪਾਣੀ, ਪਕੌੜੇ, ਤਾਜਾ ਜਲੇਬੀਆਂ ਅਤੇ ਛੋਲੇ-ਭਟੂਰੇ ਦੇ ਲੰਗਰਾਂ ਦਾ ਖੁੱਲਾ ਪ੍ਰਬੰਧ ਸੀ।

ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਪਰਮਜੀਤ ਧਾਲੀਵਾਲ, ਊਦੈਦੀਪ ਸਿੰਘ ਸਿੱਧੂ, ਜੀ. ਐਚ. ਜੀ. ਅਕੈਡਮੀ ਦੀ ਸਮੁੱਚੀ ਟੀਮ ਅਤੇ ਸਮੂੰਹ ਪੰਜਾਬੀ ਭਾਈਚਾਰੇ ਦਾ ਭਰਪੂਰ ਸਹਿਯੋਗ ਰਿਹਾ।




## ਗਿੱਲ ਪਰਿਵਾਰ ਨੂੰ ਅਸਹਿ ਸਦਮਾ ਪੁੱਜਾ

### ਬੀਬੀ ਦਰਸ਼ਨ ਕੌਰ ਜੀ ਦਾ ਅਕਾਲ ਚਲਾਣਾ

***ਸਸਕਾਰ ਤੇ ਅੰਤਮ ਅਰਦਾਸ 17 ਮਾਰਚ ਸ਼ਨਿਚਰਵਾਰ ਨੂੰ***

**ਫਰੀਮੌਂਟ/ਬਿਊਰੋ ਨਿਊਜ਼:** ਬੇਏਰੀਆ ਵਿਚਲੇ ਸਿੱਖ ਭਾਈਚਾਰੇ ਦੇ ਉੱਘੇ ਗਿੱਲ ਪਰਿਵਾਰ ਦਾ ਥੰਮ ਸਰਦਾਰਨੀ ਦਰਸ਼ਨ ਕੌਰ ਜੀ ਗਿੱਲ ਦੇ ਅਕਾਲ ਚਲਾਣੇ ਕਾਰਨ ਸਮੁੱਚੇ ਗਿੱਪਰਿਵਾਰ ਨੂੰ ਅਸਹਿ ਸਦਮਾ ਪੁੱਜਾ ਹੈ। ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਰਸੂਲਪੁਰ ਪਿੰਡ ਵਿੱਚ ਜਨਮੇ ਬੀਬੀ ਦਰਸ਼ਨ ਕੌਰ ਦਾ ਵਿਆਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਚੱਕੋਵਾਲ



ਬ੍ਰਾਮਣਾਂ ਪਿੰਡ ਦੇ ਕਰਨੈਲ ਸਿੰਘ ਨਾਲ ਗਏ ਸਨ। ਸੰਨ 1995 ਵਿੱਚ ਅਮਰੀਕਾ ਆਏ ਬੀਬੀ ਦਰਸ਼ਨ ਕੌਰ ਜੀ ਨੇ ਅਪਣੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿੱਚ 9 ਮਾਰਚ ਸ਼ੁਕਰਵਾਰ ਨੂੰ ਆਖ਼ਰੀ ਸਾਹ ਲਿਆ।

ਗੁਰੂ ਨੂੰ ਪੂਰੀ ਤਰ੍ਹਾਂ ਪ੍ਰਣਾਏ ਬੀਬੀ ਜੀ ਅੰਮ੍ਰਿਤਧਾਰੀ ਹੋਣ ਦੇ ਨਾਲ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਸਰਗਰਮ ਮੈਂਬਰ ਵਜੋਂ ਅਹਿਮ ਸੇਵਾ ਨਿਭਾਉਂਦੇ ਸਨ। ਕੇਵਲ ਪਰਿਵਾਰ ਤੇ ਸਕੇ ਸਬੰਧੀਆਂ ਵਿੱਚ ਹੀ ਨਹੀਂ ਬਲਕਿ ਸਮੁੱਚੀ ਸੰਗਤ ਵਿੱਚ ਬੀਬੀ ਜੀ ਬਹੁਤ ਪਿਆਰੇ ਤੇ ਸਤਿਕਾਰੇ ਜਾਂਦੇ ਸਨ।

ਉਹ ਅਪਣੇ ਪਿੱਛੇ ਪਤੀ ਸ. ਕਰਨੈਲ ਸਿੰਘ ਗਿੱਲ, ਪੁੱਤਰ ਮਨਜੀਤ ਸਿੰਘ ਗਿੱਲ, ਧੀਆਂ ਗੁਰਜੀਤ ਕੌਰ, ਪਰਮਜੀਤ ਕੌਰ, ਰਣਜੀਤ ਕੌਰ ਤੇ ਕਰਮਜੀਤ ਕੌਰ ਤੋਂ ਇਲਾਵਾ ਜੁਆਈਆਂ ਗੁਲਜਿੰਦਰ ਸਿੰਘ ਧਾਮੀ, ਜਗਪਾਲ ਖੱਖ ਤੇ ਕਰਮਜੀਤ ਸੋਹਦ ਸਮੇਤ ਭਰਿਆ ਪਰਿਵਾਰ ਛੱਡ ਗਏ ਹਨ। ਬੀਬੀ ਦਰਸ਼ਨ ਦਰਸ਼ਨ ਕੌਰ ਦਾ ਸਸਕਾਰ 17 ਮਾਰਚ ਸ਼ਨਿਚਰਵਾਰ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਚੈਪਲ ਆਫ਼ ਚਾਈਮਜ਼ ਹੇਵਰਡ (Chapel of Chimes 32992 Mission Blvd Hayward, Ca 94544) ਵਿਖੇ ਹੋਵੇਗਾ। ਉਸਤੋਂ ਬਾਅਦ ਉਨ੍ਹਾਂ ਨਮਿੱਤ ਪਾਠ ਦਾ ਭੋਗ ਤੇ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਫਰੀਮੌਂਟ (Gurdwara Sahib 300 Gurdwara Rd Fremont, Ca 94536) ਵਿਖੇ ਹੋਵੇਗੀ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਫੋਨ : ਮਨਜੀਤ ਸਿੰਘ ਗਿੱਲ (510-415-2368), ਸ. ਕਰਨੈਲ ਸਿੰਘ ਗਿੱਲ (510-355-6230), ਗੁਲਜਿੰਦਰ ਸਿੰਘ ਧਾਮੀ (510-990-7018,), ਜਗਪਾਲ ਖੱਖ (510-750-3335) ਤੇ ਕਰਮਜੀਤ ਸੋਹਦ (510-943-8619)

## ਲੰਗਰ ਤੇ ਪ੍ਰਸ਼ਾਦ ਨੂੰ ਜੀਐੱਸਟੀ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਬਾਰੇ ਸ਼੍ਰੋਮਣੀ ਕਮੇਟੀ ਭੰਬਲਭੂਸੇ ਵਿੱਚ

**ਬਠਿੰਡਾ/ਬਿਊਰੋ ਨਿਊਜ਼**,ਕੇਂਦਰੀ ਵਿੱਤ ਮੰਤਰਾਲੇ ਨੇ ਧਾਰਮਿਕ ਸਥਾਨਾਂ 'ਤੇ ਵਰਤਾਏ ਜਾਂਦੇ ਲੰਗਰ ਅਤੇ ਪ੍ਰਸ਼ਾਦ ਨੂੰ ਜੀਐੱਸਟੀ ਤੋਂ ਮੁਕੰਮਲ ਛੋਟ ਦੇ ਦਿੱਤੀ ਹੈ ਜਦੋਂ ਕਿ ਸ਼੍ਰੋਮਣੀ ਕਮੇਟੀ ਭੰਬਲਭੂਸੇ ਵਿੱਚ ਫਸੀ ਹੋਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਪੱਤਰ ਲਿਖਿਆ ਜਾ ਚੁੱਕਿਆ ਹੈ ਕਿ ਲੰਗਰ ਤੇ ਪ੍ਰਸ਼ਾਦ ਨੂੰ ਜੀਐੱਸਟੀ ਤੋਂ ਮੁਕਤ ਕੀਤਾ ਜਾਵੇ। ਇਵੇਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਲਿਖ ਚੁੱਕੇ ਹਨ ਜਦੋਂਕਿ ਸ਼੍ਰੋਮਣੀ ਕਮੇਟੀ ਨੇ ਤਾਂ ਕਈ ਯਾਦ ਪੱਤਰ ਇਸ ਮਾਮਲੇ 'ਤੇ ਕੇਂਦਰ ਸਰਕਾਰ ਨੂੰ ਭੇਜੇ ਹਨ।

ਕੇਂਦਰੀ ਵਿੱਤ ਮੰਤਰਾਲੇ ਦੇ ਤਾਜ਼ਾ ਲਿਖਤੀ ਵੇਰਵਿਆਂ ਅਨੁਸਾਰ ਮੁਫ਼ਤ ਵਿੱਚ ਵਰਤਾਏ ਜਾਂਦੇ ਲੰਗਰ ਅਤੇ ਪ੍ਰਸ਼ਾਦ 'ਤੇ ਜੀਐੱਸਟੀ ਲਾਗੂ ਨਹੀਂ ਹੁੰਦਾ ਹੈ। ਵਿੱਤ ਮੰਤਰਾਲੇ ਨੇ ਆਖਿਆ ਹੈ ਕਿ ਚੈਰੀਟੇਬਲ ਟਰੱਸਟਾਂ ਅਤੇ ਧਾਰਮਿਕ ਸਥਾਨਾਂ, ਜਿਨ੍ਹਾਂ ਵੱਲੋਂ ਮੰਦਰਾਂ ਅਤੇ ਗੁਰਦੁਆਰਿਆਂ ਵਿੱਚ ਮੁਫ਼ਤ ਲੰਗਰ/ਪ੍ਰਸ਼ਾਦ ਵਰਤਾਇਆ ਜਾਂਦਾ ਹੈ, ਨੂੰ ਜੀਐੱਸਟੀ ਕਾਰਨ ਉਤਪਾਦ ਖ਼ਰੀਦਣ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਹੋ ਰਹੀ ਹੈ। ਮੰਤਰਾਲੇ ਨੇ ਲਿਖਿਆ ਹੈ ਕਿ ਅਸਲ ਵਿੱਚ ਜੀਐੱਸਟੀ ਅਜਿਹੇ ਉਤਪਾਦਾਂ 'ਤੇ ਲਾਗੂ ਨਹੀਂ ਹੁੰਦਾ, ਜਿਨ੍ਹਾਂ ਦੀ ਵੰਡ ਮੁਫ਼ਤ ਵਿੱਚ ਕੀਤੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਲੰਘੇ ਸੱਤ ਮਹੀਨਿਆਂ ਵਿੱਚ ਲੰਗਰ ਅਤੇ ਪ੍ਰਸ਼ਾਦ ਲਈ 20.17 ਕਰੋੜ ਰੁਪਏ ਦੇ ਉਤਪਾਦਾਂ ਦੀ ਖ਼ਰੀਦ ਕੀਤੀ ਗਈ ਹੈ, ਜਿਨ੍ਹਾਂ 'ਤੇ ਕਰੀਬ ਦੋ ਕਰੋੜ ਰੁਪਏ ਇਕੱਲੇ ਜੀਐੱਸਟੀ ਵਜੋਂ ਤਾਰੇ ਜਾ ਚੁੱਕੇ ਹਨ। ਇਨ੍ਹਾਂ ਉਤਪਾਦਾਂ 'ਤੇ ਜੀਐੱਸਟੀ ਦਰ 5 ਫ਼ੀਸਦੀ ਤੋਂ 18 ਫ਼ੀਸਦੀ ਤੱਕ ਹੈ। ਇਸੇ ਦੌਰਾਨ ਲੰਗਰ 'ਤੇ ਜੀਐੱਸਟੀ ਲਾਗੂ ਹੋਣ ਦੇ ਮਾਮਲੇ ਵਿੱਚ ਤ੍ਰਿਣਮੂਲ ਕਾਂਗਰਸ ਪਾਰਟੀ ਨੇ ਇੱਕ ਦਿਨਾਂ ਭੁੱਖ ਹੜਤਾਲ ਦਾ ਐਲਾਨ ਕਰ ਦਿੱਤਾ ਹੈ। ਤ੍ਰਿਣਮੂਲ ਕਾਂਗਰਸ ਪੰਜਾਬ ਦੇ ਕਨਵੀਨਰ ਮਨਜੀਤ ਸਿੰਘ ਮੋਹਾਲੀ ਅਤੇ ਸੂਬਾਈ ਕਾਰਜਕਾਰਨੀ ਕਮੇਟੀ ਦੇ ਮੈਂਬਰ ਸੁਰਿੰਦਰਪਾਲ ਸੋਮੀ ਤੁੰਗਵਾਲੀਆ ਨੇ ਭਲਕੇ



14 ਮਾਰਚ ਨੂੰ ਤਖ਼ਤ ਦਮਦਮਾ ਸਾਹਿਬ ਦੀ ਡਿਓਢੀ ਨੇੜੇ ਇੱਕ ਰੋਜ਼ਾ ਭੁੱਖ ਹੜਤਾਲ ਕਰਨ ਦਾ ਐਲਾਨ ਕੀਤਾ ਹੈ।

**ਜੇਤਲੀ ਨੂੰ ਸਬੂਤ ਦਿਖਾਵਾਂਗੇ : ਲੌਂਗੋਵਾਲ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਕਹਿਣਾ ਸੀ ਕਿ ਲੰਗਰ ਅਤੇ ਪ੍ਰਸ਼ਾਦ ਵਾਸਤੇ ਖ਼ਰੀਦ ਕੀਤੀ ਜਾਂਦੀ ਸਮੱਗਰੀ 'ਤੇ ਜੀਐੱਸਟੀ ਲੱਗ ਕੇ ਆ ਰਿਹਾ ਹੈ ਅਤੇ ਛੋਟ ਸਬੰਧੀ ਕੋਈ ਵੀ ਸਰਕੁਲਰ ਕੇਂਦਰ ਨੇ ਜਾਰੀ ਨਹੀਂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਅਤੇ ਉਹ ਜਲਦੀ ਹੀ ਸਾਰੇ ਸਬੂਤ ਲੈ ਕੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਮਿਲਣਗੇ। ਜੇਕਰ ਛੋਟ ਹੈ ਤਾਂ ਤਾਰੇ ਗਏ ਜੀਐੱਸਟੀ ਦੀ ਰਾਸ਼ੀ ਸ਼੍ਰੋਮਣੀ ਕਮੇਟੀ ਨੂੰ ਰਿਫੰਡ ਕੀਤੀ ਜਾਵੇ।

## 8 ਹਜ਼ਾਰ ਲੋਕਾਂ ਨੇ ਆਨਲਾਈਨ ਦਸਤਖ਼ਤ ਕਰਕੇ ਕੀਤੀ ਲੰਗਰ ਤੋਂ ਜੀਐੱਸਟੀ ਹਟਾਉਣ ਦੀ ਮੰਗ

**ਜਲੰਧਰ/ਬਿਊਰੋ ਨਿਊਜ਼**, ਸ੍ਰੀ ਦਰਬਾਰ ਸਾਹਿਬ ਵਿੱਚ ਚੱਲਦੇ ਲੰਗਰ ਨੂੰ ਜੀ.ਐੱਸ.ਟੀ. ਤੋਂ ਛੋਟ ਦਿਵਾਉਣ ਲਈ ਆਨਲਾਈਨ ਪਟੀਸ਼ਨ 'ਤੇ ਕਰੀਬ ਅੱਠ ਹਜ਼ਾਰ ਲੋਕਾਂ ਨੇ ਦਸਤਖ਼ਤ ਕੀਤੇ ਹਨ। ਪਟੀਸ਼ਨ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਬਿਨਾਂ ਕਿਸੇ ਵਿਤਕਰੇ ਤੋਂ ਰੋਜ਼ਾਨਾ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਛਕਾਏ ਜਾਂਦੇ ਲੰਗਰ ਤੋਂ ਜੀ.ਐੱਸ.ਟੀ. ਹਟਾਉਣ।

ਪੰਜਾਬ ਕਾਂਗਰਸ ਦੇ ਉਪ ਪ੍ਰਧਾਨ ਹਿਮਾਂਸ਼ੂ ਪਾਠਕ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਤਿੰਨ ਹਫ਼ਤੇ ਪਹਿਲਾਂ ਉਨ੍ਹਾਂ ਨੇ ਇਹ ਪਟੀਸ਼ਨ ਆਨਲਾਈਨ ਪਾਈ ਸੀ, ਜਿਸ ਦਾ ਲੋਕਾਂ ਨੇ ਸਮਰਥਨ ਕਰਦਿਆਂ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਨੂੰ ਜੀ.ਐੱਸ.ਟੀ. ਹਟਾਉਣ ਲਈ ਕਿਹਾ ਹੈ। ਹਿਮਾਂਸ਼ੂ ਪਾਠਕ ਨੇ ਕਿਹਾ ਕਿ ਦਰਬਾਰ ਸਾਹਿਬ ਨੂੰ ਜੀ.ਐੱਸ.ਟੀ. ਨੰਬਰ ਲੈਣ ਲਈ ਦੋ ਕਰੋੜ ਰੁਪਏ ਖਰਚਣੇ ਪਏ ਹਨ ਜਦਕਿ ਦੱਖਣ ਦੇ ਇਸ ਮੰਦਰ ਵਿੱਚ ਪ੍ਰਸ਼ਾਦ ਵੇਚ ਕੇ ਮੁਨਾਫ਼ਾ ਕਮਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜੀ.ਐੱਸ.ਟੀ. ਕੌਂਸਲ ਨੇ ਹੀ ਉਕਤ ਮੰਦਰ ਨੂੰ ਇਹ ਛੋਟ ਦਿੱਤੀ ਸੀ। ਕਾਂਗਰਸੀ ਆਗੂ ਹਿਮਾਂਸ਼ੂ ਪਾਠਕ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਦੋਸ਼ ਲਾਇਆ ਕਿ ਉਨ੍ਹਾਂ ਦੀ ਪਾਰਟੀ ਕੇਂਦਰ ਵਿੱਚ ਭਾਈਵਾਲ ਹੋਣ ਦੇ ਬਾਵਜੂਦ ਦਰਬਾਰ ਸਾਹਿਬ ਦੇ ਲੰਗਰ ਤੋਂ ਜੀ.ਐੱਸ.ਟੀ. ਨੂੰ ਹਟਾਉਣ ਲਈ ਕੋਈ ਕਾਰਵਾਈ ਨਹੀਂ ਕਰਵਾ ਰਹੀ। ਭਾਜਪਾ ਦੇ ਸੂਬਾ ਪ੍ਰਧਾਨ ਅਤੇ ਕੇਂਦਰ ਸਰਕਾਰ ਵਿੱਚ ਪੰਜਾਬ ਦੀ ਨੁਮਾਇੰਦਗੀ ਕਰ ਰਹੇ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਵੀ ਚੁੱਪ ਧਾਰੀ ਬੈਠੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ 2014 ਵਿੱਚ ਅੰਮ੍ਰਿਤਸਰ ਤੋਂ ਮਿਲੀ ਭਾਰੀ ਹਾਰ ਅਜੇ ਵੀ ਰੜਕ ਰਹੀ ਹੈ। ਇਸੇ ਕਰਕੇ ਉਹ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਨੂੰ ਜੀ.ਐੱਸ.ਟੀ. ਤੋਂ ਮੁਕਤ ਨਹੀਂ ਕਰ ਰਹੇ।


Global Solution for Transportation

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਭਧ ਹਨ

**E Trucking Solution**

- Trucking Management Software
- Complete Compliance Management
- Billing
- Dispatch By Phone app
- Accounting
- Maintenance Record

**Global Truck Permits**

- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)



Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address:
4646 Qantas Ln, Ste B14
Stockton CA 95206



Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com



ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

**ਹੋਰ ਸੇਵਾਵਾਂ**

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# JESSIE TAX SERVICES

**We Provide Comprehensive Tax Services**



JASWANT S. JESSIE

Enrolled Agent (EA), NTPI Fellow

**Specializing in:**

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | *By Appointment Only*

**Phone (408) 736-2451 | Fax (408) 736-8626**

Email: jessie@jessietax.com

**www.jessietax.com**


# ਆਪਸੀ ਵਖਰੇਵੇਂ ਦੂਰ ਕਰਕੇ ਇਕ ਨਿਸ਼ਾਨ ਸਾਹਿਬ ਥੱਲੇ ਇਕੱਤਰ ਹੋਣ ਦਾ ਹੰਭਲਾ ਮਾਰਿਆ ਜਾਏ: ਭਾਈ ਭਿਓਰਾ

ਨਵੀਂ ਦਿੱਲੀ /ਮਨਪ੍ਰੀਤ ਸਿੰਘ ਖਾਲਸਾ: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਵਿਚ ਅਹਿਮ ਭੂਮਿਕਾ ਨਿਭਾਓਣ ਵਾਲੇ ਅਤੇ ਉਮਰ ਕੈਦ ਦੀ ਸਜਾ ਭੁਗਤ ਰਹੇ ਭਾਈ ਪਰਮਜੀਤ ਸਿੰਘ ਭਿਓਰਾ ਨਜ਼ਰਬੰਦ ਬੁੜੈਲ ਜੇਲ੍ਹ ਨੇ ਅਪਣੇ ਵੱਡੇ ਭਰਾ ਭਾਈ ਜਰਨੈਲ ਸਿੰਘ ਭਿਓਰਾ ਨਾਲ ਕੀਤੀ ਮੁਲਾਕਾਤ ਵਿਚ ਸਿੱਖ ਕੌਮ ਦੇ ਨਾਮ ਭੇਜੇ ਸੁਨੇਹੇ ਵਿਚ ਕਿਹਾ ਕਿ ਅਜ ਮੁੜ ਹਾਲਾਤ ਖਰਾਬ ਹੁੰਦੇ ਜਾ ਰਹੇ ਹਨ ਬੇਗੁਨਾਹਾਂ ਨੂੰ ਫੜ੍ਹ ਫੜ੍ਹ ਜੇਲ੍ਹਾਂ ਵਿਚ ਡਕਿਆ ਜਾ ਰਿਹਾ ਹੈ ਤੇ ਸਮੇਂ ਦੀਆਂ ਸਰਕਾਰਾਂ ਸਾਡੇ ਆਪਸੀ ਵਖਰੇਵੇਆਂ ਦਾ ਫਾਇਦਾ ਚੁਕਦੇ ਹੋਏ ਮੁੜ ਬੇਅੰਤ ਸਿੰਘ ਵਾਲੇ ਸਮੇਂ ਦੇ ਰਾਹ ਤੇ ਤੁਰ ਰਹੀ ਹੈ । ਉਨ੍ਹਾਂ ਕਿਹਾ ਕਿ ਸਿੱਖ ਕੌਮ ਤੇ ਇਕ ਸਮਾਂ ਉਹ ਵੀ ਆਇਆ ਸੀ ਜਦ ਹਕੂਮਤੀ ਏਲਾਨ ਕਿ ਸਿੱਖ ਨਜ਼ਰ ਨਹੀ ਆਣੇ ਚਾਹੀਦੇ ਉਨ੍ਹਾਂ ਨੂੰ ਮਾਰ ਮੁਕਾਇਆ ਜਾਏ ਤਦ ਵੀ ਸਿੱਖਾਂ ਨੇ ਹਕੂਮਤ ਦੀ ਈਨ ਨਾ ਮੰਨਦੇ ਹੋਏ ਕੁਝ ਸਮਾਂ ਅਲੋਪ ਰਹਿ ਕੇ ਵੀ ਗੁਜਾਰਿਆ ਸੀ । ਉਨ੍ਹਾਂ ਕਿਹਾ ਤੁਰਕਾਂ ਦੀ ਤੁਰੀ ਜਾ ਰਹੀ ਫੌਜ ਜੋ ਆਪਸ ਵਿਚ ਗਲਾਂ ਕਰ ਰਹੀ ਸੀ ਕਿ ਹੁਣ ਤਾਂ ਸਿੱਖ ਲਭਿਆ ਵੀ ਨਹੀ ਲੱਭਦੇ, ਇਹ ਗਲ ਉੱਥੇ ਜੰਗਲਾਂ ਵਿਚ ਬੈਠੇ ਭਾਈ ਗਰਜਾ ਸਿੰਘ ਅਤੇ ਭਾਈ ਬੋਤਾ ਸਿੰਘ ਦੇ ਕੰਨਾਂ ਵਿਚ ਪੈ ਗਈ ਤੇ ਉਨ੍ਹਾਂ ਦੋਨਾਂ ਨੇ ਬਿਨਾਂ ਸਮਾਂ ਗਵਾਏ ਆਪਸੀ ਸਲਾਹ ਕੀਤੀ ਤੇ ਅਪਣੇ ਘੋੜੇਆਂ ਤੇ ਚੜ ਕੇ ਉਸ ਜਗ੍ਹਾ ਤੋਂ ਥੋੜੀ ਦੂਰ ਜਾ ਕੇ ਨਾਕਾ ਲਾ ਦਿਤਾ ਤੇ ਨਾਲ ਹੀ ਨਿਸ਼ਾਨ ਸਾਹਿਬ ਝੁਲਾ ਦਿਤਾ ਤੇ ਆਪ ਕੁਰਸੀ ਢਾਹ ਕੇ ਉਸ ਤੇ ਬਹਿ ਗਏ । ਜਦੋਂ ਤੁਰਕਾਂ ਦੀ ਫੌਜ ਉੱਥੇ ਪਹੁੰਚੀ ਤਾਂ



ਨਾਕਾ ਦੇਖ ਕੇ ਹੈਰਾਨ ਰਹਿ ਗਏ ਕੁਰਸੀ ਤੇ ਬੈਠੇ ਭਾਈ ਗਰਜਾ ਸਿੰਘ ਅਤੇ ਬੋਤਾ ਸਿੰਘ ਨੂੰ ਪੁਛਿਆ ਕਿ ਇਹ ਨਾਕਾ ਕਿਸ ਦਾ ਹੈ ਤਾਂ ਉਨ੍ਹਾਂ ਗਰਜਵੀ ਅਵਾਜ ਵਿਚ ਕਿਹਾ ਕਿ ਉਇਹ ਨਾਕਾ ਸਿੱਖਾਂ ਦੇ ਖਾਲਸਾ ਰਾਜ" ਦਾ ਹੈ ਤੇ ਇਸਨੂੰ ਪਾਰ ਕਰਨ ਲਈ ਜਜਿਆ ਦੇਣਾ ਪਵੇਗਾ । ਫੌਜੀ ਹੈਰਾਨ ਰਹਿ ਗਏ ਕਿ ਸਿੱਖ ਤੇ ਭਾਲਿਆ ਨਹੀ ਲਭਦਾ ਪਰ ਇੱਥੇ ਤੇ ਇਨ੍ਹਾਂ ਨੇ ਅਪਣੀ ਹੀ ਉਪਾਰਲਿਆਮੇਂਟ" ਬਣਾਈ ਹੋਈ ਹੈ । ਸਿਰਫ ਦੋ ਸਿੱਖਾਂ ਦੀ ਇਸ ਕਾਰਵਾਈ ਨਾਲ ਹਕੂਮਤ ਦਾ ਨਸ਼ਾ ਕਿ ਉਸਿੱਖ ਖਤਮ ਹੋ ਗਏ ਹਨ" ਖਤਮ ਹੋ ਗਿਆ । ਭਾਈ ਗਰਜਾ ਸਿੰਘ ਅਤੇ ਭਾਈ ਬੋਤਾ ਸਿੰਘ ਵਲੋਂ ਕੀਤੀ ਕਾਰਵਾਈ ਅੱਜ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿੱਖੀ ਹੋਈ ਹੈ ।

ਭਾਈ ਭਿਓਰਾ ਨੇ ਕਿਹਾ ਕਿ ਉਹ ਤੇ ਸਿਰਫ ਦੋ ਹੀ ਸੀ ਅਜ ਅਸੀ ਕਰੋੜਾਂ ਵਿਚ ਹਾਂ ਸਾਡੀ

ਬਾਕੀ ਸਫ਼ਾ 32 'ਤੇ


# WHITE HAWK TRUCKING INC

***Need Drivers & Owner Operators***

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

***Call for more Info:***

**Phone: (209) 242-9569, (209) 564-8899, (209) 345-6968**

**2101 MARTIN LUTHER KING JR WAY STOCKTON, CA 95205**


ਅੰਮ੍ਰਿਤਸਰ ਟਾਈਮਜ਼
Weekly Punjabi Newspaper

**Corporate Office**
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਅਮਰੀਕੀ ਸਕੂਲਾਂ ਵਿਚ ਸਿੱਖ ਬੱਚਿਆਂ ਨੂੰ ਆ ਰਹੀਆਂ ਮੁਸ਼ਕਲਾਂ ਪ੍ਰਤੀ ਜਾਗਰੂਕਤਾ ਲਿਆਉਣ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ ਜਾਣ-ਸਿੰਥੀਆ





### ਸਿੱਖ ਹੱਕਾਂ ਦੀ ਮੁਦਈ ਉੱਘੀ ਵਿਦਵਾਨ ਦਾ ਪੈਲਾਟਾਈਨ ਵਿਖੇ ਸਨਮਾਨ

**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਉੱਘੀ ਵਿਦਵਾਨ, ਮਨੁੱਖੀ ਅਧਿਕਾਰਾਂ ਦੀ ਮੁਦਈ ਪ੍ਰੋਫੈਸਰ ਮਹਿਮੂਦ ਸਿੰਥੀਆ ਨੇ ਅਮਰੀਕੀ ਸਕੂਲਾਂ ਵਿਚ ਸਿੱਖ ਬੱਚਿਆਂ ਨੂੰ ਆ ਰਹੀਆਂ ਮੁਸ਼ਕਲਾਂ ਪ੍ਰਤੀ ਜਾਗਰੂਕਤਾ ਲਿਆਉਣ ਵਾਸਤੇ ਵਿਸ਼ੇਸ਼ ਧਿਆਨ ਦੇਣ ਅਤੇ ਨਿਗਰ ਉਪਰਾਲੇ ਕਰਨ ਦੀ ਲੋੜ ਉੱਤੇ ਜੋਰ ਦਿੱਤਾ ਹੈ। ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕਾਂ ਦੇ ਵਿਸ਼ੇਸ ਉਪਰਾਲੇ ਸਦਕਾ ਲੰਘੇ ਐਤਵਾਰ ਨੂੰ ਪਹੁੰਚੇ ਬੀਬੀ ਸਿੰਥੀਆ ਮਹਿਮੂਦ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਕੂਲਾਂ ਵਿਚ ਸਾਨੂੰ ਸਿੱਖ ਧਰਮ, ਸਿੱਖ ਵਿਰਸੇ ਅਤੇ ਸਿੱਖ ਕਕਾਰਾਂ ਪ੍ਰਤੀ ਜਾਣਕਾਰੀ ਦੇਣੀ ਚਾਹੀਦੀ ਹੈ।

ਵਰਨਣਯੋਹ ਹੈ ਕਿ ਬੀਬੀ ਮਹਿਮੂਦ ਸਿੰਥੀਆ ਖਾਲਿਸਤਾਨੀ ਮੂਵਮੈਂਟ ਅਤੇ ਕਸ਼ਮੀਰੀ ਮੂਵਮੈਂਟ ਨੂੰ ਬਹੁਤ ਨੇੜੇ ਤੋਂ ਜਾਣਦੇ ਹਨ। ਖ਼ਾਸ ਕਰ ਸਿੱਖ ਧਰਮ ਅਤੇ ਸਿੱਖ ਸੰਘਰਸ਼ ਪ੍ਰਤੀ ਪੰਜਾਬ ਪਹੁੰਚ ਕੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਨੇ ਕਿਤਾਬਾਂ ਲਿਖੀਆਂ ਹਨ। ਉਨਾਂ ਦੇ ਦੱਸਣ ਅਨੁਸਾਰ ਅਪਣੇ ਵਿਦਿਅਕ ਖੋਜ ਕਾਰਜਾਂ ਦੇ ਸਬੰਧ ਵਿੱਚ ਉਹ ਸਿੱਖ ਸੰਘਰਸ਼ ਦੇ ਦਿਨੀਂ ਸੰਨ 1983 ਵਿਚ ਭਾਰਤ ਵਿਚ ਰਹਿ ਰਹੇ ਸਨ। ਪਿਛੋਂ ਹੌਲੀ-ਹੌਲੀ ਉਹ ਸਿੱਖ ਸੰਘਰਸ਼ ਪ੍ਰਤੀ ਜਾਣਕਾਰੀ ਹਾਸਲ ਕਰਨ ਵਿਚ ਜੁਟ ਗਏ, ਜਿਸ ਕਾਰਨ ਉਨਾਂ ਨੂੰ ਆਪ ਸਰੀਰਕ ਤੌਰ 'ਤੇ ਉਸ ਦਾ ਸੇਕ ਝਲਣਾ ਪਿਆ। ਉਹ ਪੇਸ਼ੇ ਦੇ ਤੌਰ 'ਤੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਹਨ। ਉਹ ਅੱਜ ਤਕ ਚਾਰ ਕਿਤਾਬਾਂ ਲਿਖ ਚੁੱਕੇ ਹਨ।

ਗੁਰਦੁਆਰਾ ਸਾਹਿਬ ਵਿਖੇ ਬੋਲਦਿਆਂ ਬੀਬੀਆਂ ਸਿੰਥੀਆ ਨੇ ਦਸਿਆ ਕਿ ਸੰਨ 1984 ਵਿੱਚ ਜਦ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਜਾ ਰਿਹਾ ਸੀ ਉਸ ਸਮੇਂ ਜਿਸ ਹਿੰਦੂ ਪਰਿਵਾਰ ਕੋਲ ਠਹਿਰੇ ਹੋਏ ਸਨ। ਸਿੱਖਾਂ ਉੱਤੇ ਹੋ ਰਹੇ ਅਤਿਆਚਾਰਾਂ ਵੇਖ ਕੇ ਜਦ ਉਨ੍ਹਾਂ ਨੇ ਉਸ ਹਿੰਦੂ ਪਰਿਵਾਰ ਨੂੰ ਮਦਦ ਕਰਨ ਵਾਸਤੇ ਕਿਹਾ ਤਾਂ ਉਨ੍ਹਾਂ ਨੇ ਅੱਗੋਂ ਇਨਕਾਰ ਕਰ ਦਿੱਤਾ । ਇਸ ਨਾਲ ਉਹ ਬੇਹੱਦ ਨਿਰਾਸ਼ ਹੋਏ। ਉਨ੍ਹਾਂ ਨੂੰ ਇਸ ਦਾ ਗਹਿਰਾ ਦੁੱਖ ਪਹੁੰਚਿਆ।

ਇਸ ਤੋਂ ਇਲਾਵਾ ਬੀਬੀ ਸਿੰਥੀਆ ਨੇ ਅਮਰੀਕਾ ਵਿਚ ਕਈ ਸਿੱਖ ਪਰਿਵਾਰਾਂ ਦੀ ਰਾਜਨੀਤਿਕ ਸਟੇਅ ਲੈਣ ਵਿਚ ਕੋਰਟ ਵਿਚ ਜਾ ਕੇ ਗਵਾਹੀਆਂ ਵੀ ਦਿੱਤੀਆਂ, ਜਿਸ ਵਿਚ ਉਨ੍ਹਾਂ ਦੇ ਪਰਿਵਾਰ ਪੱਕੇ ਹੋ ਸਕੇ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਬੀਬੀ ਸਿੰਥੀਆ ਨੂੰ ਸਿਰੋਪਾਓ ਦੇ ਕੇ ਸਨਮਾਨਿਆ ਗਿਆ। ਗੁਰਦੁਆਰਾ ਸਾਹਿਬ ਦੇ ਪੰਜਾਬੀ ਸਕੂਲ ਦੇ ਪ੍ਰਿੰਸੀਪਲ ਅਮਰਦੇਵ ਸਿੰਘ ਬੰਦੇਸ਼ਾ, ਸਰਵਣ ਸਿੰਘ ਰਾਜੂ ਨੇ ਵੀ ਉਨ੍ਹਾਂ ਨੂੰ ਵਿਸ਼ੇਸ਼ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਬੀਬੀ ਸਿੰਥੀਆ ਨੇ ਸਭ ਦਾ ਧੰਨਵਾਦ ਕੀਤਾ।

## ਕਸ਼ਮੀਰੀਆਂ ਨੇ ਪਾਖੰਡੀ ਹਿੰਦੂ ਸ਼੍ਰੀਸ਼੍ਰੀ ਰਵੀਸ਼ੰਕਰ ਨੂੰ ਭਜਾਇਆ

### ਅਯੁੱਧਿਆ ਵਿਵਾਦ 'ਤੇ ਭੜਕਾਊ ਬਿਆਨ ਦੇਣ ਕਾਰਨ ਰਵੀਸ਼ੰਕਰ 'ਤੇ ਮਾਮਲਾ ਦਰਜ

**ਸ੍ਰੀਨਗਰ/ਬਿਊਰੋ ਨਿਊਜ਼:**
ਆਰਟ ਆਫ ਲਿਵਿੰਗ ਦੇ ਸੰਸਥਾਪਕ ਸ਼੍ਰੀ ਸ਼੍ਰੀ ਰਵੀਸ਼ੰਕਰ ਨੂੰ ਬੀਤੇ ਦਿਨੀਂ ਕਸ਼ਮੀਰ ਵਿਚ ਜਿਹੜੇ ਹਾਲਾਤ ਦਾ ਸਾਹਮਣਾ ਕਰਨਾ ਪਿਆ, ਉਸ ਬਾਰੇ ਸ਼ਾਇਦ ਹੀ ਉਸ ਨੇ ਕਦੇ ਸੋਚਿਆ ਹੋਵੇਗਾ। ਸ਼੍ਰੀ ਸ਼੍ਰੀ ਆਪਣਾ 'ਪੈਗ਼ਾਮ-ਏ-ਮੁਹੱਬਤ' ਸੁਣਾਉਣ ਹੀ ਵਾਲਾ ਸੀ ਕਿ ਉੱਥੇ ਪਹੁੰਚੇ ਕਸ਼ਮੀਰੀਅ ਵਲੋਂ 'ਆਜ਼ਾਦੀ', 'ਆਜ਼ਾਦੀ', 'ਆਜ਼ਾਦੀ' ਦੇ ਨਾਅਰੇ ਗੁੰਜਾਉਂਣ ਨਾਲ ਖ਼ਲਬਲੀ ਮੱਚ ਗਈ ਤੇ ਰਵੀਸ਼ੰਕਰ ਸਮੇਤ ਪ੍ਰੋਗਰਾਮ ਦੇ ਪ੍ਰਬੰਧਕਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕੁਝ ਲੋਕਾਂ ਵਲੋਂ ਖਾੜਕੂ ਜ਼ਾਕਿਰ ਮੂਸਾ ਦੇ ਨਾਅਰੇ ਵੀ ਲਾਉਣ ਨਾਲ ਹਾਲਤ ਬੇਕਾਬੂ ਹੁੰਦੇ ਵੇਖ ਪਾਖੰਡੀ ਰਵੀਸ਼ੰਕਰ ਨੇ ਉੱਥੋਂ ਪੱਤਰ-ਵਾਚਦਿਆਂ ਖਿਸਕਣ ਦੀ ਕੀਤੀ।

ਅਸਲ ਵਿੱਚ ਫੋਕੀ ਭੱਲ ਖੱਟਣ ਲਈ ਰਵੀਸ਼ੰਕਰ ਅਕਸਰ ਹੀ ਅਜਿਹੇ ਸਮਾਗਮ ਕਰਦਾ ਰਹਿੰਦਾ ਹੈ। ਲੋਕ ਇਸ ਗੱਲੋਂ ਔਖੇ ਸਨ ਕਿ ਪ੍ਰਬੰਧਕਾਂ ਨੇ ਭੀੜ ਜੁਟਾਉਣ ਲਈ ਪਿਛਲੇ ਕਈ ਦਿਨਾਂ ਤੋਂ ਝੂਠਾ ਪ੍ਰਚਾਰ ਸ਼ੁਰੂ ਹੋਇਆ ਸੀ ਕਿ ਇਸ ਸਮਾਗਮ ਕਸ਼ਮੀਰੀਆਂ ਦੇ ਦੁੱਖ-ਦਰਦ ਜਾਨਣ, ਮੁਸ਼ਕਲਾਂ ਦੂਰ ਕਰਨ, ਉਨ੍ਹਾਂ ਨੂੰ ਨੌਕਰੀਆਂ ਦੇਣ ਤੇ ਕਸ਼ਮੀਰੀ ਸਭਿਆਚਾਰ ਦੀ ਮਹਾਨਤਾ ਬਾਰੇ ਵਿਚਾਰ ਵਟਾਂਦਰੇ ਕੀਤੇ ਜਾਣਗੇ। ਇਸਤੋਂ ਇਲਾਵਾ ਹੋਰ ਤਰ੍ਹਾਂ ਤਰ੍ਹਾਂ ਦੇ ਲਾਰੇ ਲਾ ਕੇ ਲੋਕਾਂ ਨੂੰ ਦੂਰ ਦੁਰਾਡੇ ਦੀਆਂ ਥਾਵਾਂ ਤੋਂ ਲਿਆ ਸਵੇਰ ਤੋਂ ਭੁੱਖੇ-ਭਾਣੇ ਬੈਠਣ ਲਈ ਮਜਬੂਰ ਕੀਤਾ ਹੋਇਆ ਸੀ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਅਸਲ 'ਚ ਤਾਂ ਰਵੀਸੰਕਰ ਨੇ ਅਪਣੀ ਸ਼ੋਭਾ ਕਰਾਉਣ ਲਈ ਭਾਰਤ ਦੀਆਂ ਖੁਫ਼ੀਆਂ ਏਜੰਸੀਆਂ ਤੇ ਫੌਜੀ ਅਧਿਕਾਰੀ ਨਾਲ ਰਲ ਕੇ ਇਹ ਢੌਂਗ ਰਚਾਇਆ

ਬਾਕੀ ਸਫ਼ਾ 32 'ਤੇ



ਕਸ਼ਮੀਰੀਆਂ ਦੇ ਰੋਹ ਤੋਂ ਡਰਦਿਆਂ ਸਮਾਗਮ ਵਾਲੀ ਥਾਂ ਤੋਂ ਪੱਤਰਾ-ਵਾਚਦਾ ਹੋਇਆ ਪਾਖੰਡੀ ਸ਼੍ਰੀ ਸ਼੍ਰੀ ਰਵੀਸ਼ੰਕਰ

### ਅਯੁਧਿਆ ਮਸਲੇ ਬਾਰੇ ਭੜਕਾਊ ਬਿਆਨ

ਵਰਨਣਯੋਗ ਹੈ ਕਿ ਇਸੇ ਰਵੀਸ਼ੰਕਰ ਨੇ ਹਾਲ ਵਿੱਚ ਹੀ ਕਿਹਾ ਸੀ ਕਿ ਜੇਕਰ ਅਯੁੱਧਿਆ ਦਾ ਮੱਸਲਾ ਹੱਲ ਨਾ ਹੋਇਆ ਤਾਂ ਭਾਰਤ ਸੀਰੀਆ ਬਣੇਗਾ। ਅਜਿਹੇ ਭੜਕਾਊ ਬਿਆਨ ਦੇ ਕੇ ਸ੍ਰੀ ਸ੍ਰੀ ਰਵੀਸ਼ੰਕਰ ਨਾ ਕੇਵਲ ਕਾਨੂੰਨ ਦੇ ਰਾਜ ਨੂੰ ਚੁਣੌਤੀ ਦੇ ਰਹੇ ਸਨ, ਬਲਕਿ ਸੰਵਿਧਾਨਕ ਸਿਧਾਂਤਾਂ 'ਤੇ ਵੀ ਸੁਆਲ ਖੜੇ ਕਰ ਰਹੇ ਸਨ। ਤੁਹਾਨੂੰ ਦੱਸ ਦੇਈਏ ਕਿ ਸੀਰੀਆ ਕੁਝ ਸਾਲਾਂ ਤੋਂ ਗ੍ਰਹਿ ਯੁੱਧ ਦਾ ਸ਼ਿਕਾਰ ਹੈ, ਜਿਸ ਵਿਚ ਲੱਖਾਂ ਲੋਕ ਮਾਰੇ ਜਾ ਚੁੱਕੇ ਹਨ। ਰਵੀਸ਼ੰਕਰ ਦਾ ਕਹਿਣਾ ਸੀ ਕਿ ਜੇਕਰ ਅਦਾਲਤ ਮੰਦਰ ਦੇ ਖਿਲਾਫ਼ ਫੈਸਲਾ ਸੁਣਾਉਂਦੀ ਤਾਂ ਖ਼ੂਨੀ ਜੰਗ ਹੋਵੇਗੀ। ਕੀ ਤੁਸੀਂ ਸੋਚਦੇ ਹੋ ਕਿ ਹਿੰਦੂ ਭਾਈਚਾਰਾ ਇਸ ਫੈਸਲੇ ਤੋਂ ਰਾਜ਼ੀ ਹੋਵੇਗਾ? ਉਹ ਮੁਸਲਮ ਭਾਈਚਾਰੇ ਦੇ ਖਿਲਾਫ਼ ਹਿੰਸਾ ਫੈਲਾਉਣਗੇ। ਇਸ ਭੜਕਾਊ ਬਿਆਨ ਕਾਰਨ ਉਨ੍ਹਾਂ ਦੀ ਕਾਫੀ ਆਲੋਚਨਾ ਹੋਈ। ਦੇਸ਼ ਦੇ ਅਲੱਗ ਅਲੱਗ ਹਿੱਸਿਆ ਵਿਚ ਉਸ ਦੇ ਖਿਲਾਫ਼ ਪੁਲੀਸ ਵਿਚ ਸ਼ਿਕਾਇਤਾਂ ਵੀ ਦਰਜ ਹੋਈਆਂ। ਇਸ ਗੱਲ ਦਾ ਇਸ ਸਾਧ 'ਤੇ ਕੋਈ ਅਸਰ ਨਹੀਂ ਹੋਇਆ ਤੇ ਉਸ ਨੇ ਮੱਧ ਪ੍ਰਦੇਸ਼ ਦੇ ਜਬਲਪੁਰ ਵਿਚ ਵੀ ਪੱਤਕਾਕਰਾਂ ਨਾਲ ਗੱਲਬਾਤ ਕਰਦੇ ਹੋਏ ਆਪਣਾ ਵਿਵਾਦ ਗ੍ਰਸਿਤ ਬਿਆਨ ਦੁਹਰਾਇਆ ਤੇ ਨਾਲ ਕਿਹਾ ਕਿ ਇਹ ਪ੍ਰਗਟਾਵੇ ਦੀ ਅਜ਼ਾਦੀ ਦਾ ਮੱਸਲਾ ਹੈ। ਪਰ ਕਿਸੇ ਪੱਤਰਕਾਰ ਨੇ ਉਸ ਤੋਂ ਪੁੱਛਣ ਦੀ ਹਿੰਮਤ ਨਹੀਂ ਕੀਤੀ ਕਿ ਸੰਵਿਧਾਨ ਤੇ ਕਾਨੂੰਨੀ ਵਿਧਾਨ ਨੂੰ ਅੱਖੋਂ ਪਰੋਖੇ ਕਰਕੇ ਪ੍ਰਗਟਾਵੇ ਦੀ ਅਜ਼ਾਦੀ ਨੂੰ ਕਿਵੇਂ ਸਹੀ ਠਹਿਰਾਇਆ ਜਾ ਸਕਦਾ ਹੈ। ਰਵੀਸ਼ੰਕਰ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਦੋ ਭਾਈਚਾਰਿਆਂ ਦੇ ਵਿਚਾਲੇ ਦੁਸ਼ਮਣੀ ਫੈਲਾਉਣਾ ਇਕ ਅਪਰਾਧਿਕ ਕਾਰਵਾਈ ਹੈ। ਹੁਣ ਰਵੀਸ਼ੰਕਰ ਦੇ ਬਿਆਨਾਂ ਦਾ ਇਤਜ਼ਾਰ ਹੈ ਕਿ ਉਹ ਇਸ ਸੰਬੰਧ ਵਿਚ ਕਿਹੜਾ ਤਰਕ ਕੱਢਦੇ ਹਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE: 209.537.0975 FAX: 209.537.0375

# ਭਾਰਤ ਨਾ ਸੁਧਰਿਆ ਤਾਂ 'ਮੋੜਵਾਂ ਟੈਕਸ' ਲਾਵਾਂਗੇ-ਟਰੰਪ



ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਦੇ ਰੇਲਵੇ ਸਟੇਸ਼ਨ 'ਤੇ ਲੱਗੇ ਟੈਲੀਵਿਜ਼ਨ 'ਤੇ ਟਰੰਪ ਅਤੇ ਕਿਮ ਜੋਂਗ ਦੀਆਂ ਤਸਵੀਰਾਂ ਨੂੰ ਦੇਖਦਾ ਹੋਇਆ ਇੱਕ ਫ਼ੌਜੀ।

**ਵਾਸ਼ਿੰਗਟਨ/ਬਿਊਰੋ ਨਿਊਜ਼।**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਤੇ ਚੀਨ ਵਰਗੇ ਮੁਲਕਾਂ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਹ ਅਮਰੀਕੀ ਦਰਾਂ ਨਾਲ ਮੇਲ ਖਾਣ ਵਿੱਚ ਨਾਕਾਮ ਰਹੇ ਤਾਂ ਉਹ ਉਨ੍ਹਾਂ 'ਤੇ 'ਮੋੜਵਾਂ ਟੈਕਸ' ਲਾਉਣ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਦੱਸਣਾ ਬਣਦਾ ਹੈ ਕਿ ਭਾਰਤ ਵੱਲੋਂ ਅਮਰੀਕੀ ਕੰਪਨੀ ਹਾਰਲੇ-ਡੇਵਿਡਸਨ ਦੇ ਮੋਟਰਸਾਈਕਲਾਂ ਦੀ ਮੁਲਕ ਵਿੱਚ ਹੁੰਦੀ ਵਿਕਰੀ 'ਤੇ 50 ਫੀਸਦ ਡਿਊਟੀ ਵਧਾਈ ਗਈ ਸੀ, ਜਿਸ ਦਾ ਅਮਰੀਕੀ ਸਦਰ ਨੇ ਬੁਰਾ ਮਨਾਇਆ ਸੀ ਕਿਉਂਕਿ ਅਮਰੀਕਾ ਭਾਰਤ ਵੱਲੋਂ ਦਰਾਮਦ ਹੁੰਦੇ ਮੋਟਰਸਾਈਕਲਾਂ 'ਤੇ ਕੋਈ ਡਿਊਟੀ ਨਹੀਂ ਵਸੂਲਦਾ। ਅਮਰੀਕੀ ਸਦਰ ਨੇ ਕਿਹਾ, 'ਜੇਕਰ ਚੀਨ ਤੇ ਭਾਰਤ ਕ੍ਰਮਵਾਰ ਅਮਰੀਕੀ ਬਰਾਮਦਾਂ 'ਤੇ 25 ਫੀਸਦ ਤੇ 75 ਫੀਸਦ ਡਿਊਟੀ ਲਾਉਂਦੇ ਰਹੇ ਤਾਂ ਸਾਨੂੰ ਇਕ ਸਮੇਂ ਮੋੜਵਾਂ ਟੈਕਸ ਪ੍ਰੋਗਰਾਮ ਬਣਾਉਣਾ ਪਏਗਾ।' ਟਰੰਪ ਨੇ ਕਿਹਾ ਕਿ ਉਨ੍ਹਾਂ ਕੈਨੇਡਾ ਤੇ ਮੈਕਸਿਕੋ ਨੂੰ ਛੱਡ ਕੇ ਹੋਰਨਾਂ ਸਾਰੇ ਮੁਲਕਾਂ ਤੋਂ ਦਰਾਮਦ ਹੁੰਦੀ ਸਟੀਲ ਤੇ ਐਲੂਮੀਨੀਅਮ 'ਤੇ ਕ੍ਰਮਵਾਰ 25 ਫੀਸਦ ਤੇ 10 ਫੀਸਦ ਡਿਊਟੀ ਲਾਈ ਹੈ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਰਿਪਬਲਿਕਨ ਪਾਰਟੀ ਤੇ ਆਪਣੇ ਆਲਮੀ ਭਾਈਵਾਲਾਂ ਦੇ ਵਿਰੋਧ ਦੇ ਬਾਵਜੂਦ ਸਟੀਲ(25 ਫੀਸਦ) ਤੇ ਐਲੂਮੀਨੀਅਮ(10 ਫੀਸਦ) ਦੀਆਂ ਨਵੀਆਂ ਦਰਾਮਦ ਦਰਾਂ 'ਤੇ ਸਹੀ ਪਾ ਦਿੱਤੀ। ਇਥੇ ਵ੍ਹਾਈਟ ਹਾਊਸ ਵਿੱਚ ਨਵੀਂ ਦਰਾਂ ਦਾ ਅਧਿਕਾਰਤ ਤੌਰ 'ਤੇ ਐਲਾਨ ਕਰਦਿਆਂ ਟਰੰਪ ਨੇ ਸਾਫ਼ ਕਰ ਦਿੱਤਾ ਕਿ ਅੱਜ ਜਿਹੜਾ ਫ਼ੈਸਲਾ ਲਿਆ ਹੈ, ਉਸ ਦਾ ਕੋਈ ਬਦਲ ਨਹੀਂ ਸੀ। ਮੁਲਕ ਦੀ ਸੁਰੱਖਿਆ ਦੇ ਮੱਦੇਨਜ਼ਰ ਇਹ ਫ਼ੈਸਲਾ ਸਾਡੀ ਜ਼ਰੂਰਤ ਬਣ ਗਿਆ ਸੀ। ਅਮਰੀਕੀ ਸਦਰ ਦੀ ਸਹੀ ਮਗਰੋਂ ਅਗਲੇ 15 ਦਿਨਾਂ 'ਚ ਨਵੀਆਂ ਦਰਾਂ ਅਮਲ ਵਿੱਚ ਆ ਜਾਣਗੀਆਂ। ਹਾਲ ਦੀ ਘੜੀ ਟਰੰਪ ਨੇ ਨਵੀਆਂ ਦਰਾਂ ਬਾਰੇ ਇਸ ਫ਼ੈਸਲੇ ਤੋਂ ਕੈਨੇਡਾ ਤੇ ਮੈਕਸਿਕੋ ਨੂੰ ਛੋਟ ਦੇਣ ਦੀ ਸਹਿਮਤੀ ਦਿੱਤੀ ਹੈ ਤੇ ਨੇੜ ਭਵਿੱਖ 'ਚ ਆਸਟਰੇਲੀਆ ਵਰਗੇ ਭਾਈਵਾਲਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਜਾਵੇਗਾ।

## ਕਿਮ ਨਾਲ ਮਿਲਣੀ ਲਈ ਤਿਆਰੀਆਂ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਉੱਤਰੀ ਕੋਰੀਆ ਦੇ ਆਗੂ ਕਿਮ ਜੌਂਗ ਉਨ ਨੂੰ ਮਿਲਣ ਲਈ ਰਾਜ਼ੀ ਹੋ ਗਏ ਹਨ। ਵ੍ਹਾਈਟ ਹਾਊਸ ਵੱਲੋਂ ਕੀਤੇ ਇਸ ਐਲਾਨ ਮੁਤਾਬਕ ਦੋਵਾਂ ਆਗੂਆਂ 'ਚ ਇਹ ਮੁਲਾਕਾਤ ਮਈ ਵਿੱਚ ਹੋਣ ਦੀ ਸੰਭਾਵਨਾ ਹੈ। ਪਿਓਂਗਯਾਂਗ ਦੇ ਪਰਮਾਣੂ ਤੇ ਮਿਜ਼ਾਈਲ ਪ੍ਰੋਗਰਾਮ ਦੇ ਚਲਦਿਆਂ ਦੋਵਾਂ ਮੁਲਕਾਂ ਦਰਮਿਆਨ ਪਿਛਲੇ ਕੁਝ ਮਹੀਨਿਆਂ ਤੋਂ ਬਣੀ ਤਲਖੀ ਮਗਰੋਂ ਵ੍ਹਾਈਟ ਹਾਊਸ ਦੇ ਇਸ ਐਲਾਨ ਨਾਲ ਦੋਵਾਂ ਆਗੂਆਂ 'ਚ ਬੇਮਿਸਾਲ ਮਿਲਣੀ ਲਈ ਮੰਚ ਤਿਆਰ ਹੋ ਗਿਆ ਹੈ। ਵ੍ਹਾਈਟ ਹਾਊਸ ਦੇ ਪ੍ਰੈਸ ਸਕੱਤਰ ਸਾਰ੍ਹਾ ਸੈਂਡਰਜ਼ ਨੇ ਇਕ ਬਿਆਨ ਵਿੱਚ ਕਿਹਾ ਕਿ ਟਰੰਪ ਮਈ ਮਹੀਨੇ ਤਕ ਕਿਮ ਨਾਲ ਮੁਲਾਕਾਤ ਕਰਨਗੇ, ਪਰ ਇਸ ਮੀਟਿੰਗ ਦੇ ਸਮੇਂ ਤੇ ਸਥਾਨ ਬਾਰੇ ਅਜੇ ਕੁਝ ਵੀ ਸਪਸ਼ਟ ਨਹੀਂ।

ਟਰੰਪ ਨੇ ਹਾਲਾਂਕਿ ਟਵੀਟ 'ਚ ਸਾਫ਼ ਕਰ ਦਿੱਤਾ ਕਿ ਜਦੋਂ ਤਕ ਗ਼ੈਰ-ਪਰਮਾਣੂਕਰਨ ਕਰਾਰ ਦਾ ਟੀਚਾ ਪੂਰਾ ਨਹੀਂ ਹੁੰਦਾ, ਉਦੋਂ ਤਕ ਉੱਤਰੀ ਕੋਰੀਆ 'ਤੇ ਆਇਦ ਪਾਬੰਦੀਆਂ ਜਾਰੀ ਰਹਿਣਗੀਆਂ। ਉਧਰ ਉੱਤਰੀ ਕੋਰੀਆ ਦੇ ਕੌਮੀ ਸੁਰੱਖਿਆ ਸਲਾਹਕਾਰ ਚੁੰਗ ਯੁਈ ਯੌਂਗ ਨੇ ਕਿਹਾ ਕਿ ਕੋਰਿਆਈ ਆਗੂ ਨੇ ਅਮਰੀਕੀ ਸਦਰ ਨੂੰ ਜਲਦੀ ਤੋਂ ਜਲਦੀ ਮਿਲਣ ਦੀ ਇੱਛਾ ਜ਼ਾਹਰ ਕੀਤੀ ਹੈ। ਇਸ ਦੌਰਾਨ ਟਰੰਪ ਨੇ ਜਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਨੂੰ ਭਰੋਸਾ ਦਿੱਤਾ ਹੈ ਕਿ ਜਦੋਂ ਤਕ ਉੱਤਰੀ ਕੋਰੀਆ ਆਪਣੇ ਪਰਮਾਣੂ ਪ੍ਰੋਗਰਾਮ ਤੋਂ ਪੂਰੀ ਤਰ੍ਹਾਂ ਪਿਛਾਂਹ ਨਹੀਂ ਮੁੜਦਾ, ਉਦੋਂ ਤਕ ਉਸ 'ਤੇ ਦਬਾਅ ਬਣਾ ਕੇ ਰੱਖਿਆ ਜਾਵੇਗਾ। ਉਧਰ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਮੂਨ ਜੇਇ-ਇਨ ਨੇ ਅਮਰੀਕੀ ਸਦਰ ਤੇ ਉੱਤਰੀ ਕੋਰੀਆ ਦੇ ਆਗੂ ਦਰਮਿਆਨ ਹੋਣ ਵਾਲੀ ਇਸ ਮੀਟਿੰਗ ਨੂੰ 'ਇਤਿਹਾਸਕ ਮੀਲਪੱਥਰ' ਐਲਾਨਦਿਆਂ ਕਿਹਾ ਕਿ ਜੇਕਰ ਇਹ ਮੀਟਿੰਗ ਸਿਰੇ ਚੜ੍ਹਦੀ ਹੈ ਤਾਂ ਇਹ ਕੋਰਿਆਈ ਪ੍ਰਾਇਦੀਪ ਵਿੱਚ ਗੈਰਪਰਮਾਣੂਕਰਨ ਦੇ ਪ੍ਰੋਗਰਾਮ ਨੂੰ ਮੁੜ ਲੀਹਾਂ 'ਤੇ ਪਾਏਗੀ। ਇਸ ਦੌਰਾਨ ਰੂਸ ਸਮੇਤ ਹੋਰਨਾਂ ਮੁਲਕਾਂ ਨੇ ਟਰੰਪ-ਕਿਮ ਮੁਲਾਕਾਤ ਨੂੰ ਯਕੀਨੀ ਬਣਾਉਣ ਲਈ ਕੀਤੀ ਇਸ ਪੇਸ਼ਕਦਮੀ ਦਾ ਸਵਾਗਤ ਕੀਤਾ ਹੈ।

# ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ ਪੈਲਾਟਾਈਨ ਸ਼ਿਕਾਗੋ ਦੀ ਪ੍ਰਬੰਧਕੀ ਕਮੇਟੀ ਦੇ ਨਵੇਂ ਪੰਜ ਮੈਂਬਰਾਂ ਦੀ ਚੋਣ ਪਹਿਲੀ ਅਪ੍ਰੈਲ ਨੂੰ

**ਸ਼ਿਕਾਗੋ/ਮੱਖਣ ਸਿੰਘ ਕਲੇਰ:**

ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ ਪੈਲਾਟਾਈਨ ਸ਼ਿਕਾਗੋ ਦੀ ਪ੍ਰਬੰਧਕੀ ਕਮੇਟੀ ਦੇ ਨਵੇਂ ਪੰਜ ਮੈਂਬਰਾਂ ਦੀ ਚੋਣ ਪਹਿਲੀ ਅਪ੍ਰੈਲ ਨੂੰ ਕੀਤੀ ਜਾਵੇਗੀ। ਵਰਨਣਯੋਗ ਹੈ ਕਿ ਸਥਾਨਕ ਪੈਲਾਟਾਈਨ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾ ਰਹੀ ਸਿੱਖ ਰਿਲੀਜੀਅਸ ਸੁਸਾਇਟੀ ਨਾਮੀ ਸੰਸਥਾ ਦੇ ਕੁਲ 9 ਮੈਂਬਰ ਹਨ, ਜਿਨ੍ਹਾਂ ਦਾ ਸਮਾਂ 4 ਸਾਲ ਦਾ ਹੁੰਦਾ ਹੈ ਅਤੇ ਹਰ ਦੋ ਸਾਲ ਬਾਅਦ 5 ਅਤੇ 4 ਕ੍ਰਮਵਾਰ ਮੈਂਬਰ ਇਲੈਕਸ਼ਨ ਜਾਂ ਸਿਲੈਕਸ਼ਨ ਰਾਹੀਂ ਚੁਣੇ ਜਾਂਦੇ ਹਨ। ਪਿਛਲੇ ਸਾਲ ਸਾਲਾਂ ਤੋਂ ਇਲੈਕਸ਼ਨ ਰਾਹੀਂ ਮੈਂਬਰਾਂ ਦੀ ਚੋਣ ਹੁੰਦੀ ਰਹੀ ਹੈ ਪਰ ਇਸ ਵਾਰ ਕੁਝ ਵੱਖਰੇ ਤਰੀਕੇ ਨਾਲ ਮੈਂਬਰ ਚੁਣੇ ਜਾਣ ਦੀ ਸੰਭਾਵਨਾ ਬਣੀ ਹੋਈ ਹੈ। ਕੁਝ ਮਹੀਨਿਆਂ ਤੋਂ ਪ੍ਰਬੰਧਕੀ ਕਮੇਟੀ ਵਲੋਂ ਸੰਗਤ ਵਿਚੋਂ ਕੁਝ ਮੈਂਬਰਾਂ ਦੀ ਇਕ ਸਾਂਝੀ ਕਮੇਟੀ ਬਣਾਈ ਗਈ ਸੀ, ਜਿਸ ਨੇ ਇਲੈਕਸ਼ਨ ਦੀ ਥਾਂ ਸਿਲੈਕਸ਼ਨ ਰਾਹੀਂ ਕੁਝ ਸਾਰਥਕ ਤਰੀਕੇ ਲੱਭ ਕੇ ਮੈਂਬਰਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਕੇ ਇਕ ਵਿਧੀ ਵਿਧਾਨ ਰਾਹੀਂ ਉਨ੍ਹਾਂ ਨੂੰ ਪ੍ਰਬੰਧ ਵਿਚ ਲਿਆਉਣਾ ਸੀ, ਜਿਸ ਵਿਚ ਇਸ ਕਮੇਟੀ ਵਲੋਂ 2-3 ਮਹੀਨੇ ਦਾ ਸਮਾਂ ਲੱਗਾ ਕਿ ਇਕ ਮੱਤ ਹੋ ਕੇ ਇਕ ਵਿਧਾਨ ਤਿਆਰ ਕੀਤਾ ਗਿਆ ਹੈ ਕਿ ਜਿਸ ਵੀ ਸੰਗਤ ਦੇ ਮੈਂਬਰ ਨੇ ਪ੍ਰਬੰਧ ਵਿਚ ਆਉਣਾ ਹੈ, ਉਸ ਨੂੰ ਸੰਵਿਧਾਨ ਮੁਤਾਬਿਕ ਸਿਲੈਕਸ਼ਨ ਅਤੇ ਇਲੈਕਸ਼ਨ ਵਿਚ ਆਉਣਾ ਦਾ ਪੂਰਾ ਹੱਕ ਹੋਵੇਗਾ। ਪਰ ਜੋ ਇਸ ਕਮੇਟੀ ਵਲੋਂ ਦਸਤਾਵੇਜ਼ ਤਿਆਰ ਕੀਤਾ ਗਿਆ ਸੀ, ਉਸ ਅਨੁਸਾਰ ਸਿਲੈਕਸ਼ਨ ਵਿਚ ਆਉਣ ਵਾਲੇ ਮੈਂਬਰ ਨੂੰ ਉਹ ਟੈਸਟ ਦੇਣਾ ਜ਼ਰੂਰੀ ਹੋਵੇਗਾ, ਜਿਸ ਵਿਚ ਸਿੱਖ ਧਰਮ ਪ੍ਰਤੀ, ਗੁਰਬਾਣੀ, ਸ਼ੋਸ਼ਲ ਅਤੇ ਕੁਝ ਨਿੱਜੀ ਜ਼ਿੰਦਗੀ ਅਤੇ ਭਾਈਚਾਰਕ ਸੇਵਾ ਅਤੇ ਮੈਨੇਜਮੈਂਟ ਪ੍ਰਤੀ ਪੁੱਛਿਆ ਗਿਆ ਸੀ। ਉਸ ਵਿਚ ਜੋ ਪਹਿਲੇ ਪੰਜ ਮੈਂਬਰ ਉਪਰਲੇ ਨੰਬਰਾਂ ਵਿਚ ਆਉਣਗੇ, ਉਨ੍ਹਾਂ ਨੂੰ ਪ੍ਰਬੰਧ ਵਿਚ ਲਿਆ ਜਾਏਗਾ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਦੋਂ ਦੀ ਗੁਰੂਘਰ ਵਿਚ ਇਲੈਕਸ਼ਨ ਬੰਦ ਹੋਈ, ਉਦੋਂ ਦਾ ਮਾਹੌਲ ਕਾਫ਼ੀ ਸੁਖਾਵਾਂ ਬਣਿਆ ਹੋਇਆ ਸੀ। ਪਰ ਦੁਬਾਰਾ ਇਲੈਕਸ਼ਨ ਸ਼ੁਰੂ ਹੋਣ ਨਾਲ ਫਿਰ ਗੁੱਟਬੰਦੀ ਵਧਣ ਦੀ ਸੰਭਾਵਨਾ ਪੈਦਾ ਹੋ ਗਈ ਹੈ। ਅਜੇ ਵੀ ਕੁਝ ਸੁਹਿਰਦ ਵੀਰ ਆਪੋ ਆਪਣੇ ਤੌਰ 'ਤੇ ਯਤਨ ਕਰ ਰਹੇ ਹਨ ਕਿ ਇਲੈਕਸ਼ਨ ਨਾ ਕੀਤੀ ਜਾਵੇ ਅਤੇ ਕੋਈ ਸਾਰਥਿਕ ਤਰੀਕਾ ਲੱਭ ਕੇ ਆਪਸੀ ਸਹਿਮਤੀ ਬਣਾ ਕੇ ਪੰਜ ਮੈਂਬਰ ਚੁਣ ਲਏ ਜਾਣ। ਜੋ ਕਮੇਟੀ ਇਲੈਕਸ਼ਨ ਵਾਸਤੇ ਬਣਾਈ ਗਈ ਸੀ, ਉਨ੍ਹਾਂ ਦੀਆਂ ਮੀਟਿੰਗਾਂ ਵਿਚ ਪ੍ਰਬੰਧਕੀ ਬੋਰਡ ਦੇ 1-2 ਮੈਂਬਰ, ਸੀ.ਆਈ. ਸੀ. ਕਮੇਟੀ ਦਾ ਇਕ ਮੈਂਬਰ ਅਤੇ ਇਲੈਕਸ਼ਨ ਕਮੇਟੀ ਦਾ ਇਕ ਮੈਂਬਰ ਹਮੇਸ਼ਾ ਹਾਜ਼ਰ ਹੁੰਦਾ ਸੀ।

ਬਾਕੀ ਸਫ਼ਾ 32 'ਤੇ



## ‘ਕਾਂਗਰਸੀ ਵਿਧਾਇਕ ਤੇ ਅਧਿਕਾਰੀ ਰਲ ਕੇ ਕਰ ਰਹੇ ਨੇ ਰੇਤਾ-ਬਜਰੀ ਦੀ ਲੁੱਟ’

**ਹੁਸ਼ਿਆਰਪੁਰ/ਬਿਊਰੋ ਨਿਊਜ਼,** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਵਿੱਚ ਚੱਲ ਰਹੇ ਗੈਰਕਾਨੂੰਨੀ ਖਣਨ ਲਈ ਕਾਂਗਰਸੀ ਵਿਧਾਇਕ ਅਤੇ ਅਧਿਕਾਰੀ ਜ਼ਿੰਮੇਵਾਰ ਹਨ। ਇਸੇ ਕਰਕੇ ਸਿਵਲ ਅਤੇ ਪੁਲੀਸ ਅਧਿਕਾਰੀਆਂ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ।

ਸ਼ਾਮਚੁਰਾਸੀ ਵਿੱਚ ਪੋਲ ਖੋਲ੍ਹ ਰੈਲੀ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਨੇ ਕੁਝ ਸਮਾਂ ਪਹਿਲਾਂ ਇਹ ਗੱਲ ਯਕੀਨੀ ਬਣਾਉਣ ਲਈ ਜ਼ਿਲ੍ਹਾ ਪੁਲੀਸ ਮੁਖੀਆਂ ਅਤੇ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਸੱਦੀ ਸੀ ਕਿ ਉਨ੍ਹਾਂ ਦੇ ਇਲਾਕਿਆਂ ਵਿੱਚ ਗੈਰਕਾਨੂੰਨੀ ਖਣਨ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੋਸ਼ ਲਾਇਆ ਕਿ ਇਸ ਦੇ ਬਾਵਜੂਦ ਗੈਰਕਾਨੂੰਨੀ ਖਣਨ ਬੇਰੋਕ ਜਾਰੀ ਹੈ। ਹੁਣ ਤਾਂ ਮੁੱਖ ਮੰਤਰੀ ਨੇ ਆਪਣੇ ਅੱਖੀਂ ਵੀ ਵੇਖ ਲਿਆ ਹੈ। ਇਸ ਦਾ ਅਰਥ ਇਹੀ ਹੈ ਕਿ ਵਿਧਾਇਕਾਂ ਵੱਲੋਂ ਅਧਿਕਾਰੀਆਂ ਨੂੰ ਗੈਰਕਾਨੂੰਨੀ ਖਣਨ ਖ਼ਿਲਾਫ ਕਾਰਵਾਈ ਕਰਨ ਤੋਂ ਰੋਕਿਆ ਜਾ ਰਿਹਾ ਹੈ। ਆਗਾਮੀ ਬਜਟ ਸੈਸ਼ਨ ਬਾਰੇ ਸ੍ਰੀ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਬਹਿਸ ਤੋਂ ਇਸ ਲਈ ਭੱਜ ਰਹੀ ਹੈ ਕਿਉਂਕਿ ਇਸ ਕੋਲ ਇੱਕ ਸਾਲ ਦੇ ਕਾਰਜਕਾਲ ਦੀ ਇੱਕ ਵੀ ਦੱਸਣਯੋਗ ਪ੍ਰਾਪਤੀ ਨਹੀਂ ਹੈ। ਕਾਂਗਰਸ ਸਰਕਾਰ ਹਰ ਫਰੰਟ ਉੱਤੇ ਫੇਲ੍ਹ ਸਾਬਤ ਹੋਈ ਹੈ। ਇਹ ਚਾਹੇ ਕਿਸਾਨਾਂ ਦੀ ਕਰਜ਼ਾ ਮੁਆਫੀ ਦੀ ਗੱਲ ਹੋਵੇ ਜਾਂ ਫਿਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ। ਇਸੇ ਕਾਰਨ ਸਰਕਾਰ ਛੇ ਦਿਨਾਂ ਦਾ ਬਜਟ ਸੈਸ਼ਨ ਰੱਖ ਰਹੀ ਹੈ। ਇਹ ਜਾਣਦੀ ਹੈ ਕਿ ਇਸ ਨੇ ਪਿਛਲੇ ਬਜਟ ਵਿੱਚ ਕੀਤੇ ਪ੍ਰਬੰਧਾਂ ਵਿੱਚੋਂ ਕਿਸੇ ਨੂੰ ਵੀ ਲਾਗੂ ਨਹੀਂ ਕੀਤਾ। ਸਰਕਾਰ ਦੇ ਕੰਮਕਾਜ ਬਾਰੇ ਟਿੱਪਣੀ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਨੇ ਇਸ ਸਾਲ ਜਨਵਰੀ ਤੋਂ ਬੁਢਾਪਾ ਪੈਨਸ਼ਨ ਅਤੇ ਸ਼ਗਨ ਸਕੀਮ ਵੰਡਣ ਦਾ ਐਲਾਨ ਕਰਕੇ ਲੋਕਾਂ ਨਾਲ ਇੱਕ ਹੋਰ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਭਾਵ ਦਿੱਤਾ ਗਿਆ ਹੈ ਕਿ ਜਨਵਰੀ 2017 ਤੱਕ ਦੇ ਸਾਰੇ ਬਕਾਏ ਚੁਕਾ ਦਿੱਤੇ ਜਾਣਗੇ ਪਰ ਸੱਚਾਈ ਇਹ ਹੈ ਕਿ ਸਰਕਾਰ ਨੇ ਪੂਰੇ ਇੱਕ ਸਾਲ ਦੀਆਂ ਪੈਨਸ਼ਨਾਂ ਅਤੇ ਸ਼ਗਨ ਨਾ ਦੇਣ ਦਾ ਫੈਸਲਾ ਕੀਤਾ ਹੈ। ਇਹ ਜਨਵਰੀ 2018 ਤੋਂ ਨਵੇਂ ਸਿਰੇ ਤੋਂ ਪੈਨਸ਼ਨਾਂ ਅਤੇ ਸ਼ਗਨ ਦੇਣੇ ਸ਼ੁਰੂ ਕਰਨਾ ਚਾਹੁੰਦੀ ਹੈ।

# ਕੈਪਟਨ ਪੰਜਾਬ ਦਾ ਸਭ ਤੋਂ ਮਾੜਾ ਮੁੱਖ ਮੰਤਰੀ: ਸੁਖਬੀਰ ਬਾਦਲ

**ਮਾਛੀਵਾੜਾ/ਨਿਊਜ਼ ਬਿਊਰੋ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਹਲਕਾ ਸਾਹਨੇਵਾਲ ਦੀ ਕੂੰਮ ਕਲਾਂ ਅਨਾਜ ਮੰਡੀ ਵਿੱਚ ਵਿਧਾਇਕ ਸ਼ਰਨਜੀਤ ਸਿੰਘ ਢਿੱਲੋਂ ਦੀ ਅਗਵਾਈ ਹੇਠ ‘ਪੋਲ ਖੋਲ੍ਹ’ ਰੈਲੀ ਹੋਈ, ਜਿਸ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ ‘ਤੇ ਪੁੱਜੇ।

ਰੈਲੀ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਗਾਂਧੀ ਪਰਿਵਾਰ ਵੱਲੋਂ ਸਿੱਖ ਕੌਮ ‘ਤੇ ਕੀਤੇ ਜ਼ੁਲਮਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਕੂੜ ਪ੍ਰਚਾਰ ਕੀਤਾ ਕਿ ਪਿਛਲੇ ਸਮੇਂ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਅਕਾਲੀ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਕੈਪਟਨ, ਪੰਜਾਬ ਦੇ ਸਭ ਤੋਂ ਮਾੜੇ ਮੁੱਖ ਮੰਤਰੀ ਸਾਬਿਤ ਹੋਏ ਹਨ ਤੇ ਉਨ੍ਹਾਂ ਸੂਬੇ ਦੇ 70 ਫ਼ੀਸਦੀ ਨੌਜਵਾਨਾਂ ਨੂੰ ਨਸ਼ੇੜੀ ਆਖ ਕੇ ਸਾਰੀ ਦੁਨੀਆਂ ਵਿੱਚ ਪੰਜਾਬੀ ਨੌਜਵਾਨਾਂ ਨੂੰ ਬਦਨਾਮ ਕਰ ਦਿੱਤਾ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਗੁਟਕੇ ਦੀ ਝੂਠੀ ਸਹੁੰ ਖਾਧੀ ਤੇ ਅੱਜ ਤੱਕ ਇੱਕ ਵੀ ਵੱਡਾ ਨਸ਼ਾ ਤਸਕਰ ਨਹੀਂ ਫੜਿਆ। ਸ੍ਰੀ ਬਾਦਲ ਨੇ ਕਿਹਾ ਕਿ ਕੈਪਟਨ ਤੇ ਉਸ ਦੇ ਮੰਤਰੀ ਸਰਕਾਰ ਦਾ ਖ਼ਜ਼ਾਨਾ ਖਾਲੀ ਦੱਸ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ। ਸ੍ਰੀ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਰੱਖੇ ਬਜਟ ਸੈਸ਼ਨ ਦੌਰਾਨ ਲੋਕਾਂ ਦੇ ਹੱਕਾਂ ‘ਤੇ ਡਾਕਾ ਮਾਰਨ ਵਾਲੀ ਇਸ



ਸਰਕਾਰ ਖ਼ਿਲਾਫ਼ 20 ਮਾਰਚ ਨੂੰ ਸ਼੍ਰੋਮਣੀ ਅਕਾਲੀ ਦਲ ਸਦਨ ਦਾ ਘਿਰਾਓ ਕਰੇਗਾ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਾਂਗਰਸ ਸਰਕਾਰ ‘ਤੇ ਵਰ੍ਹਦਿਆਂ ਕਿਹਾ ਕਿ ਕਾਂਗਰਸ ਸਰਕਾਰ ਤੋਂ ਸਾਰੇ ਵਰਗ ਦੁਖੀ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੀ ਟੀਮ ਵਿੱਚ ਸ਼ਾਮਲ ਬੰਟੀ (ਮਨਪ੍ਰੀਤ ਬਾਦਲ) ਅਤੇ ਬਬਲੀ (ਨਵਜੋਤ ਸਿੰਘ ਸਿੱਧੂ) ਸਾਰੀਆਂ ਭਲਾਈ ਸਕੀਮਾਂ ਬੰਦ ਕਰਨ ‘ਤੇ ਉਤਾਰੂ ਹੋਏ ਪਏ ਹਨ। ਉਨ੍ਹਾਂ ਕਿਹਾ ਕਿ ਕੈਪਟਨ ਦੀ ਸਰਕਾਰ ਨੇ 7 ਦਿਨ ਦਾ ਬਜਟ ਸੈਸ਼ਨ ਰੱਖ ਕੇ ਇਹ ਦਰਸਾ ਦਿੱਤਾ ਕਿ ਉਹ ਸਭ ਤੋਂ ਨਿਕੰਮੀ ਸਰਕਾਰ ਹੈ, ਕਿਉਂਕਿ ਉਹ ਵਿਧਾਇਕਾਂ ਨੂੰ ਲੋਕਾਂ ਦੀ ਆਵਾਜ਼ ਉਠਾਉਣ ਦਾ ਮੌਕਾ ਨਹੀਂ ਦੇਣਾ ਚਾਹੁੰਦੀ। ਯੂਥ ਆਗੂ ਸਿਮਰਨਜੀਤ ਸਿੰਘ ਢਿੱਲੋਂ ਨੇ ‘ਪੋਲ ਖੋਲ੍ਹ’ ਰੈਲੀ ਨੂੰ ਸਫ਼ਲ ਬਣਾਉਣ ਲਈ ਹਲਕਾ ਸਾਹਨੇਵਾਲ ਦੇ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ, ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਆਦਿ ਹਾਜ਼ਰ ਸਨ। ਰੈਲੀ ਮਗਰੋਂ ਸੁਖਬੀਰ ਸਿੰਘ ਬਾਦਲ ਆਪਣੇ ਸਾਥੀਆਂ ਨਾਲ ਨਾਮਧਾਰੀ ਸੰਪਰਦਾ ਦੇ ਪ੍ਰਮੁੱਖ ਕੇਂਦਰ ਭੈਣੀ ਸਾਹਿਬ ਵਿਖੇ ਪੁੱਜੇ ਤੇ ਮਾਤਾ ਦਲੀਪ ਕੌਰ ਦੇ ਦੇਹਾਂਤ ‘ਤੇ ਨਾਮਧਾਰੀ ਮੁਖੀ ਸਤਿਗੁਰੂ ਉਦੈ ਸਿੰਘ ਨਾਲ ਦੁੱਖ ਸਾਂਝਾ ਕੀਤਾ। ਗਰੇਵਾਲ ਵੱਲੋਂ ਮੀਡੀਆ ਨੂੰ ਵਿਕਾਊ ਕਹਿਣ ‘ਤੇ ਪੱਤਰਕਾਰ ਭੜਕੇ: ਪੋਲ ਖੋਲ੍ਹ ਰੈਲੀ ਦੌਰਾਨ ਮਾਹੌਲ ਉਦੋਂ ਤਣਾਅਪੂਰਨ ਬਣ ਗਿਆ ਜਦੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਲਾਹਕਾਰ ਰਹੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਮੀਡੀਆ ਨੂੰ ਵਿਕਾਊ ਕਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ, “ਮੀਡੀਆ ਵਿਕੋ-ਵਿਕੋ ਪਰ ਐਨਾ ਨਾ ਵਿਕੋ ਕੀ ਲੋਕਾਂ ਨੂੰ ਸੱਚ ਨਾ ਦਿਖਾਇਆ ਜਾ ਸਕੇ।“ ਐਨਾ ਕਹਿਣ ਦੀ ਦੇਰ ਸੀ ਕਿ ਪੰਡਾਲ ਵਿੱਚ ਬੈਠੇ ਮੀਡੀਆ ਕਰਮੀ ਭੜਕ ਉਠੇ ਤੇ ਰੈਲੀ ਦੇ ਬਾਈਕਾਟ ਦਾ ਵਿਚਾਰ ਕਰਨ ਲੱਗੇ, ਪਰ ਹਲਕਾ ਸਾਹਨੇਵਾਲ ਦੇ ਵਿਧਾਇਕ ਸ਼ਰਨਜੀਤ ਸਿੰਘ ਢਿੱਲੋਂ ਅਤੇ ਉਨ੍ਹਾਂ ਦੇ ਪੁੱਤਰ ਸਿਮਰਨਜੀਤ ਸਿੰਘ ਢਿੱਲੋਂ ਦੀ ਨਿਮਰ ਰਵੱਈਏ ਮਗਰੋਂ ਸ਼ਾਂਤ ਹੋ ਗਏ। ਰੈਲੀ ਦੌਰਾਨ ਬਿਕਰਮ ਮਜੀਠੀਆ ਨੇ ਸ਼ਰਨਜੀਤ ਸਿੰਘ ਢਿੱਲੋਂ ਨੂੰ ਜਿੱਥੇ ਆਪਣਾ ਸਿਆਸੀ ਗੁਰੂ ਦੱਸਿਆ, ਉਥੇ ਹਲਕੇ ਤੋਂ ਕਾਂਗਰਸ ਪਾਰਟੀ ਦੀ ਨੁਮਾਇੰਦਗੀ ਕਰ ਰਹੀ ਸਤਵਿੰਦਰ ਕੌਰ ਬਿੱਟੀ ਨੂੰ ਰਗੜੇ ਲਾਏ।

# ਸੁਖਬੀਰ ਬਾਦਲ ਨੂੰ ਅਪਣੇ ਨੋਟਾਂ ਦੇ ਟਰੱਕ ਲੋਕਾਂ ’ਚ ਵੰਡਣ ਲਈ ਤੁਰੰਤ ਚਾਹੀਦੀ ਹੈ ਕੁਰਸੀ

**ਸਮਾਣਾ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਜਿੱਥੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਨਿਕੰਮੀ ਸਰਕਾਰ ਦੱਸਿਆ ਹੈ, ਉੱਥੇ ਖ਼ਜ਼ਾਨਾ ਖਾਲੀ ਹੋਣ ਦਾ ਰੋਣਾ ਰੋ ਕੇ ਵਿਕਾਸ ਪੱਖੋਂ ਪਿਛਲੇ ਇੱਕ ਸਾਲ ਤੋਂ ਹੱਥ ਖਿੱਚ ਰਹੀ ਸਰਕਾਰ ਨੂੰ ਉਨ੍ਹਾਂ ਖੁੱਲ੍ਹੀ ਚੁਣੌਤੀ ਦਿੱਤੀ ਹੈ ਕਿ ਉਹ 2 ਮਹੀਨੇ ਲਈ ਸੱਤਾ ਦੀ ਵਾਗਡੋਰ ਉਨ੍ਹਾਂ ਹੱਥ ਦੇਣ ਤੇ ਦੇਖਣ ਕਿ ਉਹ ਕਿਵੇਂ ਹਰੇਕ ਹਲਕੇ ਵਿੱਚ ਨੋਟਾਂ ਦੇ ਟਰੱਕ ਭੇਜਦੇ ਹਨ। ਉਹ ਸਮਾਣਾ ਵਿੱਚ ਅਕਾਲੀ ਦਲ ਵੱਲੋਂ ਕੈਪਟਨ ਸਰਕਾਰ ਖ਼ਿਲਾਫ਼ ਕੀਤੀ ‘ਪੋਲ ਖੋਲ੍ਹੋ’ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਰੈਲੀ ਵਿੱਚ ਲੋਕਾਂ ਦੇ ਵਿਸ਼ਾਲ ਇੱਕਠ ਤੋਂ ਬਾਗ਼ੋਬਾਗ਼ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੈਪਟਨ ਦੇ ਆਪਣੇ ਜ਼ਿਲ੍ਹੇ ਵਿੱਚ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਨੇ ਸਾਬਿਤ ਕਰ ਦਿੱਤਾ ਹੈ ਕਿ ਪੰਜਾਬ ਦੀ ਜਨਤਾ ਕੈਪਟਨ ਸਰਕਾਰ ਤੋਂ ਕਿੰਨੀ ਦੁਖੀ ਹੈ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦੇ ਤਾਂ ਕੀ ਪੂਰੇ ਕਰਨੇ ਸਨ, ਸਗੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਸਹੂਲਤਾਂ ਵੀ ਬੰਦ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਕੈਪਟਨ ਨੇ ਕਿਸਾਨਾਂ-ਮਜ਼ਦੂਰਾਂ ਨੂੰ ਕਰਜ਼ਾ ਮੁਆਫ਼ੀ ਦਾ ਲਾਰਾ ਲਾ ਕੇ ਉਨ੍ਹਾਂ ਦੇ

ਬਾਕੀ ਸਫ਼ਾ 32 ’ਤੇ

## ਸੁਖਬੀਰ ਤੇ ਮਜੀਠੀਆ ਦਾ ਜੁੱਤੀਆਂ ਨਾਲ ਸਵਾਗਤ

ਸਮਾਣਾ ਵਿੱਚ ਪੋਲ ਖੋਲ੍ਹੋ ਰੈਲੀ ਵਿੱਚ ਸ਼ਾਮਲ ਹੋਣ ਆ ਰਹੇ ਸੁਖਬੀਰ ਸਿੰਘ ਬਾਦਲ ਅਤੇ ਬਿਕਰਮਜੀਤ ਸਿੰਘ ਮਜੀਠੀਆ ਨੂੰ ਅਕਾਲੀ ਦਲ (ਅੰਮ੍ਰਿਤਸਰ) ਅਤੇ ਸ਼ਿਵ ਸੈਨਾ ਬਾਲ ਠਾਕਰੇ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਜਿੱਥੇ ਮਾਨ ਦਲ ਦੇ ਕਾਰਕੁਨਾਂ ਨੇ ਇਨ੍ਹਾਂ ਆਗੂਆਂ ਨੂੰ ਕਾਲੀਆਂ ਝੰਡੀਆਂ ਦਿਖਾਈਆਂ, ਉੱਥੇ ਹੀ ਸੁਖਬੀਰ ਸਿੰਘ ਬਾਦਲ ਅਤੇ ਬਿਕਰਮਜੀਤ ਸਿੰਘ ਮਜੀਠੀਆ ਦੀਆਂ ਗੱਡੀਆਂ ‘ਤੇ ਅੰਡੇ ਅਤੇ ਜੁੱਤੀਆਂ ਵੀ ਸੁੱਟੀਆਂ ਤੇ ਉਨ੍ਹਾਂ ਨੂੰ ਸਿੱਖ ਕੌਮ ਦੇ ਦੋਸ਼ੀ ਆਖਿਆ।










## ਸ਼੍ਰੋਮਣੀ ਕਮੇਟੀ ਹੁਣ 'ਰਿਸ਼ਤੇਦਾਰ ਮੁਲਾਜ਼ਮਾਂ' ਦੀ ਕਰੇਗੀ ਛੁੱਟੀ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼:**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਦਰਲੇ ਕਥਿਤ ਗੰਧਲੇਪਣ ਨੂੰ ਸਾਫ ਕਰਨ ਲਈ ਹਾਲ ਹੀ ਵਿੱਚ ਲਏ ਫੈਸਲੇ ਅਨੁਸਾਰ 523 ਮੁਲਾਜ਼ਮਾਂ ਦੀ ਛਾਂਟੀ ਤੋਂ ਬਾਅਦ ਹੁਣ ਇੱਕ ਹੋਰ ਸੂਚੀ ਆ ਰਹੀ ਹੈ ਜਿਸ ਵਿੱਚ ਇੱਕ ਤੋਂ ਵੱਧ ਖ਼ੂਨ ਦੇ ਰਿਸ਼ਤੇ ਵਾਲੇ ਭਰਤੀ ਹੋਏ ਸੈਂਕੜੇ ਮੁਲਾਜ਼ਮਾਂ ਦੇ ਨਾਂਅ ਵੀ ਸ਼ਾਮਲ ਹਨ।

ਕਮੇਟੀ ਦੇ ਬੀਤੇ ਕਾਰਜਕਾਲ ਦੌਰਾਨ ਨਿਯਮਾਂ ਨੂੰ ਅੱਖੋਂ ਓਹਲੇ ਕਰਕੇ ਭਰਤੀ ਕੀਤੇ ਗਏ 523 ਮੁਲਾਜ਼ਮਾਂ ਦੀ ਛਾਂਟੀ ਸਬੰਧੀ ਲਏ ਗਏ ਅੰਤ੍ਰਿੰਗ ਕਮੇਟੀ ਦੇ ਫੈਸਲੇ ਤੋਂ ਬਾਅਦ ਹੁਣ ਅਗਲੀ ਸੂਚੀ ਤਿਆਰ ਹੈ, ਜਿਸ ਵਿੱਚ ਸੈਂਕੜੇ ਅਜਿਹੇ ਮੁਲਾਜ਼ਮ ਸ਼ਾਮਲ ਹਨ ਜਿਨ੍ਹਾਂ ਦਾ ਕੋਈ ਨਾ ਕੋਈ ਸਕਾ ਸਬੰਧੀ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਵਿੱਚ ਤਾਇਨਾਤ ਹੈ। ਇਸ ਸੂਚੀ ਵਿੱਚ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੇ ਦਰਜਨਾਂ ਦੇ ਹਿਸਾਬ ਨਾਲ ਸ਼੍ਰੋਮਣੀ ਕਮੇਟੀ 'ਚ ਕੰਮ ਕਰਦੇ ਰਿਸ਼ਤੇਦਾਰ ਜਾਂ ਪਰਿਵਾਰਕ ਜੀਅ, ਹੈੱਡਗ੍ਰੰਥੀ ਸਾਹਿਬਾਨ, ਮੈਨੇਜਰਾਂ ਦੇ ਜਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਪਰਿਵਾਰਕ ਮੈਂਬਰ, ਥੋਕ ਵਿੱਚ ਕੀਤੀਆਂ ਗਈਆਂ ਤਰੱਕੀਆਂ ਵਾਲੇ ਸੈਂਕੜੇ ਮੁਲਾਜ਼ਮਾਂ ਦੇ ਨਾਂਅ ਸ਼ਾਮਲ ਹਨ। ਇਸ ਸਬੰਧੀ ਜਦੋਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਇੱਕ ਹੋਰ ਸੂਚੀ ਤਿਆਰ ਕਰਵਾਏ ਜਾਣ ਦੀ ਪੁਸ਼ਟੀ ਕੀਤੀ ਪਰ ਸੂਚੀ ਜਾਰੀ ਹੋਣ ਦੀ ਤਰੀਕ ਅਤੇ ਸ਼ਾਮਲ ਮੁਲਾਜ਼ਮਾਂ ਦੇ ਨਾਂ ਦੱਸਣ ਤੋਂ ਨਾਂਹ ਕਰ ਦਿੱਤੀ।

ਇਸ ਰਿਪੋਰਟ ਬਾਰੇ ਜਦੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦਾ ਪੱਖ ਜਾਣਿਆਂ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਤਾਂ ਰਿਪੋਰਟ ਤਿਆਰ ਕਰਨ ਲਈ ਅੰਤ੍ਰਿੰਗ ਕਮੇਟੀ

ਬਾਕੀ ਸਫ਼ਾ 32 'ਤੇ

# 'ਇੱਕ ਨਗਰ ਇੱਕ ਗੁਰਦੁਆਰਾ' ਮੁਹਿੰਮ ਦੀ ਪਿੰਡ ਚਕਰ ਤੋਂ ਸ਼ੁਰੂਆਤ

**ਜਗਰਾਉਂ/ਬਿਊਰੋ ਨਿਊਜ਼:**
ਜਾਤ-ਬਰਾਦਰੀ ਆਧਾਰਿਤ ਗੁਰਦੁਆਰਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣ ਦੇ ਮੰਤਵ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਥੋਂ ਨੇੜਲੇ ਪਿੰਡ ਚਕਰ ਤੋਂ 'ਇੱਕ ਨਗਰ ਇੱਕ ਗੁਰਦੁਆਰਾ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ।

ਇਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਪਿੰਡ ਚਕਰ ਨੂੰ ਢਾਈ ਲੱਖ ਰੁਪਏ ਦਾ ਨਕਦ ਇਨਾਮ ਤੇ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਪਿੰਡ ਚਕਰ ਦੇ ਸਰਪੰਚ ਮੇਜਰ ਸਿੰਘ ਸਮੇਤ ਪਿੰਡ ਦੇ ਹਰੇਕ ਪਾਰਟੀ ਨਾਲ ਸਬੰਧਤ ਮੋਹਤਬਰਾਂ ਨੂੰ ਜ਼ਿਲ੍ਹੇ ਦੇ 15 ਹਜ਼ਾਰ ਆਬਾਦੀ ਵਾਲੇ ਵੱਡੇ ਪਿੰਡ ਵਿੱਚ ਇੱਕੋ ਗੁਰਦੁਆਰਾ ਰੱਖਣ ਲਈ ਸਿਰੋਪੇ ਬਖ਼ਸ਼ਿਸ਼ ਕੀਤੇ ਗਏ। ਗੁਰਮਤਿ ਸਮਾਗਮ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਹਰੇਕ ਧਿਰ ਨਾਲ ਸਬੰਧਤ ਆਗੂਆਂ ਨੇ ਇਸ ਵਿੱਚ ਸ਼ਿਰਕਤ ਕੀਤੀ। ਭਾਈ ਲੌਂਗੋਵਾਲ ਨੇ ਇਕੱਠ ਨੂੰ ਸੰਬੋਧਨ ਕਰਨ ਮੌਕੇ ਵੀ ਇਸ ਦਾ ਜ਼ਿਕਰ ਕਰਦਿਆਂ ਆਖਿਆ ਕਿ ਪਾਰਟੀ ਕੋਈ ਵੀ ਰੱਖੋ, ਪਰ ਪਿੰਡ ਵਿੱਚ ਗੁਰਦੁਆਰਾ ਇੱਕੋ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਸਿਆਸੀ ਮੱਤਭੇਦ ਹੋ ਸਕਦੇ ਹਨ ਪਰ ਉਸ ਨੂੰ ਗੁਰੂਆਂ ਦੇ ਸਿਧਾਂਤ 'ਤੇ ਕਾਇਮ ਰਹਿਣਾ ਚਾਹੀਦਾ ਹੈ। ਧੜੇਬੰਦੀ, ਪ੍ਰਧਾਨਗੀ ਤੇ ਚੌਧਰ ਖ਼ਾਤਰ ਜਾਤ ਬਰਾਦਰੀ ਆਧਾਰਿਤ ਵੱਖਰੇ ਗੁਰਦੁਆਰੇ ਹੋਂਦ ਵਿੱਚ ਆਉਣੇ ਸਿੱਖੀ ਸਿਧਾਂਤ ਦੇ ਉਲਟ ਹੈ। ਇਸ ਦਿਸ਼ਾ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਇਹ ਵਿਸ਼ੇਸ਼ ਮੁਹਿੰਮ ਆਰੰਭੀ ਗਈ ਹੈ।


ਪਿੰਡ ਚਕਰ ਵਾਸੀਆਂ ਦਾ ਸਨਮਾਨ ਕਰਦੇ ਹੋਏ ਗਿਆਨੀ ਗੁਰਬਚਨ ਸਿੰਘ ਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ।

ਮੀਡੀਆ ਨਾਲ ਗੱਲਬਾਤ ਦੌਰਾਨ ਭਾਈ ਲੌਂਗੋਵਾਲ ਨੇ ਕਿਹਾ ਕਿ ਜੇਕਰ ਕਿਸੇ ਪਿੰਡ ਦੇ ਲੋਕ ਇੱਕ ਗੁਰਦੁਆਰੇ ਲਈ ਸਹਿਮਤ ਹੁੰਦੇ ਹਨ ਤਾਂ ਸ਼੍ਰੋਮਣੀ ਕਮੇਟੀ ਦੂਸਰੇ ਗੁਰਦੁਆਰਿਆਂ ਵਿੱਚ ਗੁਰਮਤਿ ਵਿਦਿਆਲਾ, ਲਾਇਬ੍ਰੇਰੀ ਆਦਿ ਖੋਲ੍ਹ ਸਕਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਨਵੇਂ ਗੁਰਦੁਆਰੇ ਬਣਾਉਣ 'ਤੇ ਰੋਕ ਤਾਂ ਨਹੀਂ ਲਗਾਈ ਗਈ ਪਰ ਲੋਕਾਂ ਨੂੰ ਇਸ ਪਾਸੇ ਸੋਚਣਾ ਜ਼ਰੂਰ ਚਾਹੀਦਾ ਹੈ। ਭਾਈ ਲੌਂਗੋਵਾਲ ਨੇ ਦੱਸਿਆ ਕਿ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਦੀ ਮੰਗ 'ਤੇ ਉਥੇ ਸ਼੍ਰੋਮਣੀ ਕਮੇਟੀ ਵੱਲੋਂ ਅੰਗਰੇਜ਼ੀ ਬੋਲਣ ਵਾਲੇ ਪ੍ਰਚਾਰਕ ਭੇਜੇ ਜਾਣਗੇ। ਵਿਦੇਸ਼ਾਂ ਦੇ ਜੰਮੇ ਪਲੇ ਸਿੱਖ ਬੱਚਿਆਂ ਦੀ ਲੋੜ ਅਤੇ ਮਾਪਿਆਂ ਦੀ ਮੰਗ 'ਤੇ ਇਹ ਫ਼ੈਸਲਾ ਹੋਇਆ ਹੈ। ਇਹ ਪ੍ਰਚਾਰਕ ਅੰਗਰੇਜ਼ੀ ਭਾਸ਼ਾ ਵਿੱਚ ਗੁਰਬਾਣੀ ਦਾ ਪ੍ਰਚਾਰ ਕਰਨਗੇ।

## ਭੱਠਲ ਸਮੇਤ ਸਾਰੇ ਆਗੂਆਂ ਨੂੰ ਪੇਸ਼ ਹੋਣਾ ਪਵੇਗਾ

ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਵੱਲੋਂ ਡੇਰਾ ਸਿਰਸਾ ਜਾ ਕੇ ਵੋਟਾਂ ਮੰਗਣ ਦੇ ਮਾਮਲੇ ਵਿੱਚ ਅਕਾਲ ਤਖ਼ਤ 'ਤੇ ਪੇਸ਼ ਹੋਣ ਬਾਰੇ ਕੋਈ ਫ਼ੈਸਲਾ ਨਾ ਕੀਤਾ ਹੋਣ ਦੇ ਦਿੱਤੇ ਬਿਆਨ ਦਾ ਨੋਟਿਸ ਲੈਂਦਿਆਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਬੀਬੀ ਭੱਠਲ ਸਮੇਤ ਹਰੇਕ ਉਸ ਆਗੂ ਨੂੰ ਪੇਸ਼ ਹੋਣਾ ਪਵੇਗਾ, ਜਿਸ ਨੂੰ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ ਹੇਠ ਤਨਖ਼ਾਹ ਲਾਈ ਗਈ ਸੀ। ਧਰਮ ਨਿਰਪੱਖ ਪਾਰਟੀ ਦੀ ਆਗੂ ਆਖ ਕੇ ਕੋਈ ਬਚ ਨਹੀਂ ਸਕਦਾ ਅਤੇ ਪੇਸ਼ ਨਾ ਹੋਣ ਦਾ ਖ਼ਮਿਆਜ਼ਾ ਪੰਥਕ ਰਵਾਇਤਾਂ ਮੁਤਾਬਿਕ ਕਾਰਵਾਈ ਦੇ ਰੂਪ ਵਿੱਚ ਭੁਗਤਣਾ ਪਵੇਗਾ।

# ਅਕਾਲ ਤਖਤ ਉੱਤੇ ਪੇਸ਼ ਹੋਣ ਦਾ ਅਜੇ ਕੋਈ ਇਰਾਦਾ ਨਹੀਂ : ਭੱਠਲ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਬੀਤੇ ਦਿਨ ਇੱਥੇ ਇੱਕ ਭੋਗ ਸਮਾਗਮ ਵਿੱਚ ਤਾਂ ਸ਼ਾਮਲ ਹੋਏ ਹਨ ਪਰ ਉਨ੍ਹਾਂ ਨੇ ਹੁਣ ਤੱਕ ਅਕਾਲ ਤਖ਼ਤ ਵਿਖੇ ਪੇਸ਼ ਹੋਣ ਬਾਰੇ ਕੋਈ ਫੈਸਲਾ ਨਹੀਂ ਕੀਤਾ ਹੈ। ਉਨ੍ਹਾਂ ਨੂੰ ਡੇਰਾ ਸਿਰਸਾ ਜਾ ਕੇ ਵੋਟਾਂ ਮੰਗ ਕੇ ਅਕਾਲ ਤਖਤ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਬਾਕੀ ਸਿਆਸੀ ਆਗੂਆਂ ਵਾਂਗ ਇੱਥੇ ਸੱਦਿਆ ਗਿਆ ਸੀ।



ਅਕਾਲ ਤਖ਼ਤ ਵੱਲੋਂ ਪਿਛਲੇ ਵਰ੍ਹੇ 17 ਅਪਰੈਲ ਨੂੰ ਇਸੇ ਮਾਮਲੇ ਵਿੱਚ ਵੱਖ ਵੱਖ ਪਾਰਟੀਆਂ ਦੇ 39 ਆਗੂਆਂ ਨੂੰ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ ਹੇਠ ਤਨਖਾਹ ਲਾਈ ਗਈ ਸੀ। ਉਸ ਵੇਲੇ ਬੀਬੀ ਭੱਠਲ ਅਤੇ ਅਰਜੁਨ ਬਾਦਲ ਪੁੱਤਰ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਸੱਦਿਆ ਗਿਆ ਸੀ ਪਰ ਇਹ ਦੋਵੇਂ ਹਾਜ਼ਰ ਨਹੀਂ ਹੋਏ ਸਨ। ਇਨ੍ਹਾਂ ਵੱਲੋਂ ਅਕਾਲ ਤਖ਼ਤ ਨੂੰ ਇਹ ਲਿਖ ਕੇ ਭੇਜਿਆ ਗਿਆ ਸੀ ਕਿ ਬੀਬੀ ਭੱਠਲ ਦੀ ਸਿਹਤ ਠੀਕ ਨਾ ਹੋਣ ਕਾਰਨ ਉਹ ਪੇਸ਼ ਨਹੀਂ ਹੋਏ ਜਦੋਂਕਿ ਅਰਜੁਨ ਬਾਦਲ ਪੜ੍ਹਾਈ ਦੇ ਸਿਲਸਿਲੇ ਵਿੱਚ ਵਿਦੇਸ਼ ਗਿਆ ਹੋਇਆ ਸੀ। ਹੁਣ ਜਦੋਂ ਬੀਤੇ ਦਿਨ ਬੀਬੀ ਭੱਠਲ ਇੱਥੇ ਜੰਡਿਆਲਾ ਗੁਰੂ ਵਿਖੇ ਸਾਬਕਾ ਕਾਂਗਰਸੀ ਮੰਤਰੀ ਸਰਦੂਲ ਸਿੰਘ ਬੰਡਾਲਾ ਦੇ ਭੋਗ ਸਮਾਗਮ ਵਿੱਚ ਸ਼ਾਮਲ ਹੋਏ ਹਨ ਤਾਂ ਉਨ੍ਹਾਂ ਕੋਲੋਂ ਅਕਾਲ ਤਖ਼ਤ ਦੇ ਆਦੇਸ਼ ਬਾਰੇ ਪੁੱਛਿਆ ਗਿਆ। ਉਨ੍ਹਾਂ ਆਖਿਆ ਕਿ ਫਿਲਹਾਲ ਉਨ੍ਹਾਂ ਨੇ ਅਕਾਲ ਤਖ਼ਤ 'ਤੇ ਪੇਸ਼ ਹੋਣ ਬਾਰੇ ਕੋਈ ਫੈਸਲਾ ਨਹੀਂ ਕੀਤਾ ਹੈ। ਉਹ ਧਰਮ ਨਿਰਪੱਖ ਸਿਆਸੀ ਪਾਰਟੀ ਦੇ ਆਗੂ ਹਨ। ਉਨ੍ਹਾਂ 'ਤੇ ਅਜਿਹੇ ਨਿਯਮ ਲਾਗੂ ਨਹੀਂ ਕਰਨੇ ਚਾਹੀਦੇ।

ਦੂਜੇ ਪਾਸੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਜਿਵੇਂ ਹੋਰ ਸਿਆਸੀ ਆਗੂਆਂ ਨੇ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ ਹੇਠ ਪੇਸ਼ ਹੋ ਕੇ ਖਿਮਾ ਯਾਚਨਾ ਕੀਤੀ ਹੈ, ਇਸੇ ਤਰ੍ਹਾਂ ਬਾਕੀ ਰਹਿ ਗਏ ਆਗੂਆਂ ਨੂੰ ਵੀ ਇਸੇ ਪ੍ਰਕਿਰਿਆ ਵਿੱਚੋਂ ਲੰਘਣਾ ਪਵੇਗਾ। ਨਹੀਂ ਤਾਂ ਪੰਥਕ ਰਵਾਇਤਾਂ ਮੁਤਾਬਕ ਕਾਰਵਾਈ ਹੋਵੇਗੀ।



# 'ਵਰਲਡ ਸਿੱਖ ਪਾਰਲੀਮੈਂਟ' ਬਣਾਉਣ ਤੋਂ ਪਹਿਲੇ ਸਮੁੱਚੀਆਂ ਪੰਥਕ ਜਥੇਬੰਦੀਆਂ ਅਤੇ ਸਖਸ਼ੀਅਤਾਂ ਨੂੰ ਇਸ ਕੌਮੀ ਗੰਭੀਰ ਵਿਸ਼ੇ ਉਤੇ ਇਕੱਤਰ ਕਰਨਾ ਜ਼ਰੂਰੀ

## *ਵਰਲਡ ਸਿੱਖ ਪਾਰਲੀਮੈਂਟ ਬਣਾਉਣ ਦਾ ਸਿਧਾਂਤਿਕ ਅਤੇ ਕਾਨੂੰਨੀ ਅਧਿਕਾਰ ਕੇਵਲ ਤੇ ਕੇਵਲ ਸਰਬੱਤ ਖ਼ਾਲਸਾ ਵੱਲੋਂ ਨਿਯੁਕਤ ਕੀਤੇ ਗਏ ਜਥੇਦਾਰ ਸਾਹਿਬਾਨ ਕੋਲ: ਅਕਾਲੀ ਦਲ (ਅੰਮ੍ਰਿਤਸਰ)*

**ਫ਼ਤਹਿਗੜ੍ਹ ਸਾਹਿਬ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਿਛਲੇ ਦਿਨੀਂ ਨਿਊਯਾਰਕ ਵਿੱਚ ਕੀਤੀ ਗਈ ਸਿੱਖ ਕਾਨਫਰੰਸ ਵਿਚਲੇ ਮਤਿਆਂ ਨਾਲ ਅਸਹਿਮਤੀ ਪ੍ਰਗਟਾਉਂਦੇ ਕਿਹਾ ਗਿਆ ਕਿ 'ਵਰਲਡ ਸਿੱਖ ਪਾਰਲੀਮੈਂਟ' ਬਣਾਉਣ ਤੋਂ ਪਹਿਲੇ ਸਮੁੱਚੀਆਂ ਪੰਥਕ ਜਥੇਬੰਦੀਆਂ ਤੇ ਸਖਸ਼ੀਅਤਾਂ ਨੂੰ ਇਸ ਕੌਮੀ ਗੰਭੀਰ ਵਿਸ਼ੇ ਉਤੇ ਇਕੱਤਰ ਕਰਨਾ ਜ਼ਰੂਰੀ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁੱਖ ਬੁਲਾਰੇ, ਸਿਆਸੀ ਤੇ ਮੀਡੀਆ ਸਲਾਹਕਾਰ ਸ. ਇਕਬਾਲ ਸਿੰਘ ਟਿਵਾਣਾ ਵਲੋਂ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਗਿਆ ਕਿ ਬੀਤੇ ਕੁਝ ਦਿਨ ਪਹਿਲੇ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਖੇ ਕੁਝ ਗੁਰਮੁੱਖ ਸੱਜਣਾ ਨੇ ਇਕੱਤਰ ਹੋ ਕੇ ਸਿੱਖ ਕੌਮ 'ਤੇ ਅਧਾਰਿਤ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਲਈ ਵਿਚਾਰਾਂ ਕੀਤੀਆ । ਇਸ ਇਕੱਤਰਤਾ ਵਿਚ ਸਰਬੱਤ ਖ਼ਾਲਸਾ ਵੱਲੋਂ ਸਰਬਸੰਮਤੀ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਨਿਯੁਕਤ ਕੀਤੇ ਗਏ ਸਤਿਕਾਰਯੋਗ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਸਖਸ਼ੀਅਤ ਦੇ ਨਾਮ ਦੀ ਵੀ ਵਰਤੋਂ ਕੀਤੀ ਗਈ। ਜਦੋਂਕਿ ਇਸ ਨਿਊਯਾਰਕ ਵਿਖੇ ਕੀਤੀ ਗਈ ਇਕੱਤਰਤਾ ਦੇ ਪ੍ਰਬੰਧਕਾਂ ਵੱਲੋਂ ਦੂਸਰੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਭਾਈ ਧਿਆਨ ਸਿੰਘ ਮੰਡ ਐਕਟਿੰਗ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਬਲਜੀਤ ਸਿੰਘ ਦਾਦੂਵਾਲ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਜੀ ਦੀ ਕੋਈ ਪ੍ਰਵਾਨਗੀ ਨਹੀਂ ਲਈ ਗਈ। ਹਾਲਾਂ ਕਿ ਅਜਿਹੀ ਬਣਨ ਵਾਲੀ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਦਾ ਅਧਿਕਾਰ ਵੀ ਸਰਬੱਤ ਖ਼ਾਲਸਾ ਨੇ ਚਾਰੇ ਸਤਿਕਾਰਯੋਗ ਜਥੇਦਾਰ ਸਾਹਿਬਾਨ ਨੂੰ ਬਖਸ਼ਿਸ਼ ਕੀਤਾ ਹੋਇਆ ਹੈ। ਕਾਨੂੰਨੀ ਤੇ ਇਖ਼ਲਾਕੀ ਤੌਰ ਤੇ ਵੀ ਇਹ ਅਧਿਕਾਰ ਸਾਂਝੇ ਤੌਰ ਤੇ ਸਮੁੱਚੇ ਜਥੇਦਾਰ ਸਾਹਿਬਾਨ ਕੋਲ ਹੀ ਹੈ। ਫਿਰ ਦੋ-ਚਾਰ ਸਿੱਖ ਬੁੱਧੀਜੀਵੀਆਂ ਜਾਂ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵੱਲੋਂ 'ਵਰਲਡ ਸਿੱਖ ਪਾਰਲੀਮੈਂਟ' ਬਣਾਉਣ ਦੇ ਕੀਤੇ ਜਾ ਰਹੇ ਦੁੱਖਦਾਇਕ ਅਮਲ ਕੀ ਮਾਇਨਾ ਰੱਖਦੇ ਹਨ ਅਤੇ ਨਾ ਹੀ ਇਸ ਤਰ੍ਹਾਂ ਧੜੇਬਾਜੀ ਸੋਚ ਅਧੀਨ ਬਣਾਈ ਜਾਣ ਵਾਲੀ ਵਰਲਡ ਸਿੱਖ ਪਾਰਲੀਮੈਂਟ ਦਾ ਕੋਈ ਕੌਮਾਂਤਰੀ ਪੱਧਰ ਤੇ ਮਹੱਤਵ ਹੋਵੇਗਾ। ਇਸ ਲਈ ਸਿੱਖ ਕੌਮ ਨਾਲ ਸੰਬੰਧਤ ਵੱਖ-ਵੱਖ ਧਾਰਮਿਕ, ਸਿਆਸੀ ਅਤੇ ਸਮਾਜਿਕ ਗਰੁੱਪਾਂ ਤੇ ਸਖਸ਼ੀਅਤਾਂ ਨੂੰ ਇਸ ਉਪਰੋਕਤ ਗੰਭੀਰ ਵਿਸ਼ੇ ਉਤੇ ਇਕੱਤਰ ਕਰਨ ਤੋਂ ਬਿਨ੍ਹਾਂ ਕੋਈ ਅਮਲ ਕਰਨਾ ਤਾਂ 'ਕਾਲੇ ਸਾਹ ਹਨ੍ਹੇਰੇ ਵਿਚ ਕਾਲੀ ਬਿੱਲੀ ਫੜਨ' ਦੇ ਤੁਲ ਹੀ ਅਮਲ ਹੋਣਗੇ ਅਤੇ ਅਜਿਹੀਆ ਕਾਰਵਾਈਆ ਤਾਂ ਸੰਜ਼ੀਦਾ ਸਿੱਖ ਮੁੱਦਿਆ ਉਤੇ ਸਮੁੱਚੇ ਸੰਸਾਰ ਵਿਚ ਇਕ ਕੌਮੀ ਰਾਏ ਪੈਦਾ ਕਰਨ ਦੀ ਬਜਾਇ ਹੋਰ ਵਖਰੇਵੇ ਖੜ੍ਹੇ ਕਰਨ ਅਤੇ ਕੌਮ ਨੂੰ ਭੰਬਲਭੂਸੇ ਵੱਲ ਧਕੇਲਣ ਵਾਲੇ ਹੀ ਹੋਣਗੇ । ਇਸ ਲਈ ਜਿਨ੍ਹਾਂ ਵੀ ਪ੍ਰਬੰਧਕਾਂ ਨੇ ਨਿਊਯਾਰਕ ਵਿਖੇ ਇਹ ਗੈਰ-ਦਲੀਲ ਅਤੇ ਗੈਰ-ਸਿਧਾਤਿਕ ਕਾਰਵਾਈ ਕੀਤੀ ਹੈ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸਰਬੱਤ ਖ਼ਾਲਸਾ ਵੱਲੋਂ ਚੁਣੇ ਗਏ ਸਤਿਕਾਰਯੋਗ ਜਥੇਦਾਰ ਸਾਹਿਬਾਨ ਨੂੰ ਸਾਂਝੇ ਤੌਰ ਤੇ ਇਸ ਗੰਭੀਰ ਵਿਸ਼ੇ ਤੇ ਕੌਮ ਦੀ ਸੁਚੱਜੀ ਅਤੇ ਫੈਸਲਾਕੁੰਨ ਅਗਵਾਈ ਕਰਨ ਲਈ ਸਹਿਯੋਗ ਕਰਨ । ਨਾ ਕਿ ਆਪੋ-ਧਾਪੀ ਅਤੇ ਹਊਮੇ ਭਰੀ ਸੋਚ ਦੇ ਗੁਲਾਮ ਬਣਕੇ 'ਵਰਲਡ ਸਿੱਖ ਪਾਰਲੀਮੈਂਟ' ਵਰਗੇ ਕੌਮੀ ਪਵਿੱਤਰ ਸਿਧਾਤ ਤੇ ਨਾਮ ਦਾ ਜਨਾਜ਼ਾ ਕੱਢਣ ।"



ਅਕਾਲੀ ਦਲ (ਅੰਮ੍ਰਿਤਸਰ) ਦੇ ਮੁੱਖ ਬੁਲਾਰੇ ਨੇ ਨਿਊਯਾਰਕ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਤਿਕਾਰਯੋਗ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਜੀ ਦੀ ਸਖਸ਼ੀਅਤ ਦੇ ਨਾਮ ਦੀ ਦੁਰਵਰਤੋਂ ਕਰਕੇ ਇਕੱਤਰਤਾ ਕਰਨ ਵਾਲੇ ਗੁਰਮੁੱਖਾਂ ਨੂੰ ਅਤਿ ਸੰਜ਼ੀਦਾ ਅਪੀਲ ਕਰਦੇ ਹੋਏ ਅਤੇ ਸਤਿਕਾਰਯੋਗ ਚਾਰੇ ਜਥੇਦਾਰ ਸਾਹਿਬਾਨ ਨੂੰ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਦੇ ਆਪਣੇ ਕੌਮੀ ਫਰਜਾਂ ਦੀ ਪੂਰਤੀ ਕਰਨ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਇਸ ਗੱਲ ਤੇ ਵੀ ਗਹਿਰਾ ਦੁੱਖ ਪ੍ਰਗਟ ਕੀਤਾ ਕਿ ਜਿਨ੍ਹਾਂ ਨੇ ਨਿਊਯਾਰਕ ਇਕੱਤਰਤਾ ਦਾ ਪ੍ਰਬੰਧ ਕੀਤਾ ਹੈ, ਉਹ ਸੱਜਣ ਸਰਬੱਤ ਖ਼ਾਲਸਾ ਵੱਲੋਂ ਨਿਯੁਕਤ ਕੀਤੇ ਗਏ ਜਥੇਦਾਰ ਸਾਹਿਬਾਨ ਨੂੰ ਤਾਂ ਪ੍ਰਵਾਨ ਨਹੀਂ ਕਰਦੇ ਅਤੇ ਨਾ ਹੀ ਸਰਬੱਤ ਖ਼ਾਲਸਾ ਵੱਲੋਂ ਪਾਸ ਕੀਤੇ ਗਏ 12 ਮਤਿਆਂ ਨੂੰ ਪ੍ਰਵਾਨਗੀ ਦਿੰਦੇ ਹਨ । ਫਿਰ ਉਨ੍ਹਾਂ ਨੂੰ ਕੀ ਇਖ਼ਲਾਕੀ, ਕਾਨੂੰਨੀ ਅਤੇ ਸਮਾਜਿਕ ਅਧਿਕਾਰ ਹੈ ਕਿ ਉਹ ਸਿੱਖ ਕੌਮ ਦੇ ਅਤਿ ਸੰਜ਼ੀਦਾ ਮੁੱਦੇ 'ਵਰਲਡ ਸਿੱਖ ਪਾਰਲੀਮੈਂਟ' ਜਿਸ ਨੇ ਕੌਮਾਂਤਰੀ ਪੱਧਰ ਤੇ ਸਿੱਖ ਕੌਮ ਦੀ ਸਿਆਸੀ, ਧਾਰਮਿਕ, ਇਖ਼ਲਾਕੀ ਅਤੇ ਸਮਾਜਿਕ ਤੌਰ ਤੇ ਅਗਵਾਈ ਕਰਨੀ ਹੈ, ਉਸ ਨੂੰ ਬਣਾਉਣ ਦੀ ਗੱਲ ਕਰਨ ਅਤੇ ਸਿੱਖ ਕੌਮ ਵਿਚ ਹੋਰ ਦੁਬਿਧਾ ਪੈਦਾ ਕਰਨ ?

ਸ. ਟਿਵਾਣਾ ਨੇ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਲੰਮੇਂ ਸਮੇਂ ਤੋਂ ਹੁਕਮਰਾਨਾਂ ਵੱਲੋਂ ਗੈਰ-ਕਾਨੂੰਨੀ ਤਰੀਕੇ ਜ਼ਬਰੀ ਬੰਦੀ ਬਣਾਏ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਵੀ ਸਮੁੱਚੀ ਕੌਮ ਅਤੇ ਕੌਮੀ ਸਿਧਾਂਤਿਕ ਸੋਚ ਦੇ ਬਿਨ੍ਹਾਂ ਤੇ ਜੋਰਦਾਰ ਅਪੀਲ ਕਰਦੇ ਹੋਏ ਕਿਹਾ ਕਿ ਜੋ ਵੀ ਇਨਸਾਨ ਜਾਂ ਸਖਸ਼ੀਅਤ ਜੇਲ੍ਹ ਵਿਚ ਬੰਦੀ ਹੋਵੇ, ਉਨ੍ਹਾਂ ਨੂੰ ਕਤਈ ਵੀ ਬਾਹਰੀ ਕੌਮੀ ਸਥਿਤੀ ਦੀ ਸਹੀ ਜਾਣਕਾਰੀ ਉਪਲੱਬਧ ਨਹੀਂ ਹੋ ਸਕਦੀ ਅਤੇ ਜੋ ਵੀ ਉਨ੍ਹਾਂ ਕੋਲ ਮੁਲਾਕਾਤਾਂ ਕਰਨ ਵਾਲਿਆ ਵੱਲੋਂ ਪੇਸ਼ ਕੀਤਾ ਜਾਵੇਗਾ, ਉਸਦੇ ਆਧਾਰ ਤੇ ਹੀ ਅਜਿਹੀ ਸਖਸ਼ੀਅਤ ਕੋਈ ਰਾਏ ਬਣਾ ਸਕਦੇ ਹਨ । ਫਿਰ ਖ਼ਾਲਸਾ ਪੰਥ ਦਾ ਇਹ ਇਤਿਹਾਸ ਰਿਹਾ ਹੈ ਕਿ ਬੰਦੀ ਸਖਸ਼ੀਅਤਾਂ ਹਮੇਸ਼ਾਂ ਆਪਣੇ ਬਾਹਰਲੇ ਸਾਥੀਆਂ ਉਤੇ ਕੌਮੀ ਫੈਸਲੇ ਲੈਣ ਲਈ ਪੂਰਨ ਵਿਸ਼ਵਾਸ ਵੀ ਕਰਦੀ ਹੈ ਅਤੇ ਉਨ੍ਹਾਂ ਬਾਹਰਲੇ ਸਾਥੀਆਂ ਵੱਲੋਂ ਉਲੀਕੇ ਜਾਣ ਵਾਲੇ ਸਰਬਸੰਮਤੀ ਦੇ ਕੌਮੀ ਪ੍ਰੋਗਰਾਮਾਂ ਨੂੰ ਸਹਿਯੋਗ ਵੀ ਕਰਦੀ ਆਈ ਹੈ । ਇਸ ਲਈ ਉਪਰੋਕਤ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਦੇ ਮੁੱਦੇ ਉਤੇ ਜੇਕਰ ਚਾਰੇ ਸਤਿਕਾਰਯੋਗ ਜਥੇਦਾਰ ਸਾਹਿਬਾਨ ਮੁਲਾਕਾਤਾਂ ਰਾਹੀ ਆਪਸੀ ਵਿਚਾਰਾਂ ਸਾਂਝੀਆ ਕਰਕੇ ਇਸ ਵਰਲਡ ਸਿੱਖ ਪਾਰਲੀਮੈਂਟ ਨੂੰ ਆਪਣੀ ਅਤੇ ਸਿਧਾਂਤਿਕ ਅਗਵਾਈ ਵਿਚ ਬਣਾਉਣ ਲਈ ਉਦਮ ਕਰ ਸਕਣ, ਤਾਂ ਜਿਥੇ ਇਹ ਸਿਧਾਂਤਿਕ ਤੇ ਕੌਮੀ ਲੀਹਾਂ ਉਤੇ ਵਰਲਡ ਸਿੱਖ ਪਾਰਲੀਮੈਂਟ ਹੋਂਦ ਵਿਚ ਆ ਸਕੇਗੀ, ਉਥੇ ਇਸ ਸਿਧਾਂਤਕ ਤਰੀਕੇ ਕੀਤੇ ਜਾਣ ਵਾਲੇ ਉਦਮ ਸਿੱਖ ਕੌਮ ਵਿਚ ਵੱਖ-ਵੱਖ ਖਿਆਲਾ ਦੀਆਂ ਧਾਰਨੀ ਸਖਸ਼ੀਅਤਾਂ, ਆਗੂਆਂ ਅਤੇ ਪਾਰਟੀਆਂ ਨੂੰ ਵੀ ਕੌਮਾਂਤਰੀ ਪੱਧਰ ਉਤੇ ਇਕ ਪਲੇਟਫਾਰਮ 'ਤੇ ਵਰਲਡ ਸਿੱਖ ਪਾਰਲੀਮੈਂਟ ਦੀ ਅਗਵਾਈ ਵਿਚ ਇਕੱਤਰ ਕਰਨ ਵਿਚ ਕਾਮਯਾਬ ਹੋ ਸਕਣਗੇ ।

ਅਕਾਲੀ ਦਲ (ਅੰਮ੍ਰਿਤਸਰ) ਨੇ ਉਮੀਦ ਪ੍ਰਗਟਾਈ ਹੈ ਕਿ ਨਿਊਯਾਰਕ ਵਿਖੇ ਇਕੱਤਰਤਾ ਦਾ ਪ੍ਰਬੰਧ ਕਰਨ ਵਾਲੇ ਗੁਰਮੁੱਖ ਸੱਜਣਾਂ ਅਤੇ ਸਿੱਖ ਕੌਮ ਦੇ 'ਸਰਬੱਤ ਖ਼ਾਲਸਾ ਦੇ ਸਿਧਾਂਤ' ਰਾਹੀ ਚੁਣੇ ਗਏ ਸਤਿਕਾਰਯੋਗ ਚਾਰੇ ਸਿੰਘ ਸਾਹਿਬਾਨ ਸਾਡੇ ਵੱਲੋਂ ਕੀਤੀ ਜਾਣ ਵਾਲੀ ਅਪੀਲ ਉਤੇ ਸੰਜ਼ੀਦਾ ਗੌਰ ਕਰਕੇ ਅਸਲੀ ਮਾਇਨਿਆ ਵਿਚ ਜਿਵੇਂ ਸਿਧਾਂਤਿਕ ਤੌਰ ਤੇ ਵਰਲਡ ਸਿੱਖ ਪਾਰਲੀਮੈਂਟ ਹੋਂਦ ਵਿਚ ਆਉਣੀ ਚਾਹੀਦੀ ਹੈ, ਉਸੇ ਢੰਗ ਨਾਲ ਇਸ ਵਰਲਡ ਸਿੱਖ ਪਾਰਲੀਮੈਂਟ ਨੂੰ ਸਾਂਝੇ ਤੌਰ ਤੇ ਕਾਇਮ ਕਰਨ ਦੀ ਕੌਮੀ ਜਿੰਮੇਵਾਰੀ ਨਿਭਾਉਣਗੇ ।




# ਪੰਜਾਬ ਹੋਇਆ ਦਾਗਦਾਰ, ਵੈੱਬਸਾਈਟਾਂ ਰਾਹੀਂ ਵੀ ਚੱਲਦੈ 'ਦੇਹ ਵਪਾਰ'

## ਕਈ ਅਧਿਆਪਕਾਵਾਂ, ਵਿਦਿਆਰਥਣਾਂ, ਸ਼ੌਕੀਨ ਔਰਤਾਂ, ਤਲਾਕਸ਼ੁਦਾ ਔਰਤਾਂ ਪਈਆਂ ਧੰਦੇ 'ਚ

**ਜੰਡਿਆਲਾ ਗੁਰੁ/ਪਰਗਟ ਸਿੰਘ:** ਵੇਸਵਾਪੁਣੇ ਦਾ ਬਦਨਾਮ ਧੰਦਾ ਬੜੀ ਤੇਜ਼ੀ ਨਾਲ ਇਸ ਸਰਹੱਦੀ ਸੂਬੇ ਵਿਚ ਆਪਣੇ ਪੈਰ ਪਸਾਰ ਰਿਹਾ ਹੈ। ਇਹ ਤੱਥ ਮੁੰਬਈ ਵਿਚ ਪੱਤਰਕਾਰਿਤਾ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਵਲੋਂ ਪੰਜਾਬ ਦੇ ਸਾਮਾਜਿਕ ਤਾਣੇ-ਬਾਣੇ 'ਤੇ ਕੀਤੇ ਜਾ ਰਹੇ ਇਕ ਸਰਵੇਖਣ ਵਿਚ ਉਭਰ ਕੇ ਸਾਹਮਣੇ ਆਏ ਹਨ। ਇਹ ਵਿਦਿਆਰਥੀ ਮੁੱਖ ਤੌਰ 'ਤੇ ਸੂਬੇ ਵਿਚ ਕਿਸਾਨ ਖੁਦਕੁਸ਼ੀਆਂ, ਬੇਰੁਜ਼ਗਾਰੀ, ਔਰਤਾਂ ਦੀ ਹਾਲਤ ਆਦਿ ਮੁੱਦਿਆਂ 'ਤੇ ਖੋਜ ਕਾਰਜ ਕਰ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਦੇ ਅਗਵਾਈ ਕਰ ਰਹੇ ਰਾਜੇਸ਼ਵਰ ਕੇਤਕਰ ਨੇ ਦੱਸਿਆ ਕਿ ਕਾਲ ਗਰਲਜ਼ ਦੀ ਸੌਖੀ ਅਤੇ ਸਹਿਜ ਪ੍ਰਾਪਤੀ ਨੇ ਸਕੂਲੀ ਵਿਦਿਆਰਥੀਆਂ ਤੋਂ ਲੈ ਕੇ 70 ਸਾਲ ਦੇ ਬੁੱਢਿਆਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ।ਹਕੀਕਤ ਇਹ ਹੈ ਕਿ ਹੋਟਲਾਂ, ਕੋਠੀਆਂ ਅਤੇ ਗੁਪਤ ਅੱਡਿਆਂ ਤੋਂ ਇਲਾਵਾ ਕਾਲ ਗਰਲਜ਼ ਨੂੰ ਬੜੀ ਆਸਾਨੀ ਨਾਲ ਆਪਣੀ ਪਸੰਦ ਦੇ ਹਿੱਲ ਸਟੇਸ਼ਨਾਂ 'ਤੇ ਲੈ ਲਿਜਾਇਆ ਜਾ ਸਕਦਾ ਹੈ। ਇਹ ਗੱਲ ਗਾਹਕ ਦੀ ਜੇਬ 'ਤੇ ਨਿਰਭਰ ਕਰਦੀ ਹੈ ਕਿ ਉਹ ਕਿਸ ਤਰ੍ਹਾਂ ਅਤੇ ਕਿਸ ਪੱਧਰ 'ਤੇ ਮੌਜ-ਮਸਤੀ ਕਰਨਾ ਚਾਹੁੰਦਾ ਹੈ। ਇਸ ਕੰਮ ਲਈ ਕਈ ਹੋਟਲ ਘੰਟਿਆਂ ਦੇ ਆਧਾਰ 'ਤੇ ਕਮਰਾ ਮੁਹੱਈਆ ਕਰਾਉਂਦੇ ਹਨ। ਇਨ੍ਹੀਂ ਦਿਨੀਂ ਪੰਜਾਬ ਨਾਲ ਸਬੰਧਿਤ ਇੰਟਰਨੈੱਟ 'ਤੇ ਅਜਿਹੀਆਂ ਅਨੇਕਾਂ ਵੈੱਬਸਾਈਟਾਂ ਧੜੱਲੇ ਨਾਲ ਚੱਲ ਰਹੀਆਂ ਹਨ, ਜੋ ਸ਼ਰੇਆਮ ਕਾਲ ਗਰਲਜ਼ ਮੁਹੱਈਆ ਕਰਾਉਣ ਦੇ ਕੰਮ ਨੂੰ ਅੰਜਾਮ ਦੇ ਰਹੀਆਂ ਹਨ। ਇਨ੍ਹਾਂ ਵੈੱਬਸਾਈਟਾਂ 'ਤੇ ਨਾ ਸਿਰਫ ਸੰਚਾਲਕਾਂ ਦੇ ਮੋਬਾਇਲ ਨੰਬਰ ਦਿੱਤੇ ਗਏ ਹਨ, ਸਗੋਂ ਕਾਲ ਗਰਲਜ਼ ਦੇ ਰੇਟ ਵੀ ਦਰਜ ਹਨ। ਇਕ ਘੰਟਾ, ਅੱਧਾ ਦਿਨ, ਪੂਰਾ ਦਿਨ ਜਾਂ 24 ਘੰਟਿਆਂ ਦੇ ਮਨੋਰੰਜਨ ਦੇ ਵੱਖ-ਵੱਖ ਰੇਟ ਦਿੱਤੇ ਗਏ ਹਨ। ਸ਼ਹਿਰ ਤੋਂ ਬਾਹਰ ਲਿਜਾਣ ਦੇ ਵਾਧੂ ਪੈਸੇ ਲਏ ਜਾਂਦੇ ਹਨ। ਇਨ੍ਹਾਂ ਵੈੱਬਸਾਈਟਾਂ ਦਾ ਨੈੱਟਵਰਕ ਪੁਲਸ ਜੇਕਰ ਚਾਹੇ ਤਾਂ ਇਕ ਦਿਨ ਵਿਚ ਤਹਿਸ-ਨਹਿਸ ਕਰ ਸਕਦੀ ਹੈ ਪਰ ਅਸਲੀਅਤ ਵਿਚ ਅਜਿਹਾ ਨਹੀਂ ਹੁੰਦਾ।



ਕੇਤਕਰ ਦਾ ਕਹਿਣਾ ਹੈ ਕਿ ਪੰਜਾਬ ਦੇ ਹਰੇਕ ਸ਼ਹਿਰ ਵਿਚ ਅਜਿਹੀਆਂ ਆਂਟੀਆਂ ਸਰਗਰਮ ਹਨ, ਜੋ ਨਾ ਸਮਝ ਲੜਕੀਆਂ, ਵਿਧਵਾਵਾਂ ਤੇ ਤਲਾਕਸ਼ੁਦਾ ਔਰਤਾਂ ਨੂੰ ਤਰ੍ਹਾਂ-ਤਰ੍ਹਾਂ ਦੇ ਸੁਪਨੇ ਦਿਖਾ ਕੇ ਤੇ ਪੈਸੇ ਦਾ ਲਾਲਚ ਦੇ ਕੇ ਆਪਣੇ ਚੁੰਗਲ ਵਿਚ ਫਸਾ ਲੈਂਦੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਇਸ ਦਲਦਲ ਵਿਚੋਂ ਉਸ ਸਮੇਂ ਤੱਕ ਬਾਹਰ ਨਹੀਂ ਨਿਕਲਣ ਦਿੰਦੀਆਂ, ਜਦੋਂ ਤੱਕ ਉਨ੍ਹਾਂ ਦੀ ਜਵਾਨੀ ਬਰਬਾਦ ਨਹੀਂ ਹੋ ਜਾਂਦੀ, ਜਾਂ ਉਹ ਕਿਸੇ ਗੰਭੀਰ ਬੀਮਾਰੀ ਦਾ ਸ਼ਿਕਾਰ ਨਹੀਂ ਹੋ ਜਾਂਦੀਆਂ। ਇਸ ਧੰਦੇ ਵਿਚ ਕੁਝ ਅਧਿਆਪਕਾਂ, ਕਾਲਜ ਦੀਆਂ ਵਿਦਿਆਰਥਣਾਂ ਵੀ ਸ਼ਾਮਲ ਹੋ ਚੁੱਕੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵੇਸਵਾਪੁਣੇ ਦੇ ਧੰਦੇ ਵਿਚ ਪੁਲਸ ਦੀ ਕਾਰਜਪ੍ਰਣਾਲੀ ਵੀ ਸ਼ੱਕੀ ਹੈ। ਇਕ ਮਾਂ, ਜਿਸ ਦੀ ਬੇਟੀ ਨੂੰ ਇਕ ਬਦਨਾਮ ਆਂਟੀ ਨੇ ਜ਼ਬਰਦਸਤੀ ਆਪਣਾ ਬੰਧਕ ਬਣਾ ਰੱਖਿਆ ਸੀ, ਨੇ ਜਦੋਂ ਉਸ ਨੂੰ ਛੁਡਾਉਣ ਲਈ ਪੁਲਸ ਨੂੰ ਅਪੀਲ ਕੀਤੀ ਤਾਂ ਥਾਣੇ ਵਾਲਿਆਂ ਨੇ ਗਾਲ੍ਹਾਂ ਕੱਢ ਕੇ ਉਸ ਨੂੰ ਭਜਾ ਦਿੱਤਾ। ਸਿਰਫ ਇੰਨਾ ਹੀ ਨਹੀਂ, ਉਸ ਆਂਟੀ ਨੂੰ ਵੀ ਕਹਿ ਦਿੱਤਾ ਗਿਆ ਕਿ ਉਹ ਕੁੜੀ ਨੂੰ ਇਧਰ-ਉਧਰ ਕਰ ਦੇਵੇ। ਕਿਹਾ ਜਾਂਦਾ ਹੈ ਕਿ ਪੁਲੀਸ ਦੀਆਂ ਕੁਝ ਕੁ ਕਾਲੀਆਂ ਭੇਡਾਂ ਇਸ ਧੰਦੇ ਦੀ ਕਾਲੀ ਕਮਾਈ ਖਾ ਰਹੀਆਂ ਹਨ।

ਕੇਤਕਰ ਨੇ ਦੱਸਿਆ ਕਿ ਜਿੱਥੇ ਨਵੇਂ-ਨਵੇਂ ਫੈਸ਼ਨਾਂ ਦੀਆਂ ਸ਼ੌਕੀਨ ਕੁੜੀਆਂ ਦੇਹ ਵਪਾਰ ਦੇ ਧੰਦੇ ਨੂੰ ਖੁਦ ਅਪਣਾ ਰਹੀਆਂ ਹਨ, ਉੱਥੇ ਹੀ ਨਿਖੱਟੂ ਅਤੇ ਕੰਮਚੋਰ ਪਤੀਆਂ ਦੀਆਂ ਪਤਨੀਆਂ ਨੂੰ ਘਰ ਚਲਾਉਣ ਲਈ ਮਜ਼ਬੂਰੀ ਕਾਰਨ ਇਸ ਘਿਨੌਣੇ ਕਾਰੋਬਾਰ ਦੀ ਸ਼ਰਨ ਵਿਚ ਜਾਣਾ ਪੈ ਰਿਹਾ ਹੈ। ਜਲੰਧਰ, ਲੁਧਿਆਣਾ, ਅੰਮ੍ਰਿਤਸਰ ਇਸ ਦੇ ਵੱਡੇ ਅੱਡੇ ਬਣ ਚੁੱਕੇ ਹਨ।

# ਕੈਨੇਡਾ ਵਿਚ ਬਣੀ ਪਹਿਲੀ ਸਿੱਖ ਬੀਬੀ ਬਣੀ ਟਰੱਕ ਡਰਾਈਵਰ

**ਵੈਨਕੂਵਰ/ਬਿਊਰੋ ਨਿਊਜ਼:** ਪੰਜਾਬ ਦੇ ਸ਼ਹਿਰ ਕਪੂਰਥਲਾ ਵਿਚ ਜੰਮੀ ਰਾਜਵਿੰਦਰ ਕੌਰ ਨੇ ਕੈਨੇਡਾ ਵਰਗੇ ਦੇਸ਼ ਵਿਚ ਪਹਿਲੀ ਸਿੱਖ ਬੀਬੀ ਵਜੋਂ ਟਰੱਕ ਡਰਾਈਵਰ ਹੋਣ ਦਾ ਸਨਮਾਨ ਹਾਸਲ ਕੀਤਾ। ਉਸ ਨੇ ਦੱਸਿਆ ਕਿ ਉਹ ਕੈਨੇਡਾ ਅਤੇ ਅਮਰੀਕਾ ਦੀਆਂ ਸੜਕਾਂ 'ਤੇ ਟਰੱਕ ਚਲਾਉਂਦੀ ਹੈ ਅਤੇ ਉਸ ਨੂੰ ਮਾਣ ਹੈ ਕਿ ਉਸ ਨੇ ਆਪਣਾ ਸੁਪਨਾ ਪੂਰਾ ਕੀਤਾ ਹੈ। ਉਸ ਨੇ ਦੱਸਿਆ ਕਿ ਉਸ ਨੇ ਪੰਜਾਬ ਵਿਚ ਤਾਂ ਕਦੇ ਸਾਈਕਲ ਤਕ ਨਹੀਂ ਚਲਾਇਆ ਸੀ ਪਰ ਆਪਣੀ ਜ਼ਿੱਦ ਕਾਰਨ ਉਹ ਕੈਨੇਡਾ ਵਿਚ ਟਰੱਕ ਚਲਾ ਰਹੀ ਹੈ। ਰਾਜਵਿੰਦਰ ਕੌਰ ਨੇ ਦੱਸਿਆ ਕਿ ਕੈਨੇਡਾ ਵਿਚ ਗੋਰੀਆਂ ਨੂੰ ਟਰੱਕ ਚਲਾਉਂਦੀਆਂ ਦੇਖ ਉਸ ਦੇ ਦਿਲ ਵਿਚ ਵੀ ਇੱਛਾ ਜਾਗੀ ਕਿ ਉਹ ਵੀ ਟਰੱਕ ਚਲਾਵੇ। ਉਸ ਦਾ ਪਤੀ ਪਹਿਲਾਂ ਹੀ ਟਰੱਕ ਡਰਾਈਵਰ ਰਿਹਾ ਹੈ ਅਤੇ ਇਸੇ ਕਾਰਨ ਉਸ ਨੇ ਉਸ ਤੋਂ ਹੀ ਟਰੱਕ ਚਲਾਉਣ ਦੀ ਸਿਖਲਾਈ ਲਈ। ਰਾਜਵਿੰਦਰ ਨੇ ਦੱਸਿਆ ਕਿ ਹੁਣ ਉਹ 53 ਫੁੱਟ ਲੰਬਾ ਟਰੱਕ ਚਲਾ ਰਹੀ ਹੈ। ਰਾਜਵਿੰਦਰ ਦਾ ਜਨਮ ਕਪੂਰਥਲੇ ਦੇ ਪਿੰਡ ਸਿੰਧਵਾਂ ਦੋਨਾਂ ਦੇ ਨਿਵਾਸੀ ਕਿਸਾਨ ਮਲਕੀਤ ਸਿੰਘ ਦੇ ਘਰ ਹੋਇਆ। ਰਾਜਵਿੰਦਰ ਨੇ ਦੱਸਿਆ ਕਿ ਉਸ ਨੇ ਹਿੰਦੂ ਕੰਨਿਆ ਕਾਲਜ ਕਪੂਰਥਲਾ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਉਸ ਦਾ ਵਿਆਹ 1999 ਵਿਚ ਬੋਪਾਰਾਏ ਦੇ ਮਲਕੀਤ ਸਿੰਘ ਨਾਲ ਵਿਆਹ ਹੋਇਆ। ਮਲਕੀਤ ਦਾ ਪਰਿਵਾਰ ਵੈਨਕੂਵਰ ਕੈਨੇਡਾ ਵਿਚ ਰਹਿੰਦਾ ਸੀ ਅਤੇ ਉਹ ਵੀ ਵਿਆਹ ਮਗਰੋਂ ਕੈਨੇਡਾ ਗਈ। ਜਦ ਉਸ ਨੇ ਗੋਰੀਆਂ ਨੂੰ ਦੇਖ ਕੇ ਟਰੱਕ ਚਲਾਉਣ ਦੀ ਇੱਛਾ ਪ੍ਰਗਟ ਕੀਤੀ ਤਾਂ ਉਸ ਦੇ ਪਤੀ ਨੇ ਵੀ ਖੁਸ਼ੀ-ਖੁਸ਼ੀ ਉਸ ਦੀ ਇੱਛਾ ਪੂਰੀ ਕਰਨ ਲਈ ਪੂਰਾ ਸਾਥ ਦਿੱਤਾ। ਉਸ ਨੇ ਡਰਾਈਵਰੀ ਸਿੱਖੀ ਅਤੇ ਲਾਇਸੈਂਸ ਲਿਆ। ਹੁਣ ਉਹ 2002 ਤੋਂ ਇਕੱਲੀ ਹੀ ਟਰੱਕ ਚਲਾਉਂਦੀ ਹੈ। ਉਨ੍ਹਾਂ ਦੇ ਦੋ ਪੁੱਤਰ ਹਨ। ਵੱਡਾ ਮੁੰਡਾ ਜ਼ੋਰਾਵਰ ਸਿੰਘ 17 ਸਾਲ ਦਾ ਹੈ ਅਤੇ ਛੋਟਾ ਪੁੱਤ ਜੁਝਾਰ ਸਿੰਘ 15 ਸਾਲ ਦਾ ਹੈ ਅਤੇ ਦੋਵੇਂ ਪੜ੍ਹਾਈ ਕਰ ਰਹੇ ਹਨ।



ਰਾਜਵਿੰਦਰ ਫਿਲਹਾਲ ਆਪਣੀ ਭਤੀਜੀ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਪੰਜਾਬ ਆਈ ਹੋਈ ਹੈ। ਉਸ ਦੇ ਪਰਿਵਾਰ ਨੂੰ ਉਸ 'ਤੇ ਮਾਣ ਹੈ। ਰਾਜਵਿੰਦਰ ਨੇ ਕਿਹਾ ਕਿ ਉਹ ਔਰਤਾਂ ਨੂੰ ਅਪੀਲ ਕਰਦੀ ਹੈ ਕਿ ਉਹ ਕੋਈ ਵੀ ਕੰਮ ਔਖਾ ਸਮਝ ਕੇ ਘਬਰਾਉਣ ਨਾ ਸਗੋਂ ਹਿੰਮਤ ਨਾਲ ਉਸ ਨੂੰ ਪੂਰਾ ਕਰਨ ਲਈ ਕੋਸ਼ਿਸ਼ਾਂ ਕਰਨ ਤਾਂ ਕਿ ਦੁਨੀਆ ਉਨ੍ਹਾਂ ਦੀ ਅਸਲੀ ਸ਼ਕਤੀ ਨੂੰ ਪਹਿਚਾਣ ਸਕੇ। ਉਸ ਨੇ ਹੱਸਦਿਆਂ ਕਿਹਾ,"ਭਾਵੇਂ ਪੰਜਾਬ ਵਿਚ ਮੈਂ ਸਾਈਕਲ ਨਹੀਂ ਚਲਾਇਆ ਪਰ ਕੈਨੇਡਾ ਵਿਚ 53 ਫੁੱਟ ਲੰਬੇ ਟਰੱਕ ਦੇ ਪਹੀਏ ਮੇਰੀ ਮਰਜ਼ੀ ਦੀ ਸਪੀਡ ਨਾਲ ਦੌੜਦੇ ਹਨ।"

# ਆਪਣੇ ਪਿਤਾ ਦੇ ਕਾਤਲਾਂ ਨੂੰ ਅਸੀਂ ਬਖ਼ਸ਼ ਚੁੱਕੇ ਹਾਂ: ਰਾਹੁਲ ਗਾਂਧੀ

**ਸਿੰਗਾਪੁਰ/ਬਿਊਰੋ ਨਿਊਜ਼:** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਉਨ੍ਹਾਂ ਤੇ ਉਨ੍ਹਾਂ ਦੀ ਭੈਣ ਪ੍ਰਿਅੰਕਾ ਗਾਂਧੀ ਨੇ ਆਪਣੇ ਪਿਤਾ ਰਾਜੀਵ ਗਾਂਧੀ ਦੇ ਕਾਤਲਾਂ ਨੂੰ " ਪੂਰੀ ਤਰ੍ਹਾਂ ਮੁਆਫ਼ " ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਲਈ ਲੋਕਾਂ ਨੂੰ ਨਫ਼ਰਤ ਕਰਨਾ ਬੇਹੱਦ ਔਖਾ ਜਾਪਦਾ ਹੈ। ਸਿੰਗਾਪੁਰ ਵਿੱਚ ਆਈਆਈਐਮ ਦੀ ਅਲੂਮਨੀ ਦੇ ਰੂ-ਬ-ਰੂ ਹੁੰਦਿਆਂ ਰਾਹੁਲ ਗਾਂਧੀ ਨੇ ਆਪਣੀ ਦਾਦੀ ਇੰਦਰਾ ਗਾਂਧੀ ਤੇ ਪਿਤਾ ਰਾਜੀਵ ਗਾਂਧੀ ਦੀ ਹੱਤਿਆ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੂੰ ਪਤਾ ਸੀ ਕਿ ਕੋਈ ਸਟੈਂਡ ਲੈਣ ਸਮੇਂ ਕਿਹੋ ਜਿਹੀ ਕੀਮਤ ਤਾਰਨੀ ਪੈ ਸਕਦੀ ਹੈ। " ਅਸੀਂ ਜਾਣਦੇ ਸਾਂ ਕਿ ਸਾਡੇ ਪਿਤਾ ਨੂੰ ਮਰਨਾ ਪਵੇਗਾ। ਅਸੀਂ ਜਾਣਦੇ ਸਾਂ ਕਿ ਸਾਡੀ ਦਾਦੀ ਮਰਨ ਜਾ ਰਹੀ ਹੈ। ਸਿਆਸਤ ਵਿੱਚ ਜਦੋਂ ਤੁਸੀਂ ਗ਼ਲਤ ਤਾਕਤਾਂ ਨਾਲ ਉਲਝਦੇ ਹੋ ਜਾਂ ਤੁਸੀਂ ਕੋਈ ਸਟੈਂਡ ਲੈਂਦੇ ਹੋ ਤਾਂ ਤੁਹਾਨੂੰ ਜਾਨ ਦੇਣੀ ਪੈਣੀ ਹੈ।" ਇਸ ਸਮਾਗਮ ਦੀ ਵੀਡੀਓ ਕਾਂਗਰਸ ਨੇ ਟਵਿਟਰ 'ਤੇ ਜਾਰੀ ਕੀਤੀ ਹੈ। ਜਦੋਂ ਰਾਹੁਲ ਗਾਂਧੀ ਤੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਤੇ ਭੈਣ ਪ੍ਰਿਅੰਕਾ ਨੇ ਆਪਣੇ ਪਿਤਾ ਦੇ ਕਾਤਲਾਂ ਨੂੰ ਮੁਆਫ਼ ਕਰ ਦਿੱਤਾ ਹੈ ਤਾਂ ਉਨ੍ਹਾਂ ਕਿਹਾ " ਅਸੀਂ ਬੇਹੱਦ ਪ੍ਰੇਸ਼ਾਨ ਤੇ ਦੁਖੀ ਸਾਂ ਅਤੇ ਕਈ ਸਾਲ ਬਹੁਤ ਕ੍ਰੋਧਿਤ ਵੀ ਰਹੇ ਪਰ ਫਿਰ ਕਿਵੇਂ ਨਾ ਕਿਵੇਂ ਅਸੀਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਮੁਆਫ਼ ਕਰ

**ਬਾਕੀ ਸਫ਼ਾ 32 'ਤੇ**


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70

Diesel/Gas

Exit 137

ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons

open 6am to midnight

Phone: 765-478-6300



ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279

# ਭਾਜਪਾ ਦੀ ਅਗਵਾਈ ਵਾਲੇ ਸਾਂਝੇ ਮੋਰਚੇ ਵਿਚ ਉਭਰਨ ਲੱਗੀਆਂ ਤ੍ਰੇੜਾਂ

- ਤੇਲਗੂ ਦੇਸਮ ਆਂਧਰਾ ਨੂੰ ਵਿਸ਼ੇਸ਼ ਦਰਜਾ ਨਾ ਦਿੱਤੇ ਜਾਣ ਕਾਰਨ ਐਨ ਡੀ ਏ ਨਾਲ ਗੁੱਸੇ
- ਸ਼ਿਵ ਸੈਨਾ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ ਇਕੱਲਿਆਂ ਚੋਣਾਂ ਲੜਣ ਦਾ ਐਲਾਨ

**ਨਵੀਂ ਦਿੱਲੀ/ਬਿਊਰੋ ਨਿਊਜ਼:** ਉੱਤਰ-ਪੂਰਬ ਦੇ ਤਿੰਨ ਰਾਜਾਂ; ਨਾਗਾਲੈਂਡ, ਮੇਘਾਲਿਆ ਤੇ ਤ੍ਰਿਪੁਰਾ ਵਿੱਚ ਸੱਤਾ ਦੇ ਗਲਿਆਰਿਆਂ ਤੱਕ ਪਹੁੰਚਣ ਮਗਰੋਂ ਭਾਜਪਾ ਆਗੂ ਅੱਛੇ ਦਿਨ ਆਉਣ ਦੇ ਜਸ਼ਨ ਮਨਾ ਹੀ ਰਹੇ ਸਨ ਕਿ ਪਹਿਲਾਂ ਵੱਖ-ਵੱਖ ਥਾਂਵਾਂ 'ਤੇ ਅਹਿਮ ਸ਼ਖ਼ਸੀਅਤਾਂ; ਵੀ ਆਈ ਲੈਨਿਨ, ਡਾਕਟਰ ਅੰਬੇਡਕਰ, ਈ ਵੀ ਰਾਮਾਸਾਮੀ ਪੇਰੀਆਰ ਦੀਆਂ ਮੂਰਤੀਆਂ ਦੇ ਤੋੜੇ ਜਾਣ ਨੇ ਉਨ੍ਹਾਂ ਦੇ ਰੰਗ ਵਿੱਚ ਭੰਗ ਪਾ ਦਿੱਤਾ ਤੇ ਹੁਣ ਤੇਲਗੂ ਦੇਸਮ ਦੇ ਆਗੂ ਚੰਦਰ ਬਾਬੂ ਨਾਇਡੂ ਵੱਲੋਂ ਆਂਧਰਾ ਨੂੰ ਵਿਸ਼ੇਸ਼ ਦਰਜਾ ਨਾ ਦਿੱਤੇ ਜਾਣ ਕਾਰਨ ਐਨ ਡੀ ਏ ਨਾਲ ਸੀਮਤ ਹੱਦ ਤੱਕ ਤੋੜ-ਵਿਛੋੜਾ ਕਰਨ ਦੇ ਫ਼ੈਸਲੇ ਨੇ ਭਾਜਪਾ ਤੇ ਖ਼ਾਸ ਕਰ ਕੇ ਮੋਦੀ-ਅਮਿਤ ਸ਼ਾਹ ਜੋੜੀ ਲਈ ਧਰਮ ਸੰਕਟ ਪੈਦਾ ਕਰ ਦਿੱਤਾ ਹੈ।

ਚੰਦਰ ਬਾਬੂ ਨਾਇਡੂ ਦੇ ਆਦੇਸ਼ 'ਤੇ ਤੇਲਗੂ ਦੇਸਮ ਦੇ ਦੋ ਕੇਂਦਰੀ ਮੰਤਰੀਆਂ; ਅਸ਼ੋਕ ਗਜਪਤੀ ਰਾਜੂ ਤੇ ਵਾਈ ਐਸ ਚੌਧਰੀ ਨੇ ਆਪਣੇ ਅਸਤੀਫ਼ੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੌਂਪ ਦਿੱਤੇ। ਭਾਜਪਾ ਵੀ ਇਸ ਮਾਮਲੇ ਵਿੱਚ ਕਦੋਂ ਪਿੱਛੇ ਰਹਿਣ ਵਾਲੀ ਸੀ, ਉਸ ਨੇ ਚੰਦਰ ਬਾਬੂ ਨਾਇਡੂ ਦੀ ਵਜ਼ਾਰਤ ਵਿੱਚੋਂ ਆਪਣੇ ਦੋ ਮੰਤਰੀਆਂ ਤੋਂ ਅਸਤੀਫ਼ੇ ਦਿਵਾ ਕੇ ਇਹ ਪ੍ਰਭਾਵ ਦੇਣ ਦਾ ਜਤਨ ਕੀਤਾ ਹੈ ਕਿ ਉਹ ਆਪਣੇ ਰਾਜਸੀ ਭਵਿੱਖ ਲਈ ਕੇਵਲ ਚੰਦਰ ਬਾਬੂ ਨਾਇਡੂ ਉੱਤੇ ਹੀ ਨਿਰਭਰ ਨਹੀਂ। ਚੰਦਰ ਬਾਬੂ ਨਾਇਡੂ ਨੇ ਚਾਹੇ ਇਹ ਐਲਾਨ ਕੀਤਾ ਹੈ ਕਿ ਉਹ ਹਾਲ ਦੀ ਘੜੀ ਐਨ ਡੀ ਏ ਨਾਲ ਬਣੇ ਰਹਿਣਗੇ, ਪਰ ਜਿਵੇਂ ਕੇਂਦਰੀ ਖ਼ਜ਼ਾਨਾ ਮੰਤਰੀ ਅਰੁਣ ਜੇਤਲੀ ਨੇ ਇਹ ਕਿਹਾ ਹੈ ਕਿ 14ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਆਂਧਰਾ ਨੂੰ ਵਿਸ਼ੇਸ਼ ਰਾਜ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ, ਉਸ ਨੇ ਚੰਦਰ ਬਾਬੂ ਨਾਇਡੂ ਲਈ

ਬਾਕੀ ਸਫ਼ਾ 32 'ਤੇ



## ਕੀ ਕਹਿੰਦੇ ਹਨ ਚੰਦਰ ਬਾਬੂ ਨਾਇਡੂ

ਵਿਜੇਵਾੜਾ-ਤਾਮਿਲਨਾਡੂ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਇਥੇ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਟੀਡੀਪੀ ਨੇ ਐਨਡੀਏ ਦਾ ਸਾਥ ਛੱਡ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ, "ਅਸੀਂ ਗੱਠਜੋੜ ਧਰਮ ਨਿਭਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਸਫ਼ਲ ਨਹੀਂ ਹੋ ਸਕੇ।" ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਤਾਮਿਲਨਾਡੂ ਨੂੰ ਵਿਸ਼ੇਸ਼ ਦਰਜਾ ਦੇਣ ਦਾ ਵਾਅਦਾ ਕੀਤਾ ਸੀ ਪਰ ਵਾਅਦਾ ਨਹੀਂ ਨਿਭਾਇਆ।" ਉਨ੍ਹਾਂ ਕਿਹਾ ਕਿ ਬਜਟ ਵਾਲੇ ਦਿਨ ਤੋਂ ਹੀ ਉਹ ਕੋਸ਼ਿਸ਼ ਕਰ ਰਹੇ ਸੀ ਪਰ ਉਨ੍ਹਾਂ ਦੀ ਮੰਗ ਨੂੰ ਬੂਰ ਨਹੀਂ ਪਿਆ। ਉਨ੍ਹਾਂ ਕਿਹਾ ਕਿ ਅਸੀਂ ਚਾਰ ਸਾਲ ਤੋਂ ਸੰਜਮ ਨਾਲ ਕੰਮ ਲਿਆ ਅਤੇ ਵਾਰ ਵਾਰ ਕੇਂਦਰ ਸਰਕਾਰ ਨੂੰ ਚੇਤਾ ਕਰਾਉਂਦੇ ਰਹੇ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਅਰੁਣ ਜੇਤਲੀ ਦੇ ਬਿਆਨ ਨੇ ਉਨ੍ਹਾਂ ਨੂੰ ਬਹੁਤ ਨਿਰਾਸ਼ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਨੇ ਐਨਡੀਏ ਤੋਂ ਕਿਨਾਰਾ ਕਰ ਲਿਆ ਹੈ ਤੇ ਉਨ੍ਹਾਂ ਦੇ ਦੋਵੇਂ ਮੰਤਰੀ ਅਸ਼ੋਕ ਗਜਪਤੀ ਰਾਜੂ ਅਤੇ ਵਾਈ ਐਸ ਚੌਧਰੀ ਆਪਣੇ ਅਸਤੀਫੇ ਸੌਂਪ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੀ ਪਾਰਟੀ ਦਾ ਪਹਿਲਾ ਕਦਮ ਹੈ ਤੇ ਅਗਲੀ ਰਣਨੀਤੀ ਬਾਅਦ ਵਿੱਚ ਉਲੀਕੀ ਜਾਵੇਗੀ। ਇਸ ਸਬੰਧੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਆਂਧਰਾ ਪ੍ਰਦੇਸ਼ ਨੂੰ ਵਿਸ਼ੇਸ਼ ਦਰਜਾ ਦੇਣ ਸਬੰਧੀ ਕੋਈ ਵਾਅਦਾ ਨਹੀਂ ਕੀਤਾ ਸੀ ਪਰ ਇਸ ਸਬੰਧੀ ਕੁਝ ਵਿਸ਼ੇਸ਼ ਪੈਕੇਜ ਦਿੱਤਾ ਜਾ ਸਕਦਾ ਸੀ।

## ਅਕਾਲੀ ਦਲ ਨੂੰ ਸਬਕ ਲੈਣ ਦੀ ਲੋੜ

ਇਸ ਘਟਨਾ ਦਾ ਪੰਜਾਬ ਨਾਲ ਭਾਵੇਂ ਸਿੱਧਾ ਕੋਈ ਸਬੰਧ ਨਹੀਂ ਪਰ ਅਸਲ ਵਿਚ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਉਥੋਂ ਦੀ ਖੇਤਰੀ ਪਾਰਟੀ ਤੇਲਗੂ ਦੇਸ਼ਮ ਨੇ ਜਿਸ ਤਰ੍ਹਾਂ ਇਹ ਫ਼ੈਸਲਾ ਕਿਸੇ ਰਾਜਸੀ ਮੁੱਦੇ 'ਤੇ ਨਹੀਂ, ਸਗੋਂ ਰਾਜ ਦੇ ਹਿਤਾਂ, ਆਰਥਿਕ ਸਹੂਲਤਾਂ ਅਤੇ ਰਾਜ ਨੂੰ ਵਿਸ਼ੇਸ਼ ਦਰਜਾ ਦਿੱਤੇ ਜਾਣ ਦੇ ਵਾਅਦੇ ਨੂੰ ਪੂਰਾ ਨਾ ਕਰਨ 'ਤੇ ਲਿਆ ਹੈ। ਇਹ ਘਟਨਾਕ੍ਰਮ ਬਹੁਤ ਸਾਰੇ ਸਵਾਲ ਅਜਿਹੇ ਵੀ ਖੜ੍ਹੇ ਕਰਦਾ ਹੈ ਜਿਨ੍ਹਾਂ ਦੇ ਜਵਾਬ ਪੰਜਾਬ ਦੀ ਲੀਡਰਸ਼ਿਪ ਨੂੰ ਦੇਣੇ ਬਣਦੇ ਹਨ। ਉਂਜ ਸ੍ਰੀ ਚੰਦਰ ਬਾਬੂ ਨਾਇਡੂ ਨੂੰ ਸਲਾਮ ਕਰਨੀ ਬਣਦੀ ਹੈ ਕਿ ਉਨ੍ਹਾਂ ਨੇ ਆਪਣੇ ਰਾਜ ਦੇ ਹਿਤ ਲਈ ਇਹ ਫ਼ੈਸਲਾ ਉਸ ਵੇਲੇ ਲੈਣ ਦੀ ਜੁਰਅਤ ਕੀਤੀ ਹੈ ਜਦੋਂ ਭਾਜਪਾ ਦਾ ਸਿਤਾਰਾ ਬੁਲੰਦੀ 'ਤੇ ਹੈ। ਭਾਜਪਾ ਹੁਣੇ-ਹੁਣੇ ਉੱਤਰ-ਪੂਰਬੀ ਰਾਜਾਂ ਵਿਚ ਜਿੱਤ ਦਾ ਝੰਡਾ ਗੱਡ ਕੇ ਜਸ਼ਨ ਮਨਾ ਰਹੀ ਹੈ। ਚੰਦਰ ਬਾਬੂ ਨਾਇਡੂ ਦੇ ਇਸ ਫ਼ੈਸਲੇ ਨੂੰ ਹੋਰ ਵੀ ਮਹੱਤਵਪੂਰਨ ਇਹ ਗੱਲ ਬਣਾਉਂਦੀ ਹੈ ਕਿ ਉਨ੍ਹਾਂ ਨੇ ਭਾਜਪਾ ਦਾ ਸਾਥ ਉਸ ਵੇਲੇ ਛੱਡਿਆ ਹੈ ਜਦੋਂ ਲੋਕ ਸਭਾ ਚੋਣਾਂ ਵਿਚ ਇਕ ਸਾਲ ਤੋਂ ਕੁਝ ਵੱਧ ਦਾ ਸਮਾਂ ਹੀ ਬਾਕੀ ਰਹਿ ਗਿਆ ਹੈ ਤੇ ਇਹ ਵੀ ਹੋ ਸਕਦਾ ਹੈ ਕਿ ਆਂਧਰਾ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਵੀ ਲੋਕ ਸਭਾ ਦੇ ਨਾਲ ਹੋ ਜਾਣ। ਕਿਉਂਕਿ ਲੋਕ ਸਭਾ ਦੀਆਂ ਚੋਣਾਂ ਅਪ੍ਰੈਲ-ਮਈ 2019 ਵਿਚ ਹੋਣੀਆਂ ਹਨ ਤੇ ਆਂਧਰਾ ਪ੍ਰਦੇਸ਼ ਦੀਆਂ ਚੋਣਾਂ ਮਈ-ਜੂਨ 2019 ਵਿਚ ਹੋਣੀਆਂ ਹਨ।

**ਖੇਤਰੀ ਪਾਰਟੀਆਂ ਲਈ ਸਬਕ** : ਉਂਜ ਤਾਂ ਤੇਲਗੂ ਦੇਸ਼ਮ ਵਲੋਂ ਕੀਤਾ ਗਿਆ ਫ਼ੈਸਲਾ ਦੇਸ਼ ਦੀਆਂ ਸਾਰੀਆਂ ਖੇਤਰੀ ਪਾਰਟੀਆਂ ਨੂੰ ਬੜੀ ਉੱਚੀ ਆਵਾਜ਼ ਵਿਚ ਇਹ ਹੋਕਾ ਦੇ ਰਿਹਾ ਹੈ ਕਿ ਜੇਕਰ ਰਾਜ ਦੇ ਹਿੱਤਾਂ ਲਈ ਕੇਂਦਰ ਸਰਕਾਰ ਵਿਚਲੀ ਸੱਤਾ ਦੀ ਭਾਈਵਾਲੀ ਛੱਡਣੀ ਵੀ ਪਵੇ ਤਾਂ ਛੱਡ ਦੇਣੀ ਚਾਹੀਦੀ ਹੈ। ਜੇ ਕੇਂਦਰ ਰਾਜ ਦੇ ਹਿਤਾਂ ਦੀ ਪੂਰਤੀ ਤੋਂ ਪਿੱਛੇ ਹਟੇ ਤਾਂ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ। ਜੋ ਖੇਤਰੀ ਪਾਰਟੀਆਂ ਅਜਿਹਾ ਨਹੀਂ ਕਰਨਗੀਆਂ ਤਾਂ ਉਨ੍ਹਾਂ ਦਾ ਹਾਲ ਅਕਾਲੀ ਦਲ ਵਾਲਾ ਹੀ ਹੋਵੇਗਾ ਕਿ ਰਾਜ ਕਰਦੀ ਪਾਰਟੀ ਮੁੱਖ ਵਿਰੋਧੀ ਪਾਰਟੀ ਵੀ ਨਹੀਂ ਬਣ ਸਕੀ। ਇਤਿਹਾਸ ਗਵਾਹ ਹੈ ਕਿ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਸਭ ਤੋਂ ਪਹਿਲਾਂ ਪੰਜਾਬ ਅਤੇ ਅਕਾਲੀ ਦਲ ਨੇ ਹੀ ਉਠਾਈ ਸੀ। ਫਿਰ ਇਹ ਡੀ.ਐਮ.ਕੇ. ਨੇ ਅਪਣਾਈ। ਖੇਤਰੀ ਪਾਰਟੀਆਂ ਨੇ ਆਪਣੇ-ਆਪਣੇ ਰਾਜ ਦੇ ਹਿਤਾਂ ਅਤੇ ਸੱਭਿਆਚਾਰ ਦੀ ਰਾਖੀ ਲਈ ਹਰ ਵਕਤ ਪਹਿਰਾ ਦਿੱਤਾ ਹੈ। ਜਿਹੜੀਆਂ ਖੇਤਰੀ ਪਾਰਟੀਆਂ ਇਸ ਸਿਧਾਂਤ ਤੋਂ ਥਿੜਕਦੀਆਂ ਗਈਆਂ, ਉਹ ਪਾਸੇ ਹਟਦੀਆਂ ਗਈਆਂ ਤੇ ਉਨ੍ਹਾਂ ਦੀ ਥਾਂ ਲੈਣ ਲਈ ਕੋਈ ਹੋਰ ਪਾਰਟੀ ਆ ਜਾਂਦੀ ਰਹੀ। ਭਾਵੇਂ ਅਕਾਲੀ ਦਲ ਸੱਤਾ ਵਿਚ ਨਹੀਂ ਰਿਹਾ ਪਰ ਜੇਕਰ ਉਹ ਸਿਰਫ ਇਸ ਆਸ 'ਤੇ ਹੀ ਬੈਠਾ ਰਿਹਾ ਕਿ ਕਾਂਗਰਸ ਕੋਲੋਂ ਵਾਅਦੇ ਪੂਰੇ ਨਹੀਂ ਹੋਣੇ ਤੇ ਆਮ ਆਦਮੀ ਪਾਰਟੀ ਦਾ ਪ੍ਰਭਾਵ ਉਂਜ ਹੀ ਖ਼ਤਮ ਹੋ ਰਿਹਾ ਹੈ ਤਾਂ ਲੋਕਾਂ ਕੋਲ 2019 ਨਹੀਂ ਤਾਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਤੋਂ ਬਿਨਾਂ ਕੋਈ ਬਦਲ ਨਹੀਂ ਰਹਿਣਾ ਤਾਂ ਸ਼ਾਇਦ ਉਹ ਭੁਲੇਖੇ ਵਿਚ ਹੈ। ਸਗੋਂ ਅਕਾਲੀ ਦਲ ਨੂੰ ਤੇਲਗੂ ਦੇਸ਼ਮ ਤੋਂ ਸਬਕ ਸਿੱਖਣਾ ਚਾਹੀਦਾ ਹੈ ਕਿ ਆਪਣੇ ਰਾਜ ਦੇ ਹਿਤਾਂ ਲਈ ਢੁਕਵੇਂ ਫ਼ੈਸਲੇ ਲੈ ਕੇ ਹੀ ਖੇਤਰੀ ਪਾਰਟੀਆਂ ਆਪਣੇ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਸਕਦੀਆਂ ਹਨ, ਨਹੀਂ ਤਾਂ ਵਕਤ ਨਾਲ ਨਵੇਂ ਬਦਲ ਤਾਂ ਉੱਭਰ ਕੇ ਸਾਹਮਣੇ ਆ ਹੀ ਜਾਂਦੇ ਹਨ। ਇਸ ਲਈ ਅਕਾਲੀ ਦਲ ਨੂੰ ਚਾਹੀਦਾ ਹੈ ਕਿ ਉਹ ਇਹ ਨਾ ਸੋਚੇ ਕਿ ਹੁਣ ਉਹ ਸੱਤਾ ਵਿਚ ਨਹੀਂ ਤਾਂ ਪੰਜਾਬ ਦੀਆਂ ਮੰਗਾਂ ਦੀ ਲੜਾਈ ਵਿਚ ਉਸ ਦਾ ਕੋਈ ਰੋਲ ਨਹੀਂ। ਸਗੋਂ ਜੇਕਰ ਅਕਾਲੀ ਦਲ ਨੇ ਸੱਤਾ ਵਿਚ ਵਾਪਸੀ ਦੀ ਲੜਾਈ ਲੜਨੀ ਹੈ ਤਾਂ ਉਸ ਨੂੰ ਪੰਜਾਬ ਦੇ ਹਿਤਾਂ ਦੀ ਲੜਾਈ ਵੀ ਲੜਨੀ ਪਵੇਗੀ। ਅਸੀਂ ਨਹੀਂ ਕਹਿੰਦੇ ਕਿ ਅਕਾਲੀ ਦਲ ਭਾਜਪਾ ਨਾਲੋਂ ਆਪਣੇ ਸਬੰਧ ਜਾਂ ਗਠਜੋੜ ਤੋੜ ਲਵੇ ਪਰ ਉਹ ਭਾਜਪਾ ਨੂੰ ਮਜਬੂਰ ਤਾਂ ਕਰੇ ਕਿ ਉਹ ਪੰਜਾਬ ਦੇ ਹਿਤਾਂ ਦੀ ਲਗਾਤਾਰ ਅਣਦੇਖੀ ਨਾ ਕਰੇ ਤਾਂ ਕਿ ਪੰਜਾਬ ਦੇ ਲੋਕ ਅਕਾਲੀ ਦਲ 'ਤੇ ਦੁਬਾਰਾ ਯਕੀਨ ਕਰ ਸਕਣ ਕਿ ਅਕਾਲੀ ਦਲ ਹੀ ਪੰਜਾਬ ਦੇ ਹਿਤਾਂ ਬਾਰੇ ਸੋਚ, ਖੜ੍ਹ ਤੇ ਲੜ ਸਕਦਾ ਹੈ।

# ਪੰਜਾਬੀ 'ਚ ਸ਼ਰਾਬ ਕੀਤੀ ਸਸਤੀ

## ਕੈਬਨਿਟ ਦੀ ਨਵੀਂ ਆਬਕਾਰੀ ਨੀਤੀ ਅਧੀਨ ਸ਼ਰਾਬ ਦਾ ਕੋਟਾ ਘਟਾਇਆ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਜ਼ਾਰਤ ਦੀ ਮੀਟਿੰਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਨਵੀਂ ਆਬਕਾਰੀ ਨੀਤੀ 'ਤੇ ਮੋਹਰ ਲਾਈ ਗਈ। ਨਵੀਂ ਆਬਕਾਰੀ ਨੀਤੀ ਅਨੁਸਾਰ ਸੂਬੇ ਵਿੱਚ ਸ਼ਰਾਬ ਕਾਰੋਬਾਰ 'ਚ ਅਜ਼ਾਰੇਦਾਰੀ ਤੋੜਨ ਦਾ ਫ਼ੈਸਲਾ ਲਿਆ ਗਿਆ ਹੈ। ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਦੱਸਿਆ ਕਿ ਸੂਬੇ ਵਿੱਚ ਇਸ ਵਾਰ ਸ਼ਰਾਬ ਦਾ ਕੋਟਾ 32 ਫੀਸਦੀ ਹੋਰ ਘਟਾਇਆ ਗਿਆ ਹੈ ਤੇ ਇਹ ਕੋਟਾ ਦੋ ਸਾਲਾਂ ਵਿੱਚ 47 ਫੀਸਦੀ ਘਟਿਆ ਹੈ। ਇਸ ਦੇ ਨਾਲ ਸ਼ਰਾਬ ਦੀ ਤਸਕਰੀ ਰੋਕਣ ਲਈ ਸ਼ਰਾਬ ਦੀ ਕੀਮਤ ਘਟਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਨਾਲ ਸ਼ਰਾਬ ਦੀ ਕੀਮਤ ਪ੍ਰਤੀ ਬੋਤਲ ਪੰਜਾਹ ਰੁਪਏ ਤੋਂ ਵੱਧ ਘੱਟ ਸਕਦੀ ਹੈ ਤੇ ਇਸ ਦੇ ਨਾਲ ਬੀਅਰ ਦੀ ਕੀਮਤ ਵੀ ਕੁਝ ਘਟੇਗੀ। ਸ਼ਰਾਬ ਦੇ ਕਾਰੋਬਾਰ 'ਚ ਅਜਾਰੇਦਾਰੀ ਤੋੜਨ ਲਈ ਪੰਜ ਕਰੋੜ ਰੁਪਏ ਤੱਕ ਦੇ ਛੋਟੇ-ਛੋਟੇ 700 ਗਰੁੱਪਾਂ ਨੂੰ ਠੇਕੇ ਦਿੱਤੇ ਜਾਣਗੇ ਤੇ ਇਨ੍ਹਾਂ ਵਿੱਚ ਮੁਕਾਬਲੇਬਾਜ਼ੀ ਨਾਲ ਸ਼ਰਾਬ ਦੇ ਭਾਅ ਘਟਣਗੇ ਤੇ ਰਾਜ ਸਰਕਾਰ ਨੂੰ ਵੱਧ ਮਾਲੀਆ ਮਿਲੇਗਾ। ਨਵੀਂ ਨੀਤੀ ਤਹਿਤ ਇਸ ਵਾਰ ਪਿਛਲੇ ਸਾਲ ਦੇ 5150 ਕਰੋੜ ਰੁਪਏ ਦੇ ਮੁਕਾਬਲੇ ਛੇ ਹਜ਼ਾਰ ਕਰੋੜ ਰੁਪਏ ਤੱਕ ਦੀ ਆਮਦਨ ਦੀ ਆਸ ਹੈ। ਠੇਕੇਦਾਰਾਂ ਨੂੰ ਠੇਕੇ ਲਾਟਰੀ ਜਾਂ ਪਰਚੀਆਂ ਦੇ ਡਰਾਅ ਰਾਹੀਂ ਅਲਾਟ ਕੀਤੇ ਜਾਣਗੇ। ਨਵੀਂ ਨੀਤੀ ਤਹਿਤ ਸੂਬੇ ਭਰ 'ਚ ਸ਼ਰਾਬ ਦੇ ਠੇਕਿਆਂ ਦੀ ਗਿਣਤੀ 150 ਘਟਾ ਕੇ 5850 ਦੀ ਥਾਂ 5700 ਕਰ ਦਿੱਤੀ ਗਈ ਹੈ। ਪੀਐਮਐਲ ਦਾ ਕੋਟਾ 8.44 ਕਰੋੜ ਪਰੂਫ ਲੀਟਰ ਤੋਂ ਘਟਾ ਕੇ 5.78 ਕਰੋੜ, ਆਈਐਮਐਫਐਲ ਦਾ ਕੋਟਾ 3.71 ਕਰੋੜ ਪਰੂਫ ਲੀਟਰ ਤੋਂ ਘਟਾ ਕੇ 2.48 ਕਰੋੜ ਅਤੇ ਬੀਅਰ ਦਾ ਕੋਟਾ 3.22 ਤੋਂ ਘਟਾ ਕੇ 2.57 ਬੀਐਲ ਕਰ ਦਿਤਾ ਹੈ। ਨਵੀਂ ਨੀਤੀ ਅਨੁਸਾਰ ਠੇਕੇਦਾਰ ਪੰਜ ਤੋਂ ਦਸ ਫੀਸਦੀ ਸ਼ਰਾਬ ਦਾ ਕੋਟਾ ਆਪਸ 'ਚ ਬਦਲ ਸਕਦੇ ਹਨ। ਪੀਐਮਐਲ 'ਤੇ ਪਿਛਲੇ ਸਾਲ ਦੇ 240 ਰੁਪਏ ਪ੍ਰਤੀ ਕੇਸ ਦੇ ਮੁਕਾਬਲੇ ਆਬਕਾਰੀ ਡਿਊਟੀ 254 ਰੁਪਏ ਪ੍ਰਤੀ ਕੇਸ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਪੀਐਮਐਲ, ਆਈਐਮਐਫਐਲ ਅਤੇ ਬੀਅਰ 'ਤੇ ਆਬਕਾਰੀ ਡਿਊਟੀ ਕ੍ਰਮਵਾਰ 318 ਰੁਪਏ, 348 ਰੁਪਏ ਪਰੂਫ ਲੀਟਰ ਅਤੇ 52 ਰੁਪਏ ਬਲਕ ਲਿਟਰ ਨਿਸ਼ਚਤ ਕੀਤੀ ਹੈ। ਨਵੀਂ ਨੀਤੀ ਤਹਿਤ ਉਚਾਨੀ ਪ੍ਰਣਾਲੀ ਖ਼ਤਮ ਕਰ ਦਿੱਤੀ ਹੈ ਤੇ ਹੁਣ ਮੈਰਿਜ ਪੈਲੇਸਾਂ ਅਤੇ ਬੈਂਕੁਇਟ ਹਾਲਾਂ ਨੂੰ ਘੱਟ ਘੱਟ ਰਿਟੇਲ ਕੀਮਤ 'ਤੇ ਸ਼ਰਾਬ ਦਿੱਤੀ ਜਾਵੇਗੀ। ਇਸ ਦੇ ਨਾਲ ਗਊ ਸੈੱਸ ਪ੍ਰਤੀ ਬੋਤਲ ਦੀ ਥਾਂ ਸ਼ਹਿਰਾਂ ਤੇ ਪਿੰਡਾਂ ਵਿੱਚ ਦੋਵਾਂ ਥਾਵਾਂ 'ਤੇ ਪੀਐਲ ਅਤੇ ਆਈਐਮਐਫਐਲ ਪੰਜ ਫੀਸਦੀ ਪਰੂਫ ਲਿਟਰ ਦੇ ਹਿਸਾਬ ਲਿਆ ਜਾਵੇਗਾ। ਵਜ਼ਾਰਤ ਨੇ ਨਾਗਰਿਕ ਸੇਵਾਵਾਂ ਵਿੱਚ ਕੁਸ਼ਲਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਬਿੱਲ ਲਿਆਉਣ ਲਈ ਖਰੜੇ ਨੂੰ ਹਰੀ ਝੰਡੀ ਦੇ ਦਿੱਤੀ ਹੈ ਤੇ ਵਜ਼ਾਰਤ ਨੇ ਪ੍ਰਸ਼ਾਸਕੀ ਸੁਧਾਰਾਂ ਬਾਰੇ ਇਕ ਸਬ-ਕਮੇਟੀ ਕਾਇਮ ਕਰਨ ਦਾ ਵੀ ਫ਼ੈਸਲਾ ਕੀਤਾ ਹੈ।

# ਰਾਜ ਨਾਥ ਸਿੰਘ ਵਲੋਂ ਸਿੱਖ ਮਸਲਿਆਂ ਬਾਰੇ ਵਿਚਾਰ ਲਈ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਦਿੱਲੀ ਸੱਦਣ ਦਾ ਭਰੋਸਾ

**ਅੰਮ੍ਰਿਤਸਰ/ਬਿਊਰੋ ਨਿਊਜ਼:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਸਿੱਖ ਮਸਲੇ ਹੱਲ ਕਰਨ ਲਈ ਸਬੰਧਤ ਵਿਭਾਗਾਂ ਨਾਲ ਗੱਲਬਾਤ ਕਰਕੇ ਸਿੱਖ ਸੰਸਥਾ ਦੇ ਨੁਮਾਇੰਦਿਆਂ ਨੂੰ ਦਿੱਲੀ ਸੱਦਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ। ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਸੂਚਨਾ ਕੇਂਦਰ ਵਿੱਚ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਭਾਈ ਲੌਂਗੋਵਾਲ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਨੂੰ ਸਿੱਖ ਮਾਮਲਿਆਂ ਬਾਰੇ ਮੰਗ ਪੱਤਰ ਸੌਂਪਿਆ ਗਿਆ ਹੈ। ਇਸ ਮੰਗ ਪੱਤਰ ਰਾਹੀਂ ਅਪੀਲ ਕੀਤੀ ਗਈ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ 2019 ਵਿੱਚ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਵਾਸਤੇ ਖੁੱਲ੍ਹਾ ਲਾਂਘਾ ਦਿੱਤਾ ਜਾਵੇ ਤਾਂ ਜੋ ਸਿੱਖ ਸੰਗਤ ਇਸ ਵਿਛੜੇ ਧਾਰਮਿਕ ਅਸਥਾਨ ਦੇ ਖੁੱਲ੍ਹੇ ਦਰਸ਼ਨ ਕਰ ਸਕਣ। ਉਨ੍ਹਾਂ ਨੇ ਕੇਂਦਰ ਸਰਕਾਰ ਵੱਲੋਂ ਗੁਰਦੁਆਰਿਆਂ ਦੇ ਲੰਗਰਾਂ 'ਤੇ ਲਾਏ ਗਏ ਜੀਐਸਟੀ ਨੂੰ ਹਟਾਉਣ ਦੀ ਵੀ ਮੰਗ ਕੀਤੀ ਹੈ। ਉਨ੍ਹਾਂ ਆਖਿਆ ਕਿ ਇਸ ਟੈਕਸ ਕਾਰਨ ਗੁਰੂ ਘਰਾਂ 'ਤੇ ਵਾਧੂ ਵਿੱਤੀ ਬੋਝ ਪੈ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਜਨਵਰੀ ਮਹੀਨੇ ਤੱਕ ਲਗਭਗ 2 ਕਰੋੜ ਰੁਪਏ ਜੀਐਸਟੀ ਵਜੋਂ ਭੁਗਤਾਨ ਕੀਤਾ ਜਾ ਚੁੱਕਿਆ ਹੈ। ਸਿੱਖ ਸੰਸਥਾ ਵੱਲੋਂ 1984 ਵਿੱਚ ਨੁਕਸਾਨੀ ਗਈ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਅਮੁੱਲ ਖ਼ਜ਼ਾਨਾ ਵਾਪਸ ਕਰਨ, ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ, ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਕੀਤੀ ਗਈ ਅਪੀਲ 'ਤੇ ਤੁਰੰਤ ਕਾਰਵਾਈ ਕਰਨ, ਜੰਮੂ-ਕਸ਼ਮੀਰ ਵਿੱਚ ਵਸਦੇ ਸਿੱਖਾਂ ਨੂੰ ਘੱਟ ਗਿਣਤੀਆਂ ਦਾ ਦਰਜਾ ਦੇਣ ਅਤੇ ਉਨ੍ਹਾਂ ਦੀ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਗੁਰਦੁਆਰਾ ਐਕਟ ਦੇ ਸੈਕਸ਼ਨ 87 ਹੇਠ ਆਉਂਦੇ ਗੁਰਦੁਆਰਿਆਂ ਵਿੱਚੋਂ ਕੁਝ ਗੁਰਦੁਆਰਿਆਂ ਨੂੰ ਸੈਕਸ਼ਨ 85 ਅਧੀਨ ਲਿਆਉਣ ਵਾਸਤੇ ਨੋਟੀਫਿਕੇਸ਼ਨ ਜਾਰੀ ਕਰਨ ਦੀ ਅਪੀਲ ਕੀਤੀ। ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਗ੍ਰਹਿ ਮੰਤਰੀ ਨੇ ਸਾਰੀਆਂ ਮੰਗਾਂ ਨੂੰ ਧਿਆਨ



ਨਾਲ ਸੁਣਿਆ ਅਤੇ ਆਖਿਆ ਕਿ ਉਹ ਦਿੱਲੀ ਪਰਤ ਕੇ ਸਬੰਧਤ ਵਿਭਾਗਾਂ ਨਾਲ ਗੱਲਬਾਤ ਕਰਨਗੇ। ਉਪਰੰਤ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਨੂੰ ਦਿੱਲੀ ਸੱਦਿਆ ਜਾਵੇਗਾ ਤਾਂ ਜੋ ਇਹ ਸਿੱਖ ਮਾਮਲੇ ਹੱਲ ਕੀਤੇ ਜਾ ਸਕਣ।

ਇਸ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਦਾ ਹਰਿਮੰਦਰ ਸਾਹਿਬ ਪੁੱਜਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ ਗਿਆ। ਗ੍ਰਹਿ ਮੰਤਰੀ ਨੇ ਸ਼ਰਧਾ ਨਾਲ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਕੜਾਹ ਪ੍ਰਸ਼ਾਦਿ ਦੀ ਦੇਗ ਭੇਟ ਕੀਤੀ। ਉਨ੍ਹਾਂ ਨੂੰ ਸੱਚਖੰਡ ਵਿਖੇ ਫੁੱਲਾਂ ਦੇ ਹਾਰ ਅਤੇ ਪਤਾਸੇ ਭੇਟ ਕੀਤੇ ਗਏ। ਮਗਰੋਂ ਸੂਚਨਾ ਕੇਂਦਰ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਸ੍ਰੀ ਸਾਹਿਬ, ਸਿਰੋਪਾ ਆਦਿ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਭਾਜਪਾ ਪ੍ਰਧਾਨ ਵਿਜੇ ਸਾਂਪਲਾ ਸਮੇਤ ਹੋਰ ਆਗੂ ਵੀ ਹਾਜ਼ਰ ਸਨ।

# ਵਿਰੋਧੀ ਪਾਰਟੀਆਂ ਦੀ ਮੋਦੀ ਵਿਰੁਧ ਲਾਮਬੰਦੀ

## ਸੋਨੀਆ ਦੇ ਡਿਨਰ 'ਤੇ ਪੁੱਜੇ 20 ਪਾਰਟੀਆਂ ਦੇ ਆਗੂ

**ਨਵੀਂ ਦਿੱਲੀ/ਬਿਊਰੋ ਨਿਊਜ਼:** ਯੂਪੀਏ ਦੀ ਚੇਅਰਪਰਸਨ ਸੋਨੀਆ ਗਾਂਧੀ ਦੇ ਘਰ 20 ਵਿਰੋਧੀ ਪਾਰਟੀਆਂ ਦੇ ਆਗੂ ਰਾਤ ਦੇ ਖਾਣੇ 'ਤੇ ਪੁੱਜੇ। ਮੰਨਿਆ ਜਾ ਰਿਹਾ ਹੈ ਕਿ ਇਹ ਪ੍ਰੋਗਰਾਮ 2019 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਦੇ ਮਕਸਦ ਨਾਲ ਰੱਖਿਆ ਗਿਆ। ਸੂਤਰਾਂ ਅਨੁਸਾਰ ਇਸ ਸਮਾਗਮ ਵਿੱਚ ਐਨਸੀਪੀ, ਆਰਜੇਡੀ, ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਤ੍ਰਿਣਮੂਲ ਕਾਂਗਰਸ, ਡੀਐਮਕੇ ਅਤੇ ਖੱਬੀਆਂ ਪਾਰਟੀਆਂ ਦੇ ਆਗੂਆਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਯੂਪੀਏ ਦੀ ਚੇਅਰਪਰਸਨ ਸੋਨੀਆ ਗਾਂਧੀ, ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਮੇਤ ਗੁਲਾਮ ਨਬੀ ਆਜ਼ਾਦ, ਅਹਿਮਦ ਪਟੇਲ, ਏਕੇ ਐਂਟਨੀ ਅਤੇ ਰਣਦੀਪ ਸੁਰਜੇਵਾਲਾ ਵੀ ਮੌਜੂਦ ਸਨ।

ਸਮਾਗਮ ਵਿੱਚ ਮੌਜੂਦ ਕਾਂਗਰਸ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਸਰਕਾਰ ਸੰਸਦ ਚਲਾਉਣ ਦੀ ਇੱਛੁਕ ਨਹੀਂ ਹੈ ਅਤੇ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਲੋਕਾਂ ਦੀਆਂ ਮੁਸ਼ਕਲਾਂ ਸਬੰਧੀ ਚਿੰਤਤ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਵਿੱਚ ਗਰੀਬਾਂ, ਨੌਜਵਾਨਾਂ ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਚਰਚਾ ਹੋਈ ਹੈ। ਉਨ੍ਹਾਂ ਕਿਹਾ ਰਾਤ ਦੇ ਖਾਣੇ ਦਾ ਮਕਸਦ ਸੀ ਕਿ ਵਿਰੋਧੀ ਪਾਰਟੀਆਂ ਦੇ ਆਗੂ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਚਰਚਾ ਕਰ ਸਕਣ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੇ ਸਾਹਮਣੇ ਵੱਡਾ ਸੰਕਟ ਹੈ। ਬੈਂਕਾਂ ਦੇ ਵੱਡੇ

ਬਾਕੀ ਸਫ਼ਾ 32 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

14 ਮਾਰਚ 2018 ਤੋਂ 20 ਮਾਰਚ 2018

# ਨਿੱਜਤਾ ਦਾ ਅਧਿਕਾਰ ਤੇ 'ਆਧਾਰ'

## ਪਰਵਾਸੀ ਭਾਰਤੀਆਂ ਲਈ ਉਲਝਣਾਂ ਤੇ ਔਕੜਾਂ

ਭਾਰਤੀ ਸੁਪਰੀਮ ਕੋਰਟ ਵਲੋਂ ਦੇਸ ਦੇ ਨਾਗਰਿਕਾਂ ਦੇ ਬੈਂਕ ਖਾਤਿਆਂ ਅਤੇ ਮੋਬਾਈਲਾਂ ਨੂੰ ਆਧਾਰ ਨਾਲ ਜੋੜਣ ਦੀ ਸ਼ਰਤ ਤੋਂ ਹਾਲ ਦੀ ਘੜੀ ਛੋਟ ਦਿੱਤੇ ਜਾਣ ਨਾਲ ਆਮ ਲੋਕਾਂ ਖ਼ਾਸ ਕਰ ਪਰਵਾਸੀ ਭਾਰਤੀਆਂ ਨੂੰ ਆਰਜ਼ੀ ਤੌਰ ਉੱਤੇ ਕਾਫ਼ੀ ਰਾਹਤ ਮਿਲੇਗੀ। ਭਾਵੇਂ ਮੋਦੀ ਸਰਕਾਰ ਹਰ ਭਾਰਤੀ ਨਾਗਰਿਕ ਲਈ ਆਧਾਰ ਨਾਂਅ ਦਾ ਵਿਲੱਖਣ ਪਛਾਣ ਪੱਤਰ ਲਾਜ਼ਮੀ ਬਣਾਉਣ ਅਤੇ ਉਨ੍ਹਾਂ ਵਲੋਂ ਅਪਣੇ ਸਬੰਧੀ ਹਰ ਕਿਸਮ ਦੀ ਜਾਣਕਾਰੀ ਦਾ ਬਿਊਰਾ ਇਸ ਨਾਲ ਜੋੜਣ ਦੇ ਅਪਣੇ ਫੈਸਲੇ ਉੱਤੇ ਬਜ਼ਿਦ ਚਲੀ ਆ ਰਹੀ ਹੈ ਪਰ ਕਈ ਪਾਸਿਆਂ ਤੋਂ ਇਸਦੇ ਵਿਰੋਧ ਅਤੇ ਇਸਨੂੰ ਕਾਨੂੰਨੀ ਤੌਰ ਉੱਤੇ ਚੁਣੌਤੀ ਦਿੱਤੇ ਬਾਅਦ ਸਰਕਾਰ ਨੂੰ ਨਾ ਚਹੁੰਦਿਆਂ ਵੀ ਵਕਤੀ ਤੌਰ ਉੱਤੇ ਝੁਕਣ ਲਈ ਮਜਬੂਰ ਹੋਣ ਪੈ ਰਿਹਾ ਹੈ। ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਿੱਚ ਕਾਇਮ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਹੱਦ ਵਧਾਉਣ ਦਾ ਫੈਸਲਾ ਕੇਂਦਰ ਸਰਕਾਰ ਦੀ ਸਹਿਮਤੀ ਮਿਲਣ ਬਾਅਦ ਹੀ ਦਿੱਤਾ ਹੈ। ਮੰਗਲਵਾਰ ਨੂੰ ਜਾਰੀ ਹੁਕਮ ਅਨੁਸਾਰ ਆਧਾਰ ਕਾਰਡ ਨੂੰ ਸੇਵਾਵਾਂ ਤੇ ਸਰਕਾਰੀ ਭਲਾਈ ਸਕੀਮਾਂ ਨਾਲ ਲਾਜ਼ਮੀ ਜੋੜਨ ਦੀ ਸਮਾਂ ਸੀਮਾ, ਜਿਹੜੀ 31 ਮਾਰਚ ਤੱਕ ਸੀ, ਹੁਣ ਉਹ ਅਗਲੇ ਹੁਕਮਾਂ ਤਕ ਵਧੀ ਰਹੇਗੀ। ਵੈਸੇ ਪਹਿਲਾਂ ਵੀ ਮੋਦੀ ਸਰਕਾਰ ਨੂੰ ਬੈਂਕ ਖਾਤੇ, ਮੋਬਾਇਲ ਅਤੇ ਹੋਰ ਸੇਵਾਵਾਂ ਨੂੰ ਆਧਾਰ ਕਾਰਡ ਨਾਲ ਜੋੜਣ ਦੀ ਸਮਾਂ-ਸੀਮਾ ਦੋ ਵਾਰ ਵਧਾਉਣੀ ਪਈ ਹੈ।

ਆਧਾਰ ਅਸਲ 'ਚ ਮਹਿਜ਼ ਅਹਿਮ ਸੇਵਾਵਾਂ ਅਤੇ ਆਮ ਲੋਕਾਂ ਨੂੰ ਸਰਕਾਰ ਵਲੋਂ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਅਤੇ ਸਹੂਲਤਾਂ ਲਈ ਕੜੀ ਵਜੋਂ ਕੰਮ ਕਰਨ ਵਾਲਾ ਕਾਰਡ ਨਹੀਂ ਹੈ। ਇਸਨੂੰ ਆਮ ਲੋਕਾਂ ਦੇ ਮੌਲਿਕ ਅਧਿਕਾਰਾਂ ਤੋਂ ਵੀ ਅਗਾਂਹ ਨਿੱਜੀ ਅਧਿਕਾਰਾਂ ਨੂੰ ਅਸਿੱਧੇ ਤੌਰ ਉੱਤੇ ਖ਼ਤਮ ਕਰਨ ਵਾਲੀ ਕਾਰਵਾਈ ਵਜੋਂ ਵੇਖਿਆ ਜਾ ਰਿਹਾ ਹੈ। ਮਨੁੱਖੀ ਅਧਿਕਾਰਾਂ ਦੇ ਮੁੱਦਈ ਕਾਨੂੰਨੀ ਮਾਹਿਰਾਂ ਤੇ ਜਾਗਰੂਕ ਲੋਕਾਂ ਦੀਆਂ ਨਜ਼ਰਾਂ ਵਿੱਚ ਇਹ ਸਰਕਾਰ ਵਲੋਂ ਕਿਸੇ ਵੀ ਵਿਅਕਤੀ ਦੀ ਨਿੱਜੀ ਜਿੰਦਗੀ ਦੇ ਹਰ ਪਹਿਲੂ ਦੀ ਜਾਣਕਾਰੀ ਹਾਸਲ ਕਰਨ ਦਾ ਖ਼ਤਰਨਾਕ ਵਰਤਾਰਾ ਹੈ। 12 ਹਿੰਦਸਿਆਂ ਦੇ ਕੌਮੀ ਬਾਇਓਮੀਟਰਕ ਇੰਡੈਂਟੀਫਾਈਰ( ਆਧਾਰ ਕਾਰਡ) ਨੂੰ ਸੇਵਾਵਾਂ ਅਤੇ ਭਲਾਈ ਸਕੀਮਾਂ ਨਾਲ ਜੋੜਨ ਦੀ ਸਰਕਾਰ ਦੀ ਦਲੀਲ ਪਿੱਛੇ ਤਰ੍ਹਾਂ ਤਰ੍ਹਾਂ ਦੇ ਹਿੱਤ ਦੱਸੇ ਜਾਂਦੇ ਹੋਣ ਕਾਰਨ ਇਸਨੂੰ ਬੜੇ ਹੀ ਗੁੰਝਲਦਾਰ ਤੇ ਬੇਭੇਤੇ ਅਮਲ ਵਜੋਂ ਵੇਖਿਆ ਜਾ ਰਿਹਾ ਹੈ। ਭਾਵੇਂ ਸੁਪਰੀਮ ਕੋਰਟ ਵਿੱਚ ਇਸ ਸਬੰਧੀ ਕਈ ਪਟੀਸ਼ਨਾਂ ਸੁਣਵਾਈ ਅਧੀਨ ਹਨ ਸਭ ਤੋਂ ਅਹਿਮ ਪਟੀਸ਼ਨ ਕਰਨਾਟਕਾ ਹਾਈ ਕੋਰਟ ਦੇ ਸਾਬਕਾ ਜਸਟਿਸ ਕੇ ਐੱਸ ਪੁਤਸਵਾਮੀ ਦੀ ਸਮਝੀ ਜਾ ਰਹੀ ਜ਼ਿਨ੍ਹਾਂ ਨੇ 22 ਫਰਵਰੀ ਨੂੰ ਸੁਪਰੀਮ ਕੋਰਟ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਜਨਤਕ ਵੰਡ ਪ੍ਰਣਾਲੀ ਨੂੰ ਆਧਾਰ ਨਾਲ ਜੋੜਨ ਦੇ ਫੈਸਲੇ ਕਾਰਨ ਫੈਲੀ ਭੁੱਖਮਾਰੀ ਕਾਰਨ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਤੁਰੰਤ ਮੁਆਵਜ਼ਾ ਦਿੱਤੇ ਜਾਣ ਦੀ ਲੋੜ ਹੈ। ਕਿਉਂਕਿ ਇਸ ਬੜੇ ਹੀ ਨਾਜ਼ੁਕ ਮਸਲੇ ਬਾਰੇ ਸਰਕਾਰ ਤੇ ਵਿਰੋਧ ਕਰਨ ਵਾਲਿਆਂ ਦੇ ਪੱਖ ਨੂੰ ਬਰਾਬਰ ਦੀ ਅਹਿਮੀਅਤ ਦਿੰਦੇ ਹੋਏ ਸਾਰੇ ਪੱਖਾਂ ਨੂੰ ਕਾਨੂੰਨੀ ਅਤੇ ਸਮਾਜਿਕ ਪੱਖਾਂ ਤੋਂ ਵਿਚਾਰਣਾ ਲਾਜ਼ਮੀ ਹੋਵੇਗਾ, ਇਸ ਲਈ ਨਿਸਚੇ ਹੀ ਸੁਣਵਾਈ ਲੰਮੇ ਸਮੇਂ ਤੱਕ ਚੱਲਣੀ ਸੁਭਾਵਕ ਹੈ। ਇਸੇ ਪੱਖ ਨੂੰ ਧਿਆਨ ਵਿੱਚ ਰਖਦਿਆਂ ਸੁਪਰੀਮ ਕੋਰਟ ਨੇ ਕਾਫ਼ੀ ਸਮਾਂ ਪਹਿਲਾਂ ਸਪੱਸ਼ਟ ਆਦੇਸ਼ ਦਿੱਤੇ ਸਨ ਕਿ ਆਧਾਰ ਸਬੰਧੀ ਪਹਿਲਾਂ ਵੱਖ ਵੱਖ ਅਦਾਲਤਾਂ 'ਚ ਦਾਇਰ ਪਟੀਸ਼ਨਾਂ ਅਤੇ ਅੱਗੋ ਵੀ ਕੋਈ ਪਟੀਸ਼ਨ ਸਿੱਧਿਆਂ ਸੁਪਰੀਮ ਕੋਰਟ ਦੇ ਵਿਸ਼ੇਸ਼ ਸੰਵਿਧਾਨਕ ਬੈਂਚ ਅੱਗੇ ਹੀ ਸੁਣਵਾਈ ਲਈ ਆਵੇ। ਇਸ ਤਰ੍ਹਾਂ ਸਾਰੀਆਂ ਪਟੀਸ਼ਨਾਂ ਉੱਤੇ ਇੱਕੋ ਥਾਂ ਅਤੇ ਇੱਕੋ ਸਮੇਂ ਸੁਣਵਾਈ ਬਾਅਦ ਜਿਹੜਾ ਅੰਤਮ ਫੈਸਲਾ ਹੋਵੇਗਾ ਉਸਨੂੰ ਸਰਕਾਰ ਅਤੇ ਪਟੀਸ਼ਨਰਾਂ ਨੂੰ ਮੰਨਣਾ ਲਾਜ਼ਮੀ ਹੋਵੇਗਾ। ਸੁਪਰੀਮ ਕੋਰਟ ਨੇ ਮੰਗਲਵਾਰ ਦੇ ਅਪਣੇ ਫੈਸਲੇ ਵਿੱਚ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ ਕੰਨਸੌਲੀਡੇਟਿਡ ਫੰਡਜ਼ ਆਫ ਇੰਡੀਆ ਤੋਂ ਆਉਂਦੀਆਂ ਭਲਾਈ ਸਕੀਮਾਂ ਦੇ ਲਾਭ ਪਾਤਰੀਆਂ ਤੋਂ ਆਧਾਰ ਕਾਰਡ ਮੰਗਣ ਦੀ ਪ੍ਰਕਿਰਿਆ ਨੂੰ ਜਾਰੀ ਰੱਖ ਸਕਦੀ ਹੈ। ਪਰ ਨਾਲ ਹੀ ਅਦਾਲਤ ਨੇ ਇਹ ਸਪੱਸ਼ਟ ਕਿਹਾ ਹੈ ਕਿ ਹਾਲ ਦੀ ਘੜੀ ਤਤਕਾਲ ਪਾਸਪੋਰਟ ਜਾਰੀ ਕਰਨ ਦੇ ਮਾਮਲੇ ਵਿੱਚ ਆਧਾਰ ਕਾਰਡ ਦੀ ਸ਼ਰਤ ਲਾਗੂ ਨਹੀ ਕੀਤੀ ਜਾ ਸਕਦੀ ਇਸ ਦੇ ਨਾਲ ਹੀ ਇਹ ਹੁਕਮ ਵੀ ਦਿੱਤਾ ਹੈ ਕਿ ਜਿਨ੍ਹਾਂ ਲੋਕਾਂ ਕੋਲ ਆਧਾਰ ਨਹੀ ਹੈ, ਉਹ ਆਧਾਰ ਲਈ ਅਪਲਾਈ ਕੀਤੇ ਹੋਣ ਦੀ ਤਸਦੀਕ ਕਰਕੇ ਸਕੀਮਾਂ ਦਾ ਲਾਭ ਲੈਣ ਦੇ ਹੱਕਦਾਰ ਬਣੇ ਰਹਿਗੇ।

ਵੈਸੇ ਤਾਂ ਅੱਜ ਦੇ ਡਿਜੀਟਲ ਦੌਰ ਵਿੱਚ ਕਿਸੇ ਵਿਅਕਤੀ ਦੀ ਨਿੱਜੀ ਆਜ਼ਾਦੀ ਬੇਮਾਅਨਾ ਹੋ ਕੇ ਰਹਿ ਗਈ ਹੈ। ਫੇਸਬੁੱਕ, ਈਮੇਲ, ਮੋਬਾਇਲ ਅਤੇ ਹੋਰ ਸੇਵਾਵਾਂ ਦੇਣ ਵਾਲੀਆਂ ਕੰਪਨੀਆਂ ਕੋਲ ਸਾਡੀ ਜਿੰਦਗੀ ਦੇ ਹਰ ਪਲ, ਹਰ ਪੱਖ ਦੀ ਜਾਣਕਾਰੀ ਲਗਾਤਾਰ ਪੁੱਜਦੀ ਹੈ। ਇਹ ਜੰਜਾਲ ਅਸੀਂ ਖੁਦ ਅਤੇ ਚਾਈਂ ਚਾਈਂ ਪੈਦਾ ਕੀਤੇ ਹਨ। ਪਰ ਸਰਕਾਰਾਂ ਵਲੋਂ ਸਹੂਲਤਾਂ ਦੀ ਆੜ ਵਿੱਚ ਸਾਡੇ ਪੈਸੇ-ਟਕੇ, ਖਾਣ-ਪੀਚ ਤੇ ਪਹਿਨਣ-ਪਚਰਣ ਦੀ ਜਾਣਕਾਰੀ ਇਕੱਠੀ ਕਰਕੇ ਅੱਗੋਂ ਦੁਕਾਨਦਾਰਾਂ, ਵਪਾਰੀਆਂ ਨੂੰ ਦੇਣੀ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਖੈਰ ਆਧਾਰ ਨੇ ਸਭ ਤੋਂ ਵੱਧ ਸੰਕਟ ਪਰਵਾਸੀ ਭਾਰਤੀਆਂ ਲਈ ਖੜ੍ਹਾ ਕੀਤਾ ਹੋਇਆ ਹੈ ਜਿਹੜੇ ਭਾਰਤ ਵਿਚਲੀਆਂ ਅਪਣੀਆਂ ਜ਼ੱਦੀ-ਪੁਸ਼ਤੀ ਜ਼ਮੀਨਾਂ-ਜਾਇਦਾਦਾਂ ਤੇ ਖੇਤੀ ਆਮਦਨ ਦੇ ਬੈਂਕ ਵਿੱਚ ਜਮ੍ਹਾਂ ਕੀਤੇ ਪੈਸਿਆਂ ਦੀ ਚਿੰਤਾ ਕਰਦੇ ਹੋਏ ਆਧਾਰ ਬਾਰੇ ਅਦਾਲਤੀ ਫੈਸਲੇ ਉੱਤੇ ਵੱਡੀਆਂ ਟੇਕਾਂ ਲਾਈ ਬੈਠੇ ਹਨ। ਇਸਤੋਂ ਵੱਧ ਅਹਿਮ ਇਹ ਕਿ ਪਰਵਾਸੀਆਂ ਦੇ ਆਧਾਰ ਕਾਰਡ ਬਣਾਉਣ ਬਾਰੇ ਭੰਬਲਭੂਸੇ ਦੇ ਮੱਦੇਨਜ਼ਰ ਸਰਕਾਰ ਨੂੰ ਅਪਣੀ ਨੀਤੀ ਨੂੰ ਬਦਲਣਾ ਤੇ ਲੋਕ ਪੱਖੀ ਬਣਾਉਣਾ ਹੋਵੇਗਾ।

# ਚੀ.ਫ ਖ਼ਾਲਸਾ ਦੀਵਾਨ ਦੀਆਂ ਚੋਣਾਂ 'ਚ ਮਚਿਆ ਘਮਸਾਨ

**ਕੇਂਦਰ ਸਰਕਾਰ ਨੇ ਘੱਟ ਗਿਣਤੀਆਂ ਦੇ ਵਿਦਵਾਨਾਂ, ਆਜ਼ਾਦ ਸੋਚਣੀ ਵਾਲੇ ਵਿਦਵਾਨਾਂ ਅਤੇ ਘੱਟ ਗਿਣਤੀਆਂ ਦੇ ਧਾਰਮਿਕ ਅਤੇ ਵਿਦਿਅਕ ਅਦਾਰਿਆਂ ਵਿੱਚ ਸਿੱਧ ਅਤੇ ਅਸਿੱਧੇ ਤਰੀਕੇ ਨਾਲ ਵਾਰ ਜਾਰੀ ਰੱਖੇ ਹੋਏ ਹਨ। ਸਕੂਲਾਂ-ਕਾਲਜਾਂ ਦੇ ਪਾਠਕ੍ਰਮ ਤਬਦੀਲ ਕੀਤੇ ਜਾ ਰਹੇ ਹਨ। ਇਤਿਹਾਸ ਦੁਬਾਰਾ ਲਿਖਣ ਦਾ ਪ੍ਰੋਗਰਾਮ ਆਰੰਭ ਹੋ ਚੁੱਕਿਆ ਹੈ ਇਹ ਸਭ ਘੱਟ ਗਿਣਤੀਆਂ ਵਾਸਤੇ ਖ਼ਤਰੇ ਦੀ ਘੰਟੀ ਹੈ। ਐਸੇ ਮਾਹੌਲ ਵਿੱਚ ਸਾਡੇ ਸਬੰਧਤ ਪਾਠਕ੍ਰਮ ਦੀ ਰਾਖੀ ਕਰਨਾ ਚੀ.ਫ ਖਾਲਸਾ ਦੀਵਾਨ ਦਾ ਫਰਜ਼-ਏ-ਅੱਵਲ ਹੈ। ਜੋ ਮਾਹੌਲ ਹੈ, ਉਸ ਵਿੱਚ ਸਾਡੇ ਪਾਸ ਸਿਰਫ ਚੀ.ਫ ਖਾਲਸਾ ਦੀਵਾਨ ਹੀ ਅਜਿਹੀ ਵਿਦਿਅਕ ਸੰਸਥਾ ਹੈ ਜਿਸ ਦੀ ਭੂਮਿਕਾ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਅਹਿਮ ਹੋ ਗਈ ਹੈ। ਚੀ.ਫ ਖਾਲਸਾ ਦੀਵਾਨ ਦੇ ਵੋਟਰਾਂ ਨੂੰ ਚਾਹੀਦਾ ਹੈ ਕਿ ਉਹ ਚੋਣ ਲੜਨ ਵਾਲੇ ਹਰ ਨੁਮਾਇੰਦੇ ਦੇ ਸਿੱਖੀ ਜੀਵਨ ਨੂੰ ਘੋਖ਼ ਲੈਣ। ਇਸ ਤੋਂ ਬਾਅਦ ਹੀ ਉਹ ਆਪਣੇ ਵੋਟ ਦਾ ਇਸਤੇਮਾਲ ਕਰਨ। ਅਸੂਲਾਂ ਨੂੰ ਛਿੱਕੇ ਟੰਗ ਕੇ ਲਾਲਚਵੱਸ ਹੋ ਕੇ ਕੀਤੀ ਚੋਣ ਇਸ ਸੰਸਥਾ ਦਾ ਉਹ ਨੁਕਸਾਨ ਕਰੇਗੀ ਜੋ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕੇਗਾ।**

**ਭਾਈ ਅਸ਼ੋਕ ਸਿੰਘ ਬਾਗੜੀਆਂ**

ਸੰਪਰਕ: 98140-95308

ਚੀਫ ਖਾਲਸਾ ਦੀਵਾਨ ਸਿੱਖਾਂ ਦੀ ਇੱਕੋ-ਇੱਕ ਸਿਰਮੌਰ ਤਾਲੀਮੀ ਸੰਸਥਾ ਹੈ। ਹਰ ਵਰਗ ਦੀਆਂ ਆਪੋ- ਆਪਣੀਆਂ ਸੰਸਥਾਵਾਂ ਹੁੰਦੀਆਂ ਹਨ,



ਜਿਨ੍ਹਾਂ ਦਾ ਕੰਮ ਹੁੰਦਾ ਹੈ ਆਪਣੀ ਪਛਾਣ ਨੂੰ ਮਹਿਫੂਜ਼ ਰੱਖਣਾ ਤੇ ਵਧਾਉਣਾ, ਅਤੇ ਅੰਦਰੋਂ ਬਾਹਰੋਂ ਹੁੰਦੇ ਹਰ ਕਿਸਮ ਦੇ ਹਮਲਿਆਂ ਤੋਂ ਇਸ ਨੂੰ ਬਚਾਉਣਾ। ਇਨ੍ਹਾਂ ਵਿੱਚ ਕਿਸੇ ਕਿਸਮ ਦੀ ਸਿਆਸਤ ਨਹੀਂ ਹੁੰਦੀ ਅਤੇ ਨਾ ਹੀ ਹੋਣੀ ਚਾਹੀਦੀ ਹੈ। ਜੇ ਇਹ ਸੰਸਥਾ ਕਿਸੇ ਵਕਤ ਕਿਸੇ ਵੀ ਸ਼ੱਕ ਦੇ ਘੇਰੇ ਵਿੱਚ ਆਏ ਤਾਂ ਸਬੰਧਤ ਸਮਾਜ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਇਸ ਨੂੰ ਟੁੱਟਣ ਤੋਂ ਬਚਾਇਆ ਜਾਵੇ। ਚੀਫ ਖਾਲਸਾ ਦੀਵਾਨ ਜਦੋਂ ਹੋਂਦ ਵਿੱਚ ਆਇਆ, ਉਸ ਵਕਤ ਜਾਂ ਵਜ੍ਹਾ 'ਤੇ ਨਜ਼ਰ ਮਾਰਨੀ ਇੱਥੇ ਢੁਕਵੀਂ ਹੋਵੇਗੀ।

ਸਿੱਖ ਰਾਜ ਉੱਤੇ ਬ੍ਰਿਟਿਸ਼ ਕਬਜ਼ੇ ਨਾਲ ਸਭ ਧਰਮਾਂ ਵਾਲਿਆਂ ਨੇ ਆਪੋ-ਆਪਣੀਆਂ ਸਮਾਜਿਕ, ਤਾਲੀਮੀ ਤੇ ਸੱਭਿਆਚਾਰਕ ਕਾਰਵਾਈਆਂ ਸ਼ੁਰੂ ਕੀਤੀਆਂ। ਇਨ੍ਹਾਂ ਸਦਕਾ ਧਰਮ ਆਧਾਰਿਤ ਵਿਦਿਅਕ ਸੰਸਥਾਵਾਂ ਵੀ ਹੋਂਦ ਵਿੱਚ ਆਈਆਂ। ਸਿੱਖ ਕੌਮ ਨੂੰ ਅਜੇ ਸੰਭਲਿਆਂ 50 ਵਰ੍ਹੇ ਵੀ ਨਹੀਂ ਸੀ ਹੋਏ ਕਿ ਅਜਿਹੇ ਹਾਲਾਤ ਪੈਦਾ ਹੋਏ ਕਿ ਭਾਈ ਕਾਨ੍ਹ ਸਿੰਘ ਨਾਭਾ ਨੂੰ 'ਹਮ ਹਿੰਦੂ ਨਹੀਂ' ਕਿਤਾਬ ਲਿਖਣੀ ਪਈ। ਇਸ ਵਿਦਵਾਨ ਦੀ ਕਿਤਾਬ ਦੇ ਨਾਮ ਨੇ ਹੀ ਉਹ ਹਾਲਾਤ ਕੁੱਜੇ ਵਿੱਚ ਸਮੁੰਦਰ ਬੰਦ ਕਰਕੇ ਸਾਨੂੰ ਜਾਗਣ ਅਤੇ ਹੁਸ਼ਿਆਰ ਹੋਣ ਵਾਸਤੇ ਆਗਾਹ ਕੀਤਾ। ਭਾਈ ਸਾਹਿਬ ਨੂੰ ਇਹ ਕਿਤਾਬ ਉਨ੍ਹਾਂ ਲੋਕਾਂ ਨੂੰ ਜਵਾਬ ਦੇਣ ਵਾਸਤੇ ਲਿਖਣੀ ਪਈ ਜੋ ਅੱਜ ਰਾਜ ਸੱਤਾ 'ਤੇ ਕਾਬਜ਼ ਹਨ ਅਤੇ ਘੱਟ ਗਿਣਤੀ ਦੀ ਕਲਚਰ ਅਤੇ ਪਛਾਣ ਖ਼ਤਮ ਕਰਨ ਲਈ ਸਿੱਖ ਸੰਸਥਾਵਾਂ ਵਿੱਚ ਦਾਖਲ ਹੋ ਗਏ ਹਨ। ਇਹ ਲੋਕ ਆਪਣੀ ਸਾਰੀਆਂ ਸਰਕਾਰੀ ਸ਼ਕਤੀਆਂ ਦਾ ਦੁਰਉਪਯੋਗ ਕਰ ਰਹੇ ਹਨ, ਜਿਵੇਂ ਸਕੂਲਾਂ ਦੇ ਪਾਠਕ੍ਰਮ ਵਿੱਚ ਤਬਦੀਲੀ ਕਰਨੀ ਅਤੇ ਸਾਰੇ ਭਾਰਤੀਆਂ ਨੂੰ ਹਿੰਦੂ ਦੱਸਣਾ ਆਦਿ।

ਅੱਜ ਦੇ ਹਾਲਾਤ ਉਸ ਵਕਤ ਨਾਲੋਂ ਜ਼ਿਆਦਾ ਗੰਭੀਰ ਹਨ। ਜਿੱਥੇ ਸਿੱਖੀ ਵਿਰੋਧੀਆਂ ਪਾਸ ਅਥਾਹ ਸਰਮਾਇਆ ਹੈ ਤੇ ਰਾਜ ਸੱਤਾ ਹੈ, ਉੱਥੇ ਸਾਡੇ ਕਿਰਦਾਰ ਦੀ ਗਿਰਾਵਟ ਕਾਰਨ ਸਾਡੇ ਵਿੱਚ ਵੀ ਵਿਕਾਊ ਮਾਲ ਬਹੁਤ ਹੈ।

ਇਸ ਦਾ ਇੱਕ ਸੈਂਪਲ ਮੈਂ ਵੀ ਦੇਖਿਆ ਤੇ ਵਿਚਾਰਿਆ ਹੈ। 1984 ਦੇ ਕਤਲੇਆਮ ਤੋਂ ਬਾਅਦ ਜਦੋਂ ਚੋਣਾਂ ਦਾ ਦੌਰ ਸ਼ੁਰੂ ਹੋਇਆ (ਤੇ ਬਾਅਦ ਵਿੱਚ ਬਰਨਾਲਾ ਸਰਕਾਰ ਬਣੀ) ਤਾਂ ਮੈਨੂੰ ਵਾਹਵਾ ਮੋਟੀ ਰਕਮ (ਉਸ ਵਕਤ ਦੀ, ਅੱਜ ਦੀ ਨਹੀਂ) ਦੀ ਪੇਸ਼ਕਸ਼ ਹੋਈ, ਐਸਜੀਪੀਸੀ ਦੀ ਚੋਣ ਲੜਨ ਲਈ। ਜੋ ਮਿੱਤਰ ਇਹ ਪੇਸ਼ਕਸ਼ ਲੈ ਕੇ ਆਇਆ, ਉਸ ਨੂੰ ਮੈਂ ਪੁੱਛਿਆ ਕਿ ਮੇਰੇ ਵਿੱਚ ਐਸੀ ਕੀ ਖਾਸੀਅਤ ਹੈ ? ਉਸ ਨੇ ਦੱਸਿਆ ਕਿ ਇੱਕ ਤਾਂ ਪਰਿਵਾਰਕ ਪਿਛੋਕੜ ਅਤੇ ਦੂਜਾ, ਕੋਈ ਇਹ ਸਵਾਲ ਨਾ ਕਰ ਸਕੇ ਕਿ ਪੈਸਾ ਕਿੱਥੋਂ ਆਇਆ। ਹੁਣ ਚੀ.ਫ ਖਾਲਸਾ ਦੀਵਾਨ ਦੀਆਂ ਚੋਣਾਂ ਹੋ ਰਹੀਆਂ ਹਨ ਜਿੱਥੇ ਸਮੂਹ ਮੈਂਬਰਾਂ ਨੂੰ ਆਪਣੀ ਨਿਵੇਕਲੀ ਹੋਂਦ ਦਾ ਅਹਿਸਾਸ ਹੋਣਾ ਚਾਹੀਦਾ ਹੈ, ਉੱਥੇ ਨਾਲ ਹੀ ਜੋ ਮੈਂਬਰ ਚੋਣ ਲੜਨ ਆ ਰਹੇ ਹਨ, ਉਨ੍ਹਾਂ ਦੀ ਸਿੱਖੀ ਅਸੂਲਾਂ ਪ੍ਰਤੀ ਵਚਨਬੱਧਤਾ ਅਤੇ ਇਸ 'ਤੇ ਪਹਿਰਾ ਦੇਣ ਦੀ ਹਿੰਮਤ ਹੋਣੀ ਚਾਹੀਦੀ ਹੈ। ਚੀ.ਫ ਖਾਲਸਾ ਦੀਵਾਨ, ਕੌਮ ਦੀ ਵਿਦਿਅਕ-ਧਾਰਮਿਕ ਸੰਸਥਾ ਹੈ। ਇਸ ਦਾ ਕੰਮ ਹੀ ਕੌਮ 'ਤੇ ਹੋ ਰਹੇ ਹਮਲਿਆਂ ਦੀ ਰੋਕਣਾ ਹੈ ਪਰ ਅੱਜ ਕੱਲ੍ਹ ਜੋ ਇਸ ਸੰਸਥਾ ਦੇ ਮੈਂਬਰਾਂ ਵਿਚਕਾਰ ਹੋ ਰਿਹਾ ਹੈ, ਉਸ ਨਾਲ ਕੌਮ ਦੇ ਸਾਰੇ ਹਿੱਤ ਨੂੰ ਦਰਕਿਨਾਰ ਹੋ ਗਏ ਹਨ ਅਤੇ ਅਹੁਦੇਦਾਰਾਂ ਤੇ ਮੈਂਬਰਾਂ ਦੇ ਨਿੱਜੀ ਮੁਫਾਦ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਗਏ ਹਨ। ਸੰਸਥਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਸਿੱਖੀ ਚਰਿੱਤਰ ਅਤੇ ਸਿੱਖੀ ਅਸੂਲਾਂ ਤੋਂ ਦੂਰ ਹੋਣਾ ਹੀ ਇਸ ਸੰਸਥਾ ਵਿੱਚ ਆਈ ਗਿਰਾਵਟ ਦੇ ਮੁੱਖ ਕਾਰਨ ਹਨ। ਇਸ ਨੇ ਆਰਐੱਸਐੱਸ ਅਤੇ ਭਾਜਪਾ ਵਰਗੀਆਂ ਘੱਟ ਗਿਣਤੀ ਵਿਰੋਧੀ ਸ਼ਕਤੀਆਂ ਨੂੰ ਇਸ ਸੰਸਥਾ ਦੇ ਅੰਦਰ ਆਉਣ ਦਾ ਰਸਤਾ ਖੋਲ੍ਹ ਦਿੱਤਾ ਹੈ। ਇਨ੍ਹਾਂ ਵਿੱਚੋਂ ਇੱਕ ਨੇ ਚੀ.ਫ ਖਾਲਸਾ ਦੀਵਾਨ ਵਿੱਚੋਂ ਅੰਮ੍ਰਿਤਧਾਰੀ ਮੈਂਬਰ ਹੋਣ ਦੀ ਸ਼ਰਤ ਰੱਦ ਕਰਨ ਦੀ ਮੰਗ ਕੀਤੀ ਸੀ। ਬਾਅਦ ਵਿੱਚ ਇਸੇ ਹੀ ਮੈਂਬਰ ਨੇ ਨਾਨਕਸ਼ਾਹੀ ਕੈਲੰਡਰ ਰੱਦ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ।

ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਸਿਆਸੀ ਪਾਰਟੀਆਂ ਹਨ। ਇਨ੍ਹਾਂ ਵਿੱਚ ਜੋ ਸਿੱਖ ਹਨ, ਉਨ੍ਹਾਂ ਨੂੰ ਇਸ ਅਦਾਰੇ ਵਿੱਚ ਆਪੋ-ਆਪਣੀ ਸਿਆਸੀ ਪਾਰਟੀ ਦਾ ਗੁਣਗਾਨ ਕਰਨ ਜਾਂ ਬੀਨ ਵਜਾਉਣ ਤੋਂ ਗੁਰੇਜ਼ ਕਰਨਾ ਪਵੇਗਾ। ਇੱਥੇ ਸਿਰਫ ਤੇ ਸਿਰਫ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹੋ ਕੇ ਆਪਣੇ ਧਰਮ, ਜ਼ੁਬਾਨ ਤੇ ਕਿਰਦਾਰ ਦੀ ਰਾਖੀ ਕਰਨੀ ਹੀ ਬਣਦੀ ਹੈ। ਇਸ ਲਿਖਤ ਦੀ ਜ਼ਰੂਰਤ ਮੈਂ ਇਸ ਕਰਕੇ ਮਹਿਸੂਸ ਕੀਤੀ, ਕਿਉਂਕਿ 2014 ਦੀਆਂ ਚੋਣਾਂ ਵਿੱਚ ਐਸਜੀਪੀਸੀ, ਜੋ ਨਿਰੋਲ ਸਿੱਖਾਂ ਦੀ ਸੰਸਥਾ ਹੈ ਤੇ ਜਿਸ ਦੀ ਜ਼ਿੰਮੇਵਾਰੀ ਹੀ ਗੁਰਧਾਮਾਂ ਦੀ ਦੇਖ-ਭਾਲ ਤੇ ਧਰਮ ਪ੍ਰਚਾਰ ਕਰਨਾ ਹੈ, ਨੇ ਆਪਣੇ ਸਿਆਸੀ ਆਗੂਆਂ ਦੀ ਜੀ ਹਜ਼ੂਰੀ ਕਰਦਿਆਂ ਆਪਣੀ ਸਿੱਖ ਸੰਸਥਾ ਹੋਣ ਦਾ ਰੋਲ ਤਿਆਗ ਕੇ ਸਿਆਸੀ ਭੂਮਿਕਾ ਨਿਭਾਈ। ਇਹੋ ਖਦਸ਼ਾ ਹੁਣ ਚੀ.ਫ ਖਾਲਸਾ ਦੀਵਾਨ ਵਿੱਚ ਵੀ ਨਜ਼ਰ ਆ ਰਿਹਾ ਹੈ।

ਕੇਂਦਰ ਸਰਕਾਰ ਨੇ ਘੱਟ ਗਿਣਤੀਆਂ ਦੇ ਵਿਦਵਾਨਾਂ, ਆਜ਼ਾਦ ਸੋਚਣੀ ਵਾਲੇ ਵਿਦਵਾਨਾਂ ਅਤੇ ਘੱਟ ਗਿਣਤੀਆਂ ਦੇ ਧਾਰਮਿਕ ਅਤੇ ਵਿਦਿਅਕ ਅਦਾਰਿਆਂ ਵਿੱਚ ਸਿੱਧ ਅਤੇ ਅਸਿੱਧੇ ਤਰੀਕੇ ਨਾਲ ਵਾਰ ਜਾਰੀ ਰੱਖੇ ਹੋਏ ਹਨ। ਸਕੂਲਾਂ-ਕਾਲਜਾਂ ਦੇ ਪਾਠਕ੍ਰਮ ਤਬਦੀਲ ਕੀਤੇ ਜਾ ਰਹੇ ਹਨ। ਇਤਿਹਾਸ ਦੁਬਾਰਾ ਲਿਖਣ ਦਾ ਪ੍ਰੋਗਰਾਮ ਆਰੰਭ ਹੋ ਚੁੱਕਿਆ ਹੈ ਇਹ ਸਭ ਘੱਟ ਗਿਣਤੀਆਂ ਵਾਸਤੇ ਖ਼ਤਰੇ ਦੀ ਘੰਟੀ ਹੈ। ਐਸੇ ਮਾਹੌਲ ਵਿੱਚ ਸਾਡੇ ਸਬੰਧਤ ਪਾਠਕ੍ਰਮ ਦੀ ਰਾਖੀ ਕਰਨਾ ਚੀ.ਫ ਖਾਲਸਾ ਦੀਵਾਨ ਦਾ ਫਰਜ਼-ਏ-ਅੱਵਲ ਹੈ। ਜੋ ਮਾਹੌਲ ਹੈ, ਉਸ ਵਿੱਚ ਸਾਡੇ ਪਾਸ ਸਿਰਫ ਚੀ.ਫ ਖਾਲਸਾ ਦੀਵਾਨ ਹੀ ਅਜਿਹੀ ਵਿਦਿਅਕ ਸੰਸਥਾ ਹੈ ਜਿਸ ਦੀ ਭੂਮਿਕਾ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਅਹਿਮ ਹੋ ਗਈ ਹੈ।

ਚੀ.ਫ ਖਾਲਸਾ ਦੀਵਾਨ ਦੇ ਵੋਟਰਾਂ ਨੂੰ ਚਾਹੀਦਾ ਹੈ ਕਿ ਉਹ ਚੋਣ ਲੜਨ ਵਾਲੇ ਹਰ ਨੁਮਾਇੰਦੇ ਦੇ ਸਿੱਖੀ ਜੀਵਨ ਨੂੰ ਘੋਖ਼ ਲੈਣ। ਇਸ ਤੋਂ ਬਾਅਦ ਹੀ ਉਹ ਆਪਣੇ ਵੋਟ ਦਾ ਇਸਤੇਮਾਲ ਕਰਨ। ਅਸੂਲਾਂ ਨੂੰ ਛਿੱਕੇ ਟੰਗ ਕੇ ਲਾਲਚਵੱਸ ਹੋ ਕੇ ਕੀਤੀ ਚੋਣ ਇਸ ਸੰਸਥਾ ਦਾ ਉਹ ਨੁਕਸਾਨ ਕਰੇਗੀ ਜੋ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕੇਗਾ।

*ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਸਿਆਸੀ ਪਾਰਟੀਆਂ ਹਨ। ਇਨ੍ਹਾਂ ਵਿੱਚ ਜੋ ਸਿੱਖ ਹਨ, ਉਨ੍ਹਾਂ ਨੂੰ ਇਸ ਅਦਾਰੇ ਵਿੱਚ ਆਪੋ-ਆਪਣੀ ਸਿਆਸੀ ਪਾਰਟੀ ਦਾ ਗੁਣਗਾਨ ਕਰਨ ਜਾਂ ਬੀਨ ਵਜਾਉਣ ਤੋਂ ਗੁਰੇਜ਼ ਕਰਨਾ ਪਵੇਗਾ। ਇੱਥੇ ਸਿਰਫ ਤੇ ਸਿਰਫ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹੋ ਕੇ ਆਪਣੇ ਧਰਮ, ਜ਼ੁਬਾਨ ਤੇ ਕਿਰਦਾਰ ਦੀ ਰਾਖੀ ਕਰਨੀ ਹੀ ਬਣਦੀ ਹੈ। ਇਸ ਲਿਖਤ ਦੀ ਜ਼ਰੂਰਤ ਮੈਂ ਇਸ ਕਰਕੇ ਮਹਿਸੂਸ ਕੀਤੀ, ਕਿਉਂਕਿ 2014 ਦੀਆਂ ਚੋਣਾਂ ਵਿੱਚ ਐਸਜੀਪੀਸੀ, ਜੋ ਨਿਰੋਲ ਸਿੱਖਾਂ ਦੀ ਸੰਸਥਾ ਹੈ ਤੇ ਜਿਸ ਦੀ ਜ਼ਿੰਮੇਵਾਰੀ ਹੀ ਗੁਰਧਾਮਾਂ ਦੀ ਦੇਖ-ਭਾਲ ਤੇ ਧਰਮ ਪ੍ਰਚਾਰ ਕਰਨਾ ਹੈ, ਨੇ ਆਪਣੇ ਸਿਆਸੀ ਆਗੂਆਂ ਦੀ ਜੀ ਹਜ਼ੂਰੀ ਕਰਦਿਆਂ ਆਪਣੀ ਸਿੱਖ ਸੰਸਥਾ ਹੋਣ ਦਾ ਰੋਲ ਤਿਆਗ ਕੇ ਸਿਆਸੀ ਭੂਮਿਕਾ ਨਿਭਾਈ। ਇਹੋ ਖਦਸ਼ਾ ਹੁਣ ਚੀ.ਫ ਖਾਲਸਾ ਦੀਵਾਨ ਵਿੱਚ ਵੀ ਨਜ਼ਰ ਆ ਰਿਹਾ ਹੈ।*

# ਪੰਜਾਬ ਦੇ ਅਰਥਚਾਰੇ ਦੀ ਨਵ-ਉਸਾਰੀ ਦਾ ਵੇਲਾ

**ਨਿਰਮਲ ਸੰਧੂ**
ਲੇਖਕ ਸੀਨੀਅਰ ਪੱਤਰਕਾਰ ਹੈ

ਪੰਜਾਬ ਸਰਕਾਰ ਦੇ ਸਾਲਾਨਾ ਬੱਜਟ ਦਾ ਵੇਲਾ ਆਣ ਪੁੱਜਿਆ ਹੈ ਅਤੇ ਹੁਣ ਪੰਜਾਬ ਦੇ ਪੁਰਾਣੇ ਨਿਹਚਿਆਂ ਦੇ ਰੂ-ਬ-ਰੂ ਹੋਣ, ਤੇ ਡੁੱਬ ਰਹੇ ਅਰਥਚਾਰੇ ਨੂੰ ਮੁੜ ਪੈਰਾਂ ਸਿਰ ਕਰਨ ਲਈ ਸੰਜੀਦਾ ਯਤਨ ਕਰਨ ਦਾ ਵਕਤ ਵੀ ਹੈ। ਪੁਰਾਣੀਆਂ ਬੱਜਰ ਗ਼ਲਤੀਆਂ ਤੇ ਉਕਾਈਆਂ ਬਾਰੇ ਸਿਆਸੀ ਰੌਲਾ ਪਾਉਂਦੇ ਰਹਿਣ ਲਈ ਇੱਕ ਸਾਲ ਦਾ ਸਮਾਂ ਬਹੁਤ ਹੁੰਦਾ ਹੈ। ਹੁਣ ਇਨ੍ਹਾਂ ਗ਼ਲਤੀਆਂ ਨੂੰ ਦਰੁਸਤ ਕਰਨ ਦਾ ਵਕਤ ਹੈ। ਹੁਣ ਪਹਿਲਾਂ ਵਰਗਾ ਆਮ ਜਿਹਾ ਬਜਟ ਪੇਸ਼ ਕਰਕੇ ਨਹੀਂ ਸਰਨਾ।

ਪੰਜਾਬ ਦੇ ਲੀਡਰ ਇਮਦਾਦ ਲਈ ਕੇਂਦਰ ਦਾ ਦਰਵਾਜ਼ਾ ਲਗਾਤਾਰ ਖੜਕਾਉਂਦੇ ਆ ਰਹੇ ਹਨ। ਸਾਰਾ ਕਸੂਰ ਕੇਂਦਰ ਸਿਰ ਮੜ੍ਹਨਾ ਸਭ ਤੋਂ ਸੁਖਾਲਾ ਕੰਮ ਹੈ। ਪ੍ਰਕਾਸ਼ ਸਿੰਘ ਬਾਦਲ ਕਿੰਨੇ ਸਾਲਾਂ ਤੋਂ ਅਜਿਹਾ ਕਰ ਰਹੇ ਹਨ ਅਤੇ ਸੂਬੇ ਵਿੱਚ ਲੱਕ-ਤੋੜਵੀਂ ਹਾਰ ਤੋਂ ਪਹਿਲਾਂ, ਉਹ ਹਰ ਵਾਰ "ਕੇਂਦਰੀ ਪੱਖਪਾਤ" ਵਾਲਾ ਨੁਕਤਾ ਉਭਾਰ ਕੇ ਸਿਆਸੀ ਲਾਹਾ ਲੈਂਦੇ ਰਹੇ ਹਨ। ਹਾਰਨ ਤੋਂ ਪਹਿਲਾਂ ਉਨ੍ਹਾਂ ਨੇ ਕੇਂਦਰ ਦੀਆਂ ਹੀ ਸ਼ਰਤਾਂ ਉੱਤੇ ਸੂਬੇ ਸਿਰ 31 ਹਜ਼ਾਰ ਕਰੋੜ ਰੁਪਏ ਦੇ ਨਾਵਾਜਬ ਕਰਜ਼ੇ ਦਾ ਭਾਰ ਲੱਦ ਦਿੱਤਾ।

ਕੇਂਦਰੀ ਖ਼ੈਰਾਤ ਹੁਣ ਸੰਭਵ ਨਹੀਂ ਜਾਪਦੀ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿੱਚ ਪੰਜਾਬ ਕਿਤੇ ਸੂਤ ਨਹੀਂ ਬੈਠਦਾ। ਨੀਤੀ ਆਯੋਗ ਦੇ ਨੁਮਾਇੰਦੇ ਡਾਕਟਰ ਰਾਜੀਵ ਕੁਮਾਰ ਨੇ ਆਪਣੇ ਹਾਲੀਆ ਚੰਡੀਗੜ੍ਹ ਦੌਰੇ ਦੌਰਾਨ ਦਿੱਲੀ ਦਾ ਦੋ-ਟੁੱਕ ਸੁਨੇਹਾ ਸ਼ਰ੍ਹੇਆਮ ਦੁਹਰਾਇਆ: "ਫੰਡ ਮੰਗਣੇ ਬੰਦ ਕਰੋ। ਮੁਲਕ ਦੀ ਅਨਾਜ ਸੁਰੱਖਿਆ ਦਾ ਮਸਲਾ ਤੁਸੀਂ ਸਾਡੇ 'ਤੇ ਛੱਡ ਸਕਦੇ ਹੋ।" ਇਸ ਝਿੜਕ ਵਿੱਚ ਹੀ ਸਖ਼ਤ ਸੁਨੇਹਾ ਹੈ।

ਹਰ ਬਜਟ, ਲੀਡਰਸ਼ਿਪ ਲਈ ਇੱਕ ਚੋਣ ਕਰਨ ਦੀ ਚੁਣੌਤੀ ਵਾਂਗ ਹੁੰਦਾ ਹੈ: ਕਰਦਾਤਿਆਂ ਦਾ ਪੈਸਾ ਵੋਟਰਾਂ ਨੂੰ ਲੁਭਾਉਣ ਲਈ ਵਰਤਿਆ ਜਾਵੇ ਤਾਂ ਕਿ ਅਗਲੀਆਂ ਚੋਣਾਂ ਵਿੱਚ ਇਨ੍ਹਾਂ ਨੂੰ ਆਪਣੇ ਹੱਕ ਵਿੱਚ ਭੁਗਤਾਇਆ ਜਾ ਸਕੇ, ਜਾਂ ਫਿਰ ਲੰਮੇ ਸਮੇਂ ਦੇ ਫ਼ਾਇਦਿਆਂ ਲਈ ਕੁਝ ਸਖ਼ਤ ਫ਼ੈਸਲੇ ਕੀਤੇ ਜਾਣ। ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ, ਦੋਹਾਂ ਨੇ ਹੀ ਹੁਣ ਤੱਕ ਉਹੀ ਰਾਹ ਅਪਣਾਏ ਹਨ ਜੋ ਸੂਬੇ ਦੀ ਥਾਂ ਉਨ੍ਹਾਂ ਨੂੰ ਵਧੇਰੇ ਸੂਤ ਬੈਠਦੇ ਹਨ। ਜ਼ਾਹਿਰ ਹੈ ਕਿ ਉਹ ਸੱਤਾ ਉੱਤੇ ਕਬਜ਼ੇ ਲਈ ਸਿਆਸਤ ਕਰ ਰਹੇ ਹਨ, ਲਾਭਦਾਇਕ ਕਾਰਜ ਕਰਨ ਲਈ ਕੁਝ ਵੀ ਨਹੀਂ ਕਰ ਰਹੇ।

ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਮਾਹਿਰ ਜਿਨ੍ਹਾਂ ਫ਼ਜ਼ੂਲ ਗੱਲਾਂ ਤੋਂ ਵਰਜਦੇ ਰਹੇ, ਇਹ ਲੋਕ ਉਹੀ ਕੁਝ ਕਰਦੇ ਰਹੇ ਹਨ। ਮੁਫ਼ਤ ਬਿਜਲੀ ਅਜਿਹੀ ਸਭ ਤੋਂ ਵੱਡੀ ਗ਼ਲਤੀ ਹੈ ਜਿਹੜੀ (1) ਪੰਜਾਬ ਦੀ ਖੇਤੀਬਾੜੀ ਦਾ ਨੁਕਸਾਨ ਕਰ ਰਹੀ ਹੈ, (2) ਝੋਨੇ ਦੀ ਕਾਸ਼ਤ ਨੂੰ ਮਿਲਦੀ ਹੱਲਾਸ਼ੇਰੀ ਨੇ ਪੰਜਾਬ ਦੇ ਜਲ ਸੋਮੇ ਸੁਕਾ ਦਿੱਤੇ ਹਨ, (3) ਸਬਮਰਸੀਬਲ ਪੰਪਾਂ ਨਾਲ ਕਿਸਾਨਾਂ ਦਾ ਪੈਦਾਵਾਰੀ ਖ਼ਰਚਾ ਵਧਾ ਦਿੱਤਾ ਹੈ, (4) ਪ੍ਰਾਈਵੇਟ ਬਿਜਲੀ ਕੰਪਨੀਆਂ ਉੱਤੇ ਸੂਬੇ ਦੀ ਨਿਰਭਰਤਾ ਵਧਾਈ ਜੋ ਆਪਣੀਆਂ ਸ਼ਰਤਾਂ ਮੰਨਵਾਉਂਦੀਆਂ ਹਨ, (5) ਝੋਨੇ ਦੇ ਸੀਜ਼ਨ ਦੌਰਾਨ ਸਨਅਤੀ ਕੰਮਕਾਰ ਠੱਲ੍ਹ ਦਿੱਤਾ; ਅਤੇ (6) ਉਹ ਵਸੀਲੇ ਚਟਮ ਕਰ ਲਏ ਹਨ ਜਿਹੜੇ ਬਿਜਲੀ ਪਲਾਂਟਾਂ ਨੂੰ ਆਧੁਨਿਕ ਬਣਾਉਣ ਤੇ ਬਿਜਲੀ ਪੈਦਾਵਾਰ ਦੀ ਸਮਰੱਥਾ ਵਧਾਉਣ ਲਈ ਵਰਤੇ ਜਾ ਸਕਦੇ ਸਨ, ਅਤੇ ਇਸ ਤਰ੍ਹਾਂ ਪਲਾਂਟ ਬੰਦ ਕਰਨ ਕਰਕੇ ਟੁੱਟੀਆਂ ਨੌਕਰੀਆਂ ਬਚਾਉਣ ਦਾ ਸਾਧਨ ਬਣ ਸਕਦੇ ਸਨ। ਜੁੱਗਾਂ ਪੁਰਾਣੀ ਕਹਾਵਤ 'ਬੰਦੇ ਨੂੰ ਮੱਛੀ ਦੇਣ ਦੀ ਥਾਂ ਮੱਛੀ ਫੜਨੀ ਸਿਖਾਉ' ਤੱਜ ਦਿੱਤੀ ਗਈ। ਇਨ੍ਹਾਂ ਨੇ ਪੰਜਾਬੀਆਂ ਨੂੰ ਮੁਫ਼ਤਖ਼ੋਰੇ ਬਣਾ ਦਿੱਤਾ।

ਇਸ ਅਣਗਹਿਲੀ ਕਰ ਕੇ ਬਹੁਤ ਨੁਕਸਾਨ ਹੋਇਆ। ਵੋਟ ਸਿਆਸਤ ਅਤੇ ਪ੍ਰਾਈਵੇਟ ਖੇਤਰ ਦੀ ਸਰਪ੍ਰਸਤੀ ਲਈ ਲੋੜਾਂ ਪੂਰੀਆਂ ਕਰਦਿਆਂ, ਵਸੀਲਿਆਂ ਦੀ ਵਰਤੋਂ ਹੋਰ ਪਾਸੇ ਕਰਨ ਦਾ ਮਾਮਲਾ ਹੁਣ ਸਿਰਫ਼ ਬਿਜਲੀ ਖੇਤਰ ਤੱਕ ਹੀ ਸੀਮਤ ਨਹੀਂ ਰਿਹਾ। ਇਹ ਅਗਾਂਹ ਸਰਕਾਰੀ ਟਰਾਂਸਪੋਰਟ, ਸਿੱਖਿਆ,



ਸਿਹਤ ਅਤੇ ਸੜਕਾਂ ਦੇ ਖੇਤਰਾਂ ਤੱਕ ਫੈਲ ਗਿਆ, ਜਿਸ ਨਾਲ ਸਰਕਾਰੀ ਖੇਤਰ ਵਿਚ ਨੌਕਰੀਆਂ ਘਟ ਜਾਂ ਖ਼ਤਮ ਹੋ ਰਹੀਆਂ ਹਨ। ਇਸ ਦਾ ਖ਼ਮਿਆਜ਼ਾ ਸਭ ਨੂੰ ਭੁਗਤਣਾ ਪੈ ਰਿਹਾ ਹੈ। ਕਰਜ਼ਾ ਮੁਆਫ਼ੀ ਉਡੀਕਦਿਆਂ ਕਿਸਾਨਾਂ ਨੇ ਕਰਜ਼ੇ ਮੋੜਨੇ ਬੰਦ ਕਰ ਦਿੱਤੇ ਹਨ। ਹੁਣ ਕਾਂਗਰਸ ਇਹ 'ਫੜ੍ਹ' ਮਾਰ ਸਕਦੀ ਹੈ ਕਿ ਲੋਕ ਲੁਭਾਊ ਸਿਆਸਤ ਖ਼ਾਤਿਰ ਇਸ ਨੇ ਸਹਿਕਾਰੀ ਸਭਾਵਾਂ ਅਤੇ ਬੈਂਕਾਂ ਨੂੰ ਵੀ ਮਾੜੀ ਕਾਰਗੁਜ਼ਾਰੀ ਵਾਲੀਆਂ ਹੋਰ ਸੰਸਥਾਵਾਂ ਵਿਚ ਸ਼ੁਮਾਰ ਕਰ ਦਿੱਤਾ ਹੈ।

ਹਰ ਆਰਥਿਕ ਮਾਹਿਰ ਇਹ ਆਖ ਰਿਹਾ ਹੈ ਕਿ ਕਿਸਾਨੀ ਸਿਰ ਪਏ ਸੰਕਟ ਦਾ ਹੱਲ ਕਰਜ਼ਾ ਮੁਆਫ਼ੀ ਨਹੀਂ ਹੈ। ਫਿਰ ਵੀ ਸਰਕਾਰ ਜਿਸ ਨੇ ਸਲਾਹਕਾਰਾਂ ਦੀ ਪੂਰੀ ਬਟਾਲੀਅਨ ਖੜ੍ਹੀ ਕਰ ਲਈ ਹੋਈ ਹੈ, ਇਸ ਵਾਜਬ ਤੇ ਸਿਆਣੀ ਸਲਾਹ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਲਕੀਰ ਦੇ ਫ਼ਕੀਰ ਤੋਂ ਅਗਾਂਹ ਸੋਚਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਰਹੀ। ਪਿਛਲੇ ਸਾਲਾਂ ਦੌਰਾਨ ਆਪਣੀਆਂ ਗੰਭੀਰ ਸਮੱਸਿਆਵਾਂ ਨਾਲ ਨਜਿੱਠਣ ਲਈ ਪੰਜਾਬ ਨੇ ਕੋਈ ਇੱਕ ਵੀ ਵੱਡਾ ਵਿਚਾਰ ਸਾਹਮਣੇ ਨਹੀਂ ਲਿਆਂਦਾ। ਹਰਿਆਣਾ ਖੇਡਾਂ ਨੂੰ ਪ੍ਰਫੁਲਿਤ ਕਰ ਰਿਹਾ ਹੈ ਅਤੇ ਸਬਜ਼ੀ ਕਾਸ਼ਤਕਾਰਾਂ ਨੂੰ ਚੰਗੇ ਭਾਅ ਦੇ ਰਿਹਾ ਹੈ। ਹਿਮਾਚਲ ਪ੍ਰਦੇਸ਼ ਮਨੁੱਖੀ ਵਿਕਾਸ ਵਾਲੇ ਪਾਸੇ ਪੂਰੇ ਸਿਰੜ ਨਾਲ ਲੱਗਿਆ ਹੋਇਆ ਹੈ। ਮੱਧ ਪ੍ਰਦੇਸ਼ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਜਿਣਸ ਵਿਕਣ ਕਾਰਨ, ਕਿਸਾਨਾਂ ਨੂੰ ਪੈਂਦਾ ਘਾਟਾ ਖ਼ੁਦ ਪੈਸਾ ਮੁਹੱਈਆ ਕਰਵਾ ਕੇ ਪੂਰਾ ਕਰ ਰਿਹਾ ਹੈ। ਤਿਲੰਗਾਨਾ ਬਿਜਾਈ ਦੇ ਹਰ ਸੀਜ਼ਨ ਦੌਰਾਨ ਕਿਸਾਨਾਂ ਨੂੰ ਚਾਰ ਹਜ਼ਾਰ ਰੁਪਏ ਫ਼ੀ ਏਕੜ ਉੱਕਾ-ਪੁੱਕਾ ਸਬਸਿਡੀ ਦੇ ਰਿਹਾ ਹੈ।

ਬਹੁਤ ਘੱਟ ਆਸ ਹੈ ਕਿ ਆਉਣ ਵਾਲਾ ਬਜਟ ਕਿਸੇ ਲਿਹਾਜ਼ ਵੱਖਰਾ ਹੋਵੇਗਾ। ਸਾਡੇ ਕੋਲ ਅਜਿਹੇ ਨੀਤੀਘਾੜੇ ਹਨ ਜਿਹੜੇ ਮੌਕਾ ਆਉਣ 'ਤੇ ਆਪਣੇ ਦਰਵਾਜ਼ੇ ਢੋਹ ਲੈਂਦੇ ਹਨ। ਮੁੱਖ ਮੰਤਰੀ ਪ੍ਰਾਈਵੇਟ ਪੂੰਜੀਨਿਵੇਸ਼ ਖ਼ਾਤਿਰ ਮੁੰਬਈ ਤਾਂ ਜਾ ਸਕਦੇ ਹਨ ਪਰ ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪੰਜਾਬੀਆਂ ਨਾਲ ਸਾਂਝ ਤੇ ਸਦਭਾਵਨਾ ਖ਼ਾਤਿਰ ਪੰਜਾਬ ਆਉਂਦੇ ਹਨ ਤਾਂ ਉਨ੍ਹਾਂ ਨਾਲ ਗੱਲ ਕਰਨ ਲਈ ਮੁੱਖ ਮੰਤਰੀ ਕੋਲ ਕੋਈ ਆਰਥਿਕ ਏਜੰਡਾ ਹੀ ਨਹੀਂ ਹੁੰਦਾ। ਇਸ ਦੀ ਥਾਂ ਨੌਂ ਭਗੌੜੇ ਬੰਦਿਆਂ ਦੀ ਲਿਸਟ ਪੇਸ਼ ਕੀਤੀ ਜਾਂਦੀ ਹੈ ਅਤੇ ਖ਼ਾਲਿਸਤਾਨ ਵਰਗਾ ਖ਼ਤਮ ਹੋਇਆ ਮੁੱਦਾ ਮੁੜ ਉਖਾੜਿਆ ਜਾਂਦਾ ਹੈ। ਦਰਅਸਲ, ਮੁੱਖ ਮੰਤਰੀ ਕੈਨੇਡਾ ਵੱਲੋਂ ਉਨ੍ਹਾਂ ਨੂੰ ਵੀਜ਼ੇ ਤੋਂ ਇਨਕਾਰ ਕਰਨ ਵਾਲੀ ਗੱਲ ਤੋਂ ਉੱਪਰ ਉੱਠ ਹੀ ਨਹੀਂ ਸਕੇ।

ਉੱਤਰ ਭਾਰਤ ਆਮ ਕਰ ਕੇ, ਤੇ ਪੰਜਾਬ ਖ਼ਾਸ ਕਰ ਕੇ ਪਾਕਿਸਤਾਨ ਅਤੇ ਹੋਰ ਅਗਲੇਰੇ ਮੁਲਕਾਂ ਨਾਲ ਕਾਰੋਬਾਰ ਵਧਾਉਣ ਤੋਂ ਲਾਭ ਉਠਾ ਸਕਦਾ ਹੈ ਪਰ ਪੰਜਾਬ ਦੇ ਕਿਸੇ ਵੀ ਲੀਡਰ ਨੇ ਭਾਜਪਾ ਦੇ ਜੰਗਬਾਜ਼ ਕਾਡਰ ਨੂੰ ਥਾਂ ਸਿਰ ਰੱਖਣ ਵੱਲ ਕਦੀ ਕੋਈ ਧਿਆਨ ਨਹੀਂ ਦਿੱਤਾ। ਦਹਿਸ਼ਤਪਸੰਦੀ ਦੇ ਟਾਕਰੇ ਲਈ ਸਭ ਤੋਂ ਵੱਡਾ ਹਥਿਆਰ ਕਾਰੋਬਾਰ ਹੈ ਅਤੇ ਇਹ ਪਾਕਿਸਤਾਨ ਤੱਕ ਵਧੇਰੇ ਪਹੁੰਚ ਦੀ ਮੰਗ ਕਰਦਾ ਹੈ; ਪਰ ਕੈਪਟਨ ਅਮਰਿੰਦਰ ਸਿੰਘ ਆਪਣੇ ਚੁਸਤ-ਚਲਾਕ ਚੋਣ ਰਣਨੀਤੀਕਾਰਾਂ ਦੀ ਸਲਾਹ ਉੱਤੇ ਅੱਲਵਲੱਲੇ ਚੋਣ ਵਾਅਦੇ ਕਰਦਿਆਂ ਸਮਾਂ ਲੰਘਾਉਂਦੇ ਰਹੇ।

ਨਿਊ ਯਾਰਕ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਸਟੀਫ਼ਨ ਹੋਮਜ਼ ਦਾ ਕਹਿਣਾ ਹੈ, "ਸਿਆਸਤ ਦਾ ਮਤਲਬ ਵਾਅਦੇ ਕਰਨਾ, ਨਾਕਾਮ ਹੋਣਾ ਅਤੇ ਫਿਰ ਇਸ ਨਾਕਾਮੀ ਨੂੰ ਲੁਕੋਣਾ ਹੈ।" ਹੋਮਜ਼ ਨੇ ਕੈਪਟਨ ਅਮਰਿੰਦਰ ਸਿੰਘ ਬਾਰੇ ਤਾਂ ਨਹੀਂ ਸੁਣਿਆ ਹੋਵੇਗਾ ਪਰ ਉਨ੍ਹਾਂ ਜੋ ਕਿਹਾ ਉਹ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਵਰਤਾਈ ਜਾ ਰਹੀ ਜਮਹੂਰੀਅਤ ਉੱਤੇ ਐਨ ਢੁਕਦਾ ਹੈ। ਕੈਪਟਨ ਨੇ ਪੂਰਾ ਇੱਕ ਸਾਲ ਲੋਕਾਂ ਨੂੰ ਇਹ ਚੇਤਾ ਕਰਾਉਂਦਿਆਂ ਹੀ ਲੰਘਾ ਦਿੱਤਾ ਕਿ ਬਾਦਲਾਂ ਨੇ ਕਿੰਨੀ ਵੱਡੀ ਗੜਬੜ ਕੀਤੀ ਹੈ। ਮੁੱਖ ਮੰਤਰੀ ਦਾ 2.08 ਲੱਖ ਕਰੋੜ ਦੇ ਕਰਜ਼ੇ ਉੱਤੇ ਹੈਰਾਨੀ ਭਰਿਆ ਬਿਆਨ ਵੀ ਬਨਾਵਟੀ ਸੀ, ਕਿਉਂਕਿ ਉਦੈ ਬੌਂਡਜ਼, ਸਟੇਟ ਗਾਰੰਟੀ ਅਤੇ ਸਰਕਾਰੀ ਖੇਤਰ ਦੇ ਅਦਾਰਿਆਂ ਦੇ ਕਰਜ਼ੇ ਸਮੇਤ ਸੂਬੇ ਸਿਰ ਚੜ੍ਹਿਆ ਕਰਜ਼ਾ ਜਨਤਕ ਹੋਇਆ ਹੋਇਆ ਹੈ। 'ਟਾਈਮਜ਼ ਆਫ਼ ਇੰਡੀਆ' ਨਾਲ ਇੰਟਰਵਿਊ (27 ਫਰਵਰੀ) ਦੌਰਾਨ ਉਨ੍ਹਾਂ ਕਿਹਾ ਹੈ, "ਸਾਲ 2006-07 (ਜਦੋਂ ਉਹ ਮੁੱਖ ਮੰਤਰੀ ਸਨ) ਵਿੱਚ ਸੂਬੇ ਦੀ ਵਿਕਾਸ ਦਰ 10.18 ਫ਼ੀਸਦ ਸੀ ਜਿਹੜੀ ਭਾਰਤ ਦੀ ਔਸਤ ਵਿਕਾਸ ਦਰ 9.57 ਫ਼ੀਸਦ ਤੋਂ ਵੱਧ ਸੀ। ਸਾਲ 2016-17 ਤੱਕ ਪੁੱਜਦਿਆਂ ਇਹ ਭਾਰਤ ਦੀ 7.5 ਫ਼ੀਸਦ ਦਰ ਦੇ ਮੁਕਾਬਲੇ 4.20 ਫ਼ੀਸਦ ਤੱਕ ਆ ਡਿੱਗੀ।" ਤੇ 8 ਮਾਰਚ 2006 ਨੂੰ 'ਦਿ ਹਿੰਦੂ' ਵਿੱਚ ਛਪੀ ਰਿਪੋਰਟ 'ਨੋ ਫਰੈੱਸ਼ ਟੈਕਸ ਇੰਨ ਪੰਜਾਬ ਬਜਟ' ਵਿਚ ਪੰਜਾਬ ਦੀ ਵਿਕਾਸ ਦਰ 5.5 ਦੱਸੀ ਗਈ ਹੈ। ਇਹ ਕੈਪਟਨ ਦੇ ਦਾਅਵਿਆਂ ਤੋਂ ਤਕਰੀਬਨ ਅੱਧੀ ਹੈ। ਇਸ ਤੋਂ ਅਮਰੀਕੀ ਸਿਆਸਤਦਾਨ ਤੇ ਕੂਟਨੀਤਕ ਡੇਨੀਅਲ ਪੈਟਰਿਕ ਦਾ ਕਿਹਾ ਚੇਤੇ ਆਉਂਦਾ ਹੈ: "ਹਰ ਕਿਸੇ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹੁੰਦਾ ਹੈ ਪਰ ਤੱਥ ਕਿਸੇ ਦੇ ਆਪਣੇ ਨਹੀਂ ਹੋ ਸਕਦੇ।"

ਪੰਜਾਬ ਵਿੱਚ ਸਰਫ਼ਾਕਾਰੀ ਸ਼ੁਰੂ ਤਾਂ ਹੋਈ ਹੈ ਪਰ ਗ਼ਲਤ ਪਾਸੇ: ਦਿਹਾਤੀ ਸਕੂਲ ਬੰਦ ਕਰਨੇ, ਅਧਿਆਪਕਾਂ ਲਈ ਘੱਟੋ-ਘੱਟ ਉੱਕਾ-ਪੁੱਕਾ ਤਨਖਾਹ, 'ਸੁਵਿਧਾ ਕੇਂਦਰ' ਤੇ ਬਿਜਲੀ ਪਲਾਂਟ ਬੰਦ ਕਰਨੇ। ਕਰ, ਬਿਜਲੀ ਦਰਾਂ ਅਤੇ ਬੱਸਾਂ ਦੇ ਕਿਰਾਏ ਵਧ ਗਏ ਹਨ। ਸਰਕਾਰ ਦੇ ਉੱਪਰਲੇ ਪੱਧਰ ਉੱਤੇ ਇਹ ਸਰਫ਼ਾਕਾਰੀ ਲਾਗੂ ਨਹੀਂ। ਉਂਜ ਵੀ, ਸਰਕਾਰੀ ਫ਼ਜ਼ੂਲਖ਼ਰਚੀ ਵਿੱਚ ਕਟੌਤੀ ਅਜਿਹੀ ਆਸ ਹੈ ਜਿਵੇਂ ਸ਼ਾਹੀ ਠਾਠ ਨਾਲ ਰਹਿਣ ਵਾਲਿਆਂ ਤੋਂ ਮਹਾਤਮਾ ਗਾਂਧੀ ਵਾਂਗ ਰਹਿਣ ਦੀ ਉਮੀਦ ਕਰਨੀ।

ਕੈਪਟਨ ਅਮਰਿੰਦਰ ਸਿੰਘ ਆਖਦੇ ਹਨ ਕਿ ਇੱਕ ਵਾਰ ਪੰਜਾਬ ਦੀ ਵਿੱਤੀ ਹਾਲਤ ਠੀਕ ਹੋ ਜਾਵੇ, ਉਹ ਪਾਸੇ ਹੋ ਜਾਣਗੇ। ਇਸ ਦਾ ਮਤਲਬ ਹੈ ਕਿ ਸੱਤਾ ਦਾ ਲਾਲਚ ਨਹੀਂ ਛੁੱਟ ਰਿਹਾ। ਵਿੱਤੀ ਸੁਧਾਰਾਂ ਲਈ ਸੰਜੀਦਗੀ ਨਾਲ ਕੰਮ ਕਰ ਕੇ ਉਹ ਸਿਆਸੀ ਤੌਰ 'ਤੇ ਖ਼ੁਦ ਨੂੰ ਫ਼ਾਲਤੂ ਤੇ ਬੇਲੋੜੇ ਕਿਉਂ ਬਣਾਉਣਗੇ? ਉਹ ਯਾਦਗਾਰਾਂ ਬਣਾਉਣ ਲਈ ਬਾਦਲ ਦੀ ਸ਼ਲਾਘਾ ਕਰਦੇ ਹਨ, ਜਦਕਿ ਉਨ੍ਹਾਂ ਦਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਯਾਦਗਾਰਾਂ ਉੱਤੇ 2000 ਕਰੋੜ ਰੁਪਏ ਦੀ ਫ਼ਜ਼ੂਲ ਖ਼ਰਚੀ ਦੀ ਗੱਲ ਕਰਦਾ ਹੈ ਅਤੇ ਪੰਜਾਬ ਯੂਨੀਵਰਸਿਟੀ ਨੂੰ 20 ਕਰੋੜ ਰੁਪਏ ਵੀ ਨਹੀਂ ਦਿੰਦਾ।

ਬਜਟ ਦੇ ਜ਼ਰੀਏ ਸੱਤਾ ਧਿਰ ਨੂੰ ਇੱਕ ਮੌਕਾ ਮਿਲਿਆ ਹੈ ਕਿ ਉਹ ਤਬਦੀਲੀ-ਵਿਰੋਧੀ ਧਾਰਨਾ ਬਦਲ ਸੁੱਟੇ। ਹੁਣ ਪਾਣੀ, ਹਵਾ, ਮਿੱਟੀ/ਭੂਮੀ, ਸਿੱਖਿਆ ਅਤੇ ਸਿਹਤ ਵਰਗੇ ਬੁਨਿਆਦੀ ਮਸਲਿਆਂ ਵੱਲ ਧਿਆਨ ਦੇਣ ਦਾ ਵੇਲਾ ਹੈ। ਪਾਣੀ, ਹਵਾ ਅਤੇ ਮਿੱਟੀ/ਭੂਮੀ ਦਾ ਪ੍ਰਦੂਸ਼ਣ ਮਨੁੱਖੀ ਸਿਹਤ ਅਤੇ ਪਰਿਵਾਰਾਂ ਦੇ ਬਜਟ ਉੱਤੇ ਬਹੁਤ ਘਾਤਕ ਅਸਰ ਪਾਉਂਦਾ ਹੈ। ਗ਼ੈਰ-ਮਿਆਰੀ ਸਿੱਖਿਆ ਨੇ ਨੌਜਵਾਨਾਂ ਨੂੰ ਬੇਰੁਜ਼ਗਾਰ ਬਣਾ ਦਿੱਤਾ ਹੈ। ਬਜਟ ਇਨ੍ਹਾਂ ਸਾਰੇ ਖੇਤਰਾਂ ਵਿੱਚ ਹਰ ਕਿਸੇ ਲਈ ਇਤਬਾਰ ਵਾਲੀ ਰਾਹਤ ਯੋਜਨਾ ਲਈ ਫੰਡ ਜੁਟਾ ਸਕਦਾ ਹੈ। ਹੁਣ ਵਸੀਲਿਆਂ ਦੀ ਫ਼ਜ਼ੂਲ ਖ਼ਰਚੀ ਦੀ ਥਾਂ ਇਨ੍ਹਾਂ ਦੀ ਉਸਾਰੂ ਵਰਤੋਂ ਵੱਲ ਮੋੜ ਕੱਟਣ ਦਾ ਵੇਲਾ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

# ਤੱਥ, ਤਾਜ ਤੇ ਤਮਸ

*ਸ਼ਬਦ ਸੰਚਾਰ :* **ਸੁਰਿੰਦਰ ਸਿੰਘ ਤੇਜ**

ਐਨਡੀਟੀਵੀ 24×7 (ਅੰਗਰੇਜ਼ੀ) ਚੈਨਲ 'ਤੇ ਇੱਕ ਮਕਬੂਲ ਪ੍ਰੋਗਰਾਮ 'ਦਿ ਬਿੱਗ ਫਾਈਟ' ਵਿੱਚ ਆਰਐੱਸਐੱਸ ਦੇ ਵਿਚਾਰਵੇਤਾ ਦੇਸ਼ ਰਤਨ ਨਿਗਮ ਦੇ ਦਾਅਵਿਆਂ ਨੇ ਅਚਨਚੇਤ ਧਿਆਨ ਖਿੱਚ ਲਿਆ। ਇਹ ਸਿਧਾਂਤਕਾਰ ਧੀਮਾ ਬੋਲਦਾ ਹੈ, ਦੂਜਿਆਂ ਦੀ ਗੱਲ ਸਹਿਜ ਨਾਲ ਸੁਣਦਾ ਹੈ ਅਤੇ ਆਪਣਾ ਪੱਖ ਵਜ਼ਨਦਾਰ ਢੰਗ ਨਾਲ ਪੇਸ਼ ਕਰਨ ਦਾ ਪ੍ਰਭਾਵ ਦਿੰਦਾ ਹੈ। ਅਜਿਹੀਆਂ ਸ਼ਖ਼ਸੀਅਤਾਂ ਪੜ੍ਹੇ-ਲਿਖੇ ਦਰਸ਼ਕਾਂ ਸਾਹਮਣੇ ਸੰਘ ਪਰਿਵਾਰ ਦਾ ਬਿਹਤਰ ਚਿਹਰਾ ਪੇਸ਼ ਕਰਨ 'ਚ ਸਹਾਈ ਵੀ ਹੁੰਦੀਆਂ ਆਈਆਂ ਹਨ। ਪਰ ਤੱਥਾਂ ਨੂੰ ਨਵਾਂ ਜਾਂ ਕਲਪਿਤ ਜਾਮਾ ਪਹਿਨਾ ਕੇ ਛਾਅ ਜਾਣ ਦੀ ਬਿਰਤੀ ਕਈ ਵਾਰ ਪੁੱਠੀ ਵੀ ਪੈ ਜਾਂਦੀ ਹੈ। ਉਕਤ ਪ੍ਰੋਗਰਾਮ ਵਿੱਚ ਭਾਰਤੀ ਸੱਭਿਅਤਾ ਦੇ ਉਭਾਰ 'ਚ ਮੁਗ਼ਲ ਬਾਦਸ਼ਾਹਾਂ ਦੀ ਭੂਮਿਕਾ ਸਬੰਧੀ ਚਰਚਾ ਦੌਰਾਨ ਨਿਗਮ ਨੇ ਸਪਸ਼ਟ ਕੀਤਾ ਕਿ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਮੁਗ਼ਲ ਬਾਦਸ਼ਾਹ ਸ਼ਾਹ ਜਹਾਂ ਨੂੰ ਨਾਇਕ ਜਾਂ ਭਾਰਤੀ ਤਹਿਜ਼ੀਬ ਦਾ ਪ੍ਰਤੀਕ ਨਹੀਂ ਮੰਨਦੀ, ਪਰ ਤਾਜ ਮਹੱਲ ਨੂੰ ਰਾਸ਼ਟਰੀ ਪ੍ਰਤੀਕ ਮੰਨਦੀ ਹੈ। ਇਸ ਦੀ ਵਜ੍ਹਾ ਹੈ ਕਿ ਇਹ ਸ਼ਾਨਦਾਰ ਇਮਾਰਤ ਸ਼ਾਹ ਜਹਾਂ ਨੇ ਨਹੀਂ ਸੀ ਬਣਵਾਈ ਸਗੋਂ ਸਾਲ 1080 ਵਿੱਚ ਹੋਂਦ ਵਿੱਚ ਆ ਚੁੱਕੀ ਸੀ। ਇਹ ਸ਼ਿਵ ਮੰਦਿਰ ਸੀ; ਇਸ ਨੂੰ ਮਿਰਜ਼ਾ ਰਾਜਾ ਜੈਸਿੰਘ ਦੀ ਨਿਗਰਾਨੀ ਹੇਠੋਂ ਲੈ ਕੇ ਸ਼ਾਹ ਜਹਾਂ ਨੇ ਮਕਬਰੇ ਦਾ ਰੂਪ ਦੇ ਦਿੱਤਾ।

ਗੱਲ ਇੱਥੇ ਹੀ ਨਹੀਂ ਮੁੱਕੀ। ਇਸ ਸਿਧਾਂਤਕਾਰ ਨੇ ਦਿੱਲੀ ਦੇ ਲਾਲ ਕਿਲੇ ਨੂੰ ਵੀ ਹਿੰਦੂ ਇਮਾਰਤਸਾਜ਼ੀ ਦੀ ਦੇਣ ਦੱਸਿਆ। ਉਸ ਦਾ ਦਾਅਵਾ ਸੀ ਕਿ ਇਹ ਕਿਲਾ ਤੋਮਰ ਰਾਜਵੰਸ਼ (9ਵੀਂ ਤੋਂ 12 ਸਦੀ ਈਸਵੀ) ਨੇ ਬਣਵਾਇਆ ਸੀ। ਹਿੰਦੂ ਇਮਾਰਤੀ ਕਲਾ ਦੇ ਪ੍ਰਮਾਣ ਇਸ ਕਿਲੇ ਦੇ ਅੰਦਰ ਜਗ੍ਹਾ ਜਗ੍ਹਾ ਮੌਜੂਦ ਹਨ। ਦਿੱਲੀ ਦੀ ਜਾਮਾ ਮਸਜਿਦ ਬਾਰੇ ਇੱਕ ਮਜ਼ਾਹੀਆ ਸਵਾਲ ਦਾ ਜਵਾਬ ਵੀ ਉਸ ਨੇ ਪੂਰੀ ਸੰਜੀਦਗੀ ਨਾਲ ਦਿੱਤਾ : ਇਹ ਉਸ ਥਾਂ 'ਤੇ ਬਣੀ ਹੋਈ ਜਿੱਥੇ ਕਦੇ ਯਮੁਨਾ ਮੰਦਿਰ ਹੁੰਦਾ ਸੀ। ਇਸ ਦਾਅਵੇ ਦੇ ਹੱਕ ਵਿੱਚ ਉਸ ਦੀ ਦਲੀਲ ਸੀ ਕਿ ਮਸਜਿਦਾਂ ਕਦੇ ਉੱਚੇ ਚੌਂਤਰਿਆਂ 'ਤੇ ਨਹੀਂ ਉਸਾਰੀਆਂ ਜਾਂਦੀਆਂ। ਇਹ ਆਲੇ-ਦੁਆਲੇ ਵਾਲੇ ਇਲਾਕੇ ਵਾਲੇ ਜ਼ਮੀਨੀ ਪੱਧਰ ਉੱਤੇ ਹੀ ਹੁੰਦੀਆਂ ਹਨ। ਜਾਮਾ ਮਸਜਿਦ ਉਨ੍ਹਾਂ ਚੰਦ ਮਸਜਿਦਾਂ ਵਿੱਚੋਂ ਇੱਕ ਹੈ ਜੋ ਕਿ ਵੱਡੇ ਚੌਂਤਰਿਆਂ 'ਤੇ ਉਸਰੀਆਂ ਹੋਈਆਂ ਹਨ। ਦੂਜੇ ਪਾਸੇ ਥੜ੍ਹਿਆਂ ਜਾਂ ਚੌਂਤਰਿਆਂ ਉੱਪਰ ਧਰਮ ਅਸਥਾਨ ਉਸਾਰਨੇ ਪ੍ਰਾਚੀਨ ਹਿੰਦੂ ਭਵਨ ਕਲਾ ਦਾ ਵਿਸ਼ੇਸ਼ ਲੱਛਣ ਸਨ ਅਤੇ ਹੁਣ ਵੀ ਹਨ।

ਇਤਿਹਾਸ ਨੂੰ ਅਜਿਹੇ ਵਲੇਵੇਂ ਭਾਜਪਾ ਦੇ ਅਡਵਾਨੀ-ਮੋਦੀ ਯੁੱਗ ਦੀ ਦੇਣ ਹਨ ਜਾਂ ਇਸ ਤੋਂ ਪਹਿਲਾਂ ਵੀ ਇਹੋ ਵਰਤਾਰਾ ਸੀ? ਜ਼ਾਤੀ ਅਨੁਭਵ ਇਹ ਦਰਸਾਉਂਦਾ ਹੈ ਕਿ ਪਹਿਲਾਂ ਜੋ ਅੰਦਰ ਸੀ, ਉਹ ਬਾਹਰ ਘੱਟ ਆਉਂਦਾ ਸੀ। ਹੁਣ ਜੋ ਅੰਦਰ ਹੈ, ਉਹ ਵੱਧ ਪ੍ਰਚੰਡ ਰੂਪ ਵਿੱਚ ਬਾਹਰ ਆ ਰਿਹਾ ਹੈ। 1970 ਵਿਆਂ ਵਿੱਚ ਬੀ.ਏ. ਕਰਦਿਆਂ ਇਸ ਲੇਖਕ ਨੇ ਆਪਣੇ ਇੱਕ ਜਮਾਤੀ ਦੇ ਘਰ 'ਜਾਹਨਵੀ' ਨਾਮ ਦਾ ਰਸਾਲਾ ਦੇਖਿਆ ਸੀ। ਉਸ ਜਮਾਤੀ ਦੇ ਪਿਤਾ ਸਕੂਲ ਅਧਿਆਪਕ ਸਨ। ਪਹਿਰਾਵੇ ਜਾਂ ਵਰਤੋਂ-ਵਿਹਾਰ ਤੋਂ ਉਹ ਸ਼ਾਖ਼ਾ ਪ੍ਰੇਮੀ ਹੋਣ ਦਾ ਪ੍ਰਭਾਵ ਬਿਲਕੁਲ ਨਹੀਂ ਸੀ ਦਿੰਦੇ, ਪਰ ਸਨ ਪੱਕੇ ਸਵੈਮਸੇਵਕ। ਉਸ ਪਰਿਵਾਰ ਨਾਲ ਵਿਚਰਦਿਆਂ ਵੀ ਕਦੇ ਧਾਰਮਿਕ ਭੇਦਭਾਵ ਮਹਿਸੂਸ ਨਹੀਂ ਸੀ ਹੋਇਆ। 'ਜਾਹਨਵੀ' (ਡਾਈਜੈਸਟ) ਉਨ੍ਹਾਂ ਦੇ ਘਰ ਹਰ ਮਹੀਨੇ ਆਉਂਦਾ ਸੀ। ਇਸ ਨੂੰ ਪੜ੍ਹਦਿਆਂ ਇਸ ਦਾ ਆਰਐੱਸਐੱਸ ਨਾਲ ਸਬੰਧ ਹੋਣ ਦਾ ਆਭਾਸ ਇਸ ਦੇ ਝੰਡੇਵਾਲਾ ਐਕਸਟੈਨਸ਼ਨ ਵਾਲੇ ਪਤੇ ਤੋਂ ਹੀ ਹੁੰਦਾ ਸੀ, ਵਿਸ਼ਾ-ਵਸਤੂ ਪੱਖੋਂ ਨਹੀਂ। ਡਿਜ਼ਾਈਨ ਤੇ ਆਕਾਰ ਪੱਖੋਂ 'ਰੀਡਰਜ਼ ਡਾਈਜੈਸਟ' ਦੀ ਨਕਲ ਜਾਪਣ ਵਾਲਾ ਇਹ ਰਸਾਲਾ ਵਿਸ਼ਾ-ਵਸਤੂ ਪੱਖੋਂ ਉਸੇ ਆਕਾਰ ਵਾਲੇ ਦੋ ਹੋਰ ਹਿੰਦੀ ਰਸਾਲਿਆਂ - 'ਨਵਨੀਤ ਡਾਈਜੈਸਟ' ਤੇ 'ਕਾਦੰਬਿਨੀ' ਤੋਂ ਬਹੁਤਾ ਵੱਖਰਾ ਨਹੀਂ ਸੀ। (ਇਨ੍ਹਾਂ ਦੋਵਾਂ ਦਾ ਪ੍ਰਕਾਸ਼ਨ ਹੁਣ ਵੀ ਜਾਰੀ ਹੈ)। ਜਿਵੇਂ ਇਹ ਦੋਵੇਂ ਰਸਾਲੇ ਨਰਮਪੰਥੀ ਹਿੰਦੂਵਾਦੀ ਪੜ੍ਹਨ ਸਮੱਗਰੀ ਪੇਸ਼ ਕਰਦੇ ਸਨ, ਉਸੇ ਤਰ੍ਹਾਂ 'ਜਾਹਨਵੀ' ਦਾ ਮੈਟਰ ਵੀ ਮੋਟੇ ਤੌਰ 'ਤੇ ਪ੍ਰਚਾਰ ਦੀ ਥਾਂ ਜਾਣਕਾਰੀ ਆਧਾਰਿਤ ਹੁੰਦਾ ਸੀ। ਇਹ ਤਾਂ ਹੁਣ ਪਿੱਛਲ-ਸੋਝੀ ਹੋਈ ਹੈ ਕਿ ਉਸ ਦੀਆਂ ਨੱਬੇ ਫ਼ੀਸਦੀ ਰਚਨਾਵਾਂ ਭਾਰਤੀ (ਹਿੰਦੂਵਾਦੀ) 'ਗੌਰਵ' ਨੂੰ ਉਭਾਰਨ ਵਾਲੀਆਂ ਕਿਉਂ ਹੁੰਦੀਆਂ ਸਨ? ਹਿੰਦੂ ਰਾਜਿਆਂ ਜਾਂ ਜਗੀਰਦਾਰਾਂ ਵੱਲੋਂ ਮੁਸੀਬਤਜ਼ਦਾ ਮੁਸਲਿਮ ਹੁਕਮਰਾਨਾਂ ਜਾਂ ਸਰਦਾਰਾਂ ਦੀ ਮਦਦ ਕਰਨ ਦੀਆਂ ਗਾਥਾਵਾਂ ਉਸ ਵਿੱਚ ਕਿਉਂ ਅਕਸਰ ਪੜ੍ਹਨ ਨੂੰ ਮਿਲਦੀਆਂ ਸਨ?

ਸੰਘ ਪਰਿਵਾਰ ਦੀਆਂ ਕਈ ਮੌਜੂਦਾ ਪ੍ਰਕਾਸ਼ਨਾਵਾਂ ਵਿੱਚ ਹੁਣ ਵੀ ਅਜਿਹੀਆਂ ਗਾਥਾਵਾਂ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਫ਼ਰਕ ਇਹ ਹੈ ਕਿ ਜੋ ਝਾਕਾ ਜਾਂ ਜੋ ਪਰਦਾਪੋਸ਼ੀ 1970ਵਿਆਂ ਵਿੱਚ ਇਨ੍ਹਾਂ ਪ੍ਰਕਾਸ਼ਨਾਵਾਂ ਦਾ ਖ਼ਾਸਾ ਹੁੰਦੀ ਸੀ, ਉਸ ਦੀ ਥਾਂ ਬੇਬਾਕੀ ਤੇ ਹੈਂਕੜੇ ਨੇ ਲੈ ਲਈ ਹੈ। ਪਿੱਛੇ ਜਹੇ 'ਆਰਗੇਨਾਈਜ਼ਰ' ਵਿੱਚ ਸੂਰਤ ਬੰਦਰਗਾਹ ਬਾਰੇ ਇੱਕ ਪੁਸਤਕ ਸਮੀਖਿਆ ਪੜ੍ਹਦਿਆਂ ਹੈਰਾਨੀ ਹੋਈ ਕਿ ਸਮੀਖਿਆਕਾਰ ਨੇ ਪੁਸਤਕ ਲੇਖਕ ਦੀ ਨੌਂ ਵਰ੍ਹਿਆਂ ਦੀ ਖੋਜ ਤੇ ਇਤਿਹਾਸਕ ਸਰੋਤਾਂ ਦੀ ਪੁਣਛਾਣ ਨੂੰ 'ਮਲੀਆਮੇਟ' ਕਰਦਿਆਂ ਸੂਰਤ ਬੰਦਰਗਾਹ ਦਾ ਰਿਸ਼ਤਾ ਦੇਵਤਿਆਂ ਦੇ ਅੰਮ੍ਰਿਤ ਮੰਥਨ ਨਾਲ ਜੋੜ ਦਿੱਤਾ। ਜੇ ਉਹ ਬੰਦਰਗਾਹੀ ਨਗਰ ਏਨਾ ਪੁਰਾਣਾ ਸੀ ਤਾਂ ਉਸ ਨੂੰ ਯੂਨੈਸਕੋ ਪਾਸੋਂ ਦੁਨੀਆਂ ਦੇ ਸਭ ਤੋਂ ਪੁਰਾਣੇ ਸ਼ਹਿਰ ਵਜੋਂ ਮਾਨਤਾ ਹੁਣ ਤਕ ਕਿਉਂ ਨਹੀਂ ਦਿਵਾਈ ਗਈ?

ਉੱਘੇ ਅਮਰੀਕੀ ਲੇਖਕ ਮਾਰਕ ਟਵੇਨ ਨੇ ਕਿਹਾ ਸੀ, "ਪਹਿਲਾਂ ਤੱਥ ਇਕੱਤਰ ਕਰ ਲਉ, ਫਿਰ ਜਿਵੇਂ ਦਿਲ ਕਰਦਾ ਹੈ, ਉਨ੍ਹਾਂ ਨੂੰ ਤੋੜ-ਮਰੋੜ ਲੈਣਾ।" ਲਾਲ ਕਿਲੇ, ਜਾਮਾ ਮਸਜਿਦ ਜਾਂ ਤਾਜ ਬਾਰੇ ਤਾਂ ਸੰਘ ਦੇ ਵਿਚਾਰਵੇਤਾਵਾਂ ਨੇ ਤੱਥ ਇਕੱਤਰ ਕਰਨ ਦੀ ਖੇਚਲ ਵੀ ਨਹੀਂ ਕੀਤੀ। ਬਸ, ਵਿਕ੍ਰਿਤ ਸੋਚ ਨੂੰ ਹਰ ਤੱਥ ਉੱਤੇ ਚੇਪਿਆ ਜਾ ਰਿਹਾ ਹੈ; ਇਹ ਸੋਚੇ ਬਿਨਾਂ ਕਿ ਮੁਲਕ ਜਾਂ ਮਜ਼ਹਬ ਦਾ ਕੁੱਲ ਆਲਮ 'ਚ ਜਲੂਸ ਕਿੰਨਾ ਨਿਕਲ ਰਿਹਾ ਹੈ।



PANNU'S
LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu
(Owner)

VISA IN ONE DAY




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538

3810 Eau Claire Ave, Ceres, MODESTO/CERES CA-95307

220 Bush St/Montgomery St, #445 SAN FRANCISCO (OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345

CHAAT BHAVAN®
CHAAT BHAVAN RESTAURANT
Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ

ਸਾਨਫਰਾਂਸਿਸਕੋ (ਹਿੰਦੂ) ਸਾਜਿਸ਼ ਕੇਸ ਨੂੰ ਸਮਰਪਿਤ

# 18ਵਾਂ ਮੇਲਾ ਗਦਰੀ ਬਾਬਿਆਂ ਦਾ

## 25 ਮਾਰਚ 2018 ਦਿਨ ਐਤਵਾਰ 12 ਵਜੇ ਤੋਂ ਸ਼ਾਮ 6 ਵਜੇ ਤੱਕ

ਕਰਨੀਲੀਆ ਅਤੇ ਡਕੋਟਾ ਦੇ ਕੋਰਨਰ ਤੇ

## Central High School

(East), Gymnasium 3535 N Cornelia Ave, Fresno, CA 93722

Corner of Cornelia & Dakota

ਸਮੂਹ ਸਾਥੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।


ਭਾਈ ਭਗਵਾਨ ਸਿੰਘ


ਸ਼ਹੀਦ ਤਾਰਕ ਨਾਥ ਦਾਸ


ਬਾਬੂ ਮੰਗੂ ਰਾਮ ਮੁੱਗੋਵਾਲੀਆ


ਭਾਈ ਸੰਤੋਖ ਸਿੰਘ ਧਰਦਿਓ


ਭਾਈ ਭਾਨ ਸਿੰਘ ਸੁਨੇਤ

## ਪ੍ਰੋਗਰਾਮ


ਮੁੱਖ ਮਹਿਮਾਨ
ਡਾ. ਹਰਸ਼ਿੰਦਰ ਕੌਰ ਪਟਿਆਲਾ

* ਮੁੱਖ ਮਹਿਮਾਨ 'ਤੇ ਬੁਲਾਰੇ: ਡਾ. ਹਰਸ਼ਿੰਦਰ ਕੌਰ ਤੇ ਸ. ਜਰਨੈਲ ਸਿੰਘ ਅੱਚਰਵਾਲ ਹੋਣਗੇ।

* ਬੁਲੰਦ ਅਵਾਜ਼ ਦੇ ਮਾਲਕ ਗਾਇਕ ਜੀਤਾ ਗਿੱਲ, ਹਰਜੀਤ ਮਰਸਿਡ ਤੇ
ਗਾਇਕ ਰਜਿੰਦਰ ਸਿੰਘ (ਰਾਜ ਬਰਾੜ) ਇਨਕਲਾਬੀ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ।

* ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਭੰਗੜਾ ਪੇਸ਼ ਕੀਤਾ ਜਾਵੇਗਾ।

* ਬੱਚਿਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ 'ਤੇ ਸਿਮਰਨ ਹੇਅਰ ਵਲੋਂ ਤਿਆਰ ਹੇਅਰ ਮੀਡੀਆ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।

* ਕਰਮਨ ਪੰਜਾਬੀ ਸਕੂਲ ਵਲੋਂ ਵਿਸ਼ੇਸ਼ ਆਈਟਮ ਪੇਸ਼ ਕੀਤੀ ਜਾਵੇਗੀ।

* 4.0 ਜੀ ਪੀ ਏ ਗਰੇਡ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

Note: students with 4.0 grade should register at IAHForum@gmail.com


ਮੰਚ ਸੰਚਾਲਿਕਾ
ਆਸ਼ਾ ਸ਼ਰਮਾ

## ਮੇਲਾ ਕਮੇਟੀ

ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿੱਲੋਂ, ਮਹਿੰਦਰ ਸਿੰਘ ਢਾਹ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸ਼ਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਗੁਰਮੀਤ ਗਾਜੀਆਣਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ. ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਬਲਵਿੰਦਰ ਸਿੰਘ ਜਾਡਲਾ, ਟਹਿਲ ਸਿੰਘ ਢੇਸੀ, ਗੁਰਮੀਤ ਸਿੰਘ ਰਾਏਪੁਰ ਡੱਬਾ, ਮਨਵੀਰ ਸਿੰਘ ਭੁੱਲਰ, ਜੱਸੀ ਰਾਏ, ਸੁਰਿੰਦਰ ਸਿੰਘ ਬਿੰਦ, ਸੋਹਣ ਸਿੰਘ ਮੱਲ੍ਹੀ, ਹਰਮਨ ਸਿੰਘ ਗਿੱਲ, ਅਮਨਦੀਪ ਸਿੰਘ।

## ਸਪਾਂਸਰਜ਼

ਗੁਲਬਿੰਦਰ ਸਿੰਘ ਢੇਸੀ, ਅਟਵਾਲ ਬ੍ਰਦਰਜ਼ ਫਾਰਮ, ਟਰਾਨਸ ਕੌਰਪ ਫਰੇਟ ਵੇ (ਨਿੱਝਰ ਬ੍ਰਦਰਜ਼), ਏ ਵਨ ਰੀਐਲਟੀ (ਪ੍ਰੀਤਮ ਗਿੱਲ), ਅਮਰੀਕ ਉੱਪਲ, ਭਜਨ ਸਿੰਘ ਸਹੋਤਾ, ਦੀਪਾ ਚੌਹਾਨ ਬੁਲਡੌਗ ਫਰੇਟ ਵੇ, ਚਰਨਜੀਤ ਸਿੰਘ ਬਾਠ, ਜੀ ਬੀ ਟੀ ਆਈ, ਗਿੱਲ ਇੰਨਸ਼ੋਰੈਂਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ਼, ਪਰਮਜੀਤ ਸਿੰਘ ਬਾਸੀ, ਸੈਟੇਲਾਈਟ ਪਲੱਸ, ਸਿੱਖ ਨਾਮਧਾਰੀ ਸੋਸਾਇਟੀ, ਸਮਾਰਟਵੇ ਐਕਸਪ੍ਰੈੱਸ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਅੱਸ ਟਰਕਿੰਗ, ਰੌਇਲ ਸੰਘੂ ਗਰੁੱਪ, ਪੀ ਐਮ ਟਰੱਕਿੰਗ (ਗੁਰਪਾਲ ਰੰਧਾਵਾ), ਸ਼ੌਪ ਐਂਡ ਗੈਸ, ਏ ਐ ਪੀ ਟਰੱਕਿੰਗ, ਬੀ ਡੀ ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਨਿੱਜਰ ਫਾਰਮ, ਸੰਘਾ ਕੈਰੀਅਰ, ਐਸ ਪੀ ਟਰੱਕਿੰਗ, ਯੂਨਾਈਟਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪਰਾਪਰਟੀਜ, ਤਰਲੋਕ ਸਿੰਘ, ਨਿਰਮਲ ਸਿੰਘ, ਐਸ ਐਮ ਬਰਦਰਜ਼ (ਕੈਸ਼ ਐਂਡ ਕੈਰੀ)।














ਜੀਤਾ ਗਿੱਲ


ਰਜਿੰਦਰ ਸਿੰਘ (ਰਾਜ ਬਰਾੜ)


ਹਰਜੀਤ ਸਿੰਘ ਮਰਸਿਡ

Design By: hayermedia.com

**ਚਾਹ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

**ਇਸ ਪ੍ਰੋਗਰਾਮ ਦਾ ਦਾਖਲਾ ਅਤੇ ਪਾਰਕਿੰਗ ਮੁਫਤ ਹੈ**

| | | | | |
|---|---|---|---|---|
| ਗੁਰਦੀਪ ਸਿੰਘ ਗਿੱਲ<br>ਪ੍ਰਧਾਨ<br>(559) 360-4248 | ਨਵਦੀਪ ਸਿੰਘ ਧਾਲੀਵਲ<br>ਵਾਈਸ ਪ੍ਰਧਾਨ<br>(559) 287-0822 | ਸੁਰਿੰਦਰ ਮੰਢਾਲੀ<br>ਸੈਕਰੇਟਰੀ<br>(559) 473-9269 | ਜਸਵੰਤ ਸਿੰਘ ਮਾਨ<br>ਖਜਾਨਚੀ | ਕੁਲਵੀਰ ਸਿੰਘ ਹੇਅਰ<br>(ਮੀਡੀਆ ਸਕੱਤਰ)<br>559-239-5000 |



Raja SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

NOW OPEN IN MODESTO/CERES



PANNU'S
LEGAL SERVICES (Regd. & Bonded)
510.677.5200
G.S. Pannu
Immigration Consultant-LDA

IMMIGRATION
ivisapass@gmail.com
- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions FREE

DIVORCE
- Petitions
- Child Support
- Child Visitation
- Child Custody
- Modification
- ...& related matters

LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com

POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307

SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਰੰਗਲਾ ਪੰਜਾਬ

TO CELEBRATE VAISAKHI

# PUNJABI CULTURAL SOCIETY

## OF CHICAGO

*proudly presents*

# RANGLA PUNJAB

## 2018



**Saturday March 31, 2018**
7:00 pm Sharp
**Meadows Club Banquets**
2950 W Golf Rd,
Rolling Meadows, IL 60008

**Enjoy a colorful family-style evening full of excitement!**
Bhangra,Gidha,Children's Items, Bolian,Dances,Punjabi Skits and much more







**Admission Donations:** $25, $50, $100/VIP front row reserved seats + Dinner included w/ $100 tickets;
For children under 10 year old admission is free
Sponsors are encouraged & will be appropriately recognized at the show

Advance purchase is encouraged
Please make checks payable to PCS

**For more information, please contact:**
(847) 359-5PCS
P.O. BOX 1244, Palatine, IL 60078
info@pcschicago.org

**www.PCSChicago.org**

Punjabi Cultural Society is a non-profit organization promoting Punjabi culture, language, sports & performing arts

**RP2018 Tickets can be purchased online:**
**http://events.sulekha.com/rangla-punjab-2018_event-in_rolling-meadows-il_323692**










Situated on a cul-de-sac, in the heart of Blackhawk near the Blackhawk Country Club. This exquisite gem features 4 bedrooms plus an office, 2.5 bathrooms, and approx. 3,477 square feet on 0.39 acres. Stunning Hardwood floors on the main level, bedrooms on the upper level and all of the entertainment capabilities you'd come to expect in this refined estate.






**Contact Priti Singh for further details and an appointment for a private tour.**

# Priti Singh

**CA BRE Licence #02024721 (925) 999-0823**

info@pritisingh.com


JUS DO IT!
Subscribe to the JUS pack today
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a worth $150
Promotion code: JUS
for advertisement & more information call: +1-718-752-9290
www.jusbroadcasting.com

# ਕਰਜ਼ ਮੁਆਫ਼ੀ ਦੇ ਸਮਾਰੋਹ ਦੌਰਾਨ ਗੁਰਦਾਸ ਮਾਨ ਨੇ 15 ਲੱਖ ਰੁਪਏ 'ਚ ਪਾਇਆ 'ਇਸ਼ਕ ਦਾ ਗਿੱਧਾ'

## ਟੈਂਟ, ਸਾਊਂਡ ਤੇ ਲੰਗਰ ਲਾਉਣ ਵਾਲੇ ਉਡੀਕ ਰਹੇ ਨੇ ਅਦਾਇਗੀ

**ਬਠਿੰਡਾ/ਚਰਨਜੀਤ ਭੁੱਲਰ:** ਪੰਜਾਬ ਮੰਡੀ ਬੋਰਡ ਨੂੰ ਲੰਘੀ 7 ਜਨਵਰੀ ਨੂੰ ਮਾਨਸਾ ਦੇ 'ਕਰਜ਼ਾ ਮੁਆਫ਼ੀ ਸਮਾਰੋਹ' ਵਿਚ ਉਥੇ ਗਾਇਕ ਗੁਰਦਾਸ ਮਾਨ ਦਾ ਰੰਗਾਰੰਗ ਪ੍ਰੋਗਰਾਮ ਪੂਰੇ 15 ਲੱਖ ਰੁਪਏ ਵਿਚ ਪਿਆ। ਮਾਨਸਾ ਪ੍ਰਸ਼ਾਸਨ ਨੇ ਜੋ ਪਹਿਲੇ ਕਰਜ਼ਾ ਮੁਆਫ਼ੀ ਸਮਾਰੋਹ ਦੇ ਪ੍ਰਬੰਧ ਕੀਤੇ, ਉਨ੍ਹਾਂ 'ਤੇ 20 ਲੱਖ ਰੁਪਏ ਖਰਚਾ ਆਇਆ ਜਦਕਿ 15 ਲੱਖ ਰੁਪਏ ਇਕੱਲੇ ਗਾਇਕ ਨੂੰ ਦੇਣੇ ਪਏ ਹਨ। ਪੰਜਾਬ ਸਰਕਾਰ ਨੇ ਮਾਨਸਾ ਸਮਾਰੋਹ ਦੇ ਇੰਤਜ਼ਾਮ 'ਤੇ ਆਏ ਖ਼ਰਚੇ ਦੇ ਬਿੱਲ ਹਾਲੇ ਤੱਕ ਕਲੀਅਰ ਨਹੀਂ ਕੀਤੇ ਹਨ ਜਦੋਂ ਕਿ ਮੰਡੀ ਬੋਰਡ ਨੇ ਗੁਰਦਾਸ ਮਾਨ ਨੂੰ ਸਾਰੀ ਅਦਾਇਗੀ ਹੱਥੋ-ਹੱਥ ਕਰ ਦਿੱਤੀ ਹੈ। ਹੁਣ ਸਰਕਾਰ ਤਰਫ਼ੋਂ 14 ਮਾਰਚ ਨੂੰ ਨਕੋਦਰ ਵਿਖੇ 'ਕਰਜ਼ਾ ਮੁਆਫ਼ੀ ਸਮਾਰੋਹ' ਕੀਤੇ ਜਾ ਰਹੇ ਹਨ ਜਿਸ ਵਿਚ ਮਨੋਰੰਜਨ ਲਈ ਮਾਸਟਰ ਸਲੀਮ ਨੂੰ ਬੁਲਾਇਆ ਜਾ ਰਿਹਾ ਹੈ। ਕਿਸਾਨ ਧਿਰਾਂ ਨੇ ਆਖਿਆ ਕਿ ਸਰਕਾਰ ਨੇ ਮਨੋਰੰਜਨ ਸਟੇਜ ਲਗਾ ਕੇ ਕਿਸਾਨਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ। ਪਹਿਲੇ ਸਮਾਰੋਹਾਂ ਵਿਚ ਪੰਜ ਜ਼ਿਲ੍ਹਿਆਂ ਦੇ 47 ਹਜ਼ਾਰ ਕਿਸਾਨਾਂ ਦਾ ਕਰਜ਼ ਮੁਆਫ਼ ਕੀਤਾ ਗਿਆ ਜੋ ਕਰੀਬ 167 ਕਰੋੜ ਰੁਪਏ ਬਣਦਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਾਨਸਾ ਸਮਾਰੋਹਾਂ ਵਿਚ ਕਰਜ਼ਾ ਮੁਆਫ਼ੀ ਸਰਟੀਫਿਕੇਟਾਂ ਦੀ ਵੰਡ ਕੀਤੀ ਗਈ ਸੀ। ਜਿਨ੍ਹਾਂ ਕਿਸਾਨਾਂ ਨੂੰ ਸਰਟੀਫਿਕੇਟ ਸਟੇਜ ਤੋਂ ਵੰਡੇ ਗਏ ਸਨ, ਉਨ੍ਹਾਂ ਨੂੰ ਸਮਾਰੋਹਾਂ ਤੋਂ ਇੱਕ ਦਿਨ ਪਹਿਲਾਂ ਹੀ ਮਾਨਸਾ ਦੇ ਹੋਟਲਾਂ



ਵਿਚ ਠਹਿਰਾਇਆ ਗਿਆ ਜਿਸ ਦੌਰਾਨ ਕਿਸਾਨਾਂ ਦੀ ਖ਼ੂਬ ਖ਼ਾਤਰਦਾਰੀ ਕੀਤੀ ਗਈ । ਸਮਾਰੋਹ ਵਿਚ ਗੁਰਦਾਸ ਮਾਨ ਨੇ ਕਈ ਘੰਟੇ ਸਟੇਜ ਤੋਂ ਰੰਗ ਬੰਨ੍ਹਿਆ ਜਿਸ ਦੇ ਬਦਲੇ ਵਿਚ ਮੰਡੀ ਬੋਰਡ ਨੇ 15 ਲੱਖ ਦੀ ਅਦਾਇਗੀ ਕੀਤੀ। ਲੋਕ ਸੰਪਰਕ ਵਿਭਾਗ ਨੇ ਆਰਟੀਆਈ ਸੂਚਨਾ 'ਚ ਦੱਸਿਆ ਕਿ ਵਿਭਾਗ ਨੇ ਮਾਨਸਾ ਸਮਾਰੋਹਾਂ 'ਤੇ ਕੋਈ ਖਰਚਾ ਨਹੀਂ ਕੀਤਾ ਹੈ ਅਤੇ ਗੁਰਦਾਸ ਮਾਨ ਦੀ ਅਦਾਇਗੀ ਵੀ ਪੰਜਾਬ ਮੰਡੀ ਬੋਰਡ ਵੱਲੋਂ ਕੀਤੀ ਗਈ ਹੈ। ਮੰਡੀ ਬੋਰਡ ਦੇ ਸਕੱਤਰ ਅਮਿਤ ਢਾਕਾ ਨੇ ਫ਼ੋਨ ਨਹੀਂ ਚੁੱਕਿਆ ਪ੍ਰੰਤੂ ਸਰਕਾਰੀ ਸੂਤਰਾਂ ਨੇ ਏਨਾ ਦੱਸਿਆ ਕਿ ਮੰਡੀ ਬੋਰਡ ਨੂੰ ਮਾਨਸਾ ਸਮਾਰੋਹਾਂ ਦੇ 35 ਲੱਖ ਦੇ ਬਿੱਲਾਂ ਦੀ ਅਦਾਇਗੀ ਕਰਨੀ ਪਈ ਹੈ। ਮਾਨਸਾ ਸਮਾਰੋਹਾਂ ਵਿਚ ਜੋ ਟੈਂਟ ਲਾਇਆ ਗਿਆ, ਉਹ ਫ਼ਰਮ ਪਟਿਆਲਾ ਤੋਂ ਸੀ ਅਤੇ ਉਸ ਦਾ ਬਿੱਲ ਕਰੀਬ 11 ਲੱਖ ਰੁਪਏ ਦਾ ਬਣਿਆ ਹੈ। ਤਿੰਨ ਲੱਖ ਦਾ ਖਰਚਾ ਲੰਗਰ ਦਾ ਰਿਹਾ ਹੈ। ਮਾਨਸਾ ਪ੍ਰਸ਼ਾਸਨ ਕੋਲ ਟੈਂਟ, ਸਾਊਂਡ, ਲੰਗਰ, ਫੁੱਲਾਂ, ਬੈਨਰਾਂ ਵਗੈਰਾ 'ਤੇ ਕਰੀਬ 20 ਲੱਖ ਰੁਪਏ ਦੇ ਬਿੱਲ ਪੁੱਜੇ ਹਨ।

**ਜ਼ਿਲ੍ਹਾ ਪ੍ਰਸ਼ਾਸਨ ਉਡੀਕ ਰਿਹੈ ਪੈਸੇ**

ਡਿਪਟੀ ਕਮਿਸ਼ਨਰ ਮਾਨਸਾ ਧਰਮਪਾਲ ਗੁਪਤਾ ਨੇ ਦੱਸਿਆ ਕਿ ਉਨ੍ਹਾਂ ਇੱਕ ਕਮੇਟੀ ਬਣਾ ਕੇ ਸਮਾਰੋਹਾਂ ਤੇ ਬਹੁਤ ਸੰਜਮ ਨਾਲ ਖਰਚਾ ਕੀਤਾ ਹੈ ਅਤੇ ਇਹ ਖਰਚਾ ਕਰੀਬ 20 ਲੱਖ ਰੁਪਏ ਬਣਦਾ ਹੈ ਜਿਸ ਦੇ ਬਿੱਲ ਸਰਕਾਰ ਨੂੰ ਭੇਜ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਤੋਂ ਫ਼ੰਡ ਮੰਗੇ ਹਨ ਪ੍ਰੰਤੂ ਹਾਲੇ ਤੱਕ ਕੋਈ ਪੈਸਾ ਪ੍ਰਾਪਤ ਨਹੀਂ ਹੋਇਆ ਹੈ। ਗੁਰਦਾਸ ਮਾਨ ਦੀ ਅਦਾਇਗੀ ਉਨ੍ਹਾਂ ਨਹੀਂ ਕੀਤੀ ਹੈ।

# ਪੰਜਾਬੀ ਖੇਡਣਗੇ ਹਾਲੀਵੁੱਡ ਵਿੱਚ ਫੁੱਟਬਾਲ !

## ਕਵੀ ਰਾਜ਼ ਦੀ ਨਵੀਂ ਫ਼ਿਲਮ 'ਬੇਅਰਫੁੱਟ ਵਾਰੀਅਰਜ਼' ਦੀ ਸ਼ੂਟਿੰਗ ਮੁਕੰਮਲ

**ਜਲੰਧਰ/ਬਿਊਰੋ ਨਿਊਜ਼:** ਪੰਜਾਬੀਆਂ ਦੇ ਫੁੱਟਬਾਲ ਪ੍ਰੇਮ ਨੂੰ ਹਾਲੀਵੁੱਡ ਦੀ ਫਿਲਮ ਬਿਆਨ ਕਰੇਗੀ। ਪੰਜਾਬ ਵਾਸੀਆਂ ਦੇ ਫੁੱਟਬਾਲ ਪ੍ਰੇਮ 'ਤੇ ਆਧਾਰਿਤ ਹੌਲੀਵੁੱਡ ਫ਼ਿਲਮ 'ਬੇਅਰਫੁੱਟ ਵਾਰੀਅਰਜ਼' ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ ਅਤੇ ਇਹ ਫਿਲਮ ਆਉਂਦੀ ਅਗਸਤ ਵਿੱਚ ਚਾਰ ਭਾਸ਼ਾਵਾਂ ਵਿੱਚ ਰਿਲੀਜ਼ ਹੋਵੇਗੀ। ਇਸ ਫਿਲਮ ਦਾ ਨਿਰਦੇਸ਼ਨ 'ਦਿ ਬਲੈਕ ਪ੍ਰਿੰਸ' ਫੇਮ



ਵਿਸ਼ਵ ਪ੍ਰਸਿੱਧ ਨਿਰਦੇਸ਼ਕ ਕਵੀ ਰਾਜ ਕਰ ਰਹੇ ਹਨ। ਉਨ੍ਹਾਂ ਜਲੰਧਰ ਵਿੱਚ ਪ੍ਰੈੱਸ ਕਾਨਫਰੰਸ ਕਰਕੇ ਇਸ ਫ਼ਿਲਮ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਫ਼ਿਲਮ ਦੇ ਨਿਰਮਾਤਾ ਜਤਿੰਦਰ ਮਿਨਹਾਸ ਵੀ ਮੌਜੂਦ ਸਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਵੀ ਰਾਜ ਅਤੇ ਜਤਿੰਦਰ ਮਿਨਹਾਸ ਨੇ ਦੱਸਿਆ ਕਿ ਇਹ ਫ਼ਿਲਮ ਚਾਰ ਭਾਸ਼ਾਵਾਂ ਵਿੱਚ ਰਿਲੀਜ਼ ਕੀਤੀ ਜਾਵੇਗੀ। ਫ਼ਿਲਮ ਪੰਜਾਬੀ, ਅੰਗਰੇਜ਼ੀ, ਹਿੰਦੀ ਦੇ ਨਾਲ-ਨਾਲ ਸਪੈਨਿਸ਼ ਭਾਸ਼ਾ ਵਿੱਚ ਵੀ ਹੋਵੇਗੀ। ਫ਼ਿਲਮ ਵਿੱਚ ਮੁੱਖ ਭੂਮਿਕਾ ਵਿੱਚ ਅਮਰੀਕੀ ਕਲਾਕਾਰ ਸ਼ੌਨ ਨਜ਼ਰ ਆਉਣਗੇ ਜਦਕਿ ਬੌਲੀਵੁੱਡ ਤੋਂ ਰਾਜਪਾਲ ਯਾਦਵ, ਮੁਕੁਲ ਦੇਵ ਤੇ ਪੌਲੀਵੁੱਡ ਤੋਂ ਯੋਗਰਾਜ ਸਿੰਘ, ਦ੍ਰਿਸ਼ਟੀ ਗਰੇਵਾਲ ਸਮੇਤ ਹੋਰ ਕਈ ਕਲਾਕਾਰ ਕੰਮ ਕਰ ਰਹੇ ਹਨ।

ਕਵੀ ਰਾਜ ਨੇ ਦੱਸਿਆ ਕਿ ਇਸ ਫ਼ਿਲਮ ਦਾ ਮੰਤਵ ਪੰਜਾਬੀਆਂ ਦੇ ਫੁੱਟਬਾਲ ਪ੍ਰੇਮ ਅਤੇ ਉਤਸ਼ਾਹ ਨੂੰ ਵੱਡੇ ਪਰਦੇ 'ਤੇ ਪੇਸ਼ ਕਰਨਾ ਹੈ। ਫ਼ਿਲਮ ਦਾ ਉਦੇਸ਼ ਪੂਰਾ ਕਰਨ ਲਈ ਹੀ ਇਸ ਨੂੰ ਚਾਰ ਭਾਸ਼ਾਵਾਂ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ। ਫ਼ਿਲਮ ਦੀ ਕਹਾਣੀ ਦਾ ਆਧਾਰ 1948 ਵਿੱਚ ਹੋਇਆ ਉਲੰਪਿਕ ਮੁਕਾਬਲਾ ਹੈ, ਜਿੱਥੇ ਭਾਰਤੀ ਟੀਮ ਨੇ ਨੰਗੇ ਪੈਰੀਂ ਫੁੱਟਬਾਲ ਖੇਡਦਿਆਂ ਨਵਾਂ ਇਤਿਹਾਸ ਸਿਰਜਿਆ ਸੀ। ਪੰਜਾਬ ਦੇ ਕਈ ਇਲਾਕਿਆਂ ਵਿੱਚ ਫ਼ਿਲਮ ਦੀ ਸ਼ੂਟਿੰਗ ਕੀਤੀ ਗਈ ਹੈ। ਫ਼ਿਲਮ ਦੇ ਗੀਤ ਰਣਜੀਤ ਬਾਵਾ, ਵੀਤ ਬਲਜੀਤ ਅਤੇ ਕੇ.ਐਸ. ਮੱਖਣ ਨੇ ਗਾਏ ਹਨ ਜਦਕਿ ਸੰਗੀਤ ਜੈਦੇਵ ਨੇ ਦਿੱਤਾ ਹੈ। ਕਵੀ ਰਾਜ ਨੇ ਉਮੀਦ ਪ੍ਰਗਟ ਕੀਤੀ ਕਿ 'ਦਿ ਬਲੈਕ ਪ੍ਰਿੰਸ' ਵਾਂਗ ਇਹ ਫ਼ਿਲਮ ਵੀ ਬੁਲੰਦੀ ਹਾਸਲ ਕਰੇਗੀ।

### ਹਿਲੇਰੀ ਵਲੋਂ ਦੁਨੀਆ ਭਰ ਵਿੱਚ ਲੋਕਤੰਤਰ ਨੂੰ ਮਜ਼ਬੂਤ ਕਰਨ ਦਾ ਸੱਦਾ

**ਮੁੰਬਈ/ਬਿਊਰੋ ਨਿਊਜ਼,** ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਕਿਹਾ ਕਿ ਦੁਨੀਆਂ ਭਰ ਵਿੱਚ ਲੋਕਰਾਜ ਚੌਰਾਹੇ 'ਤੇ ਆਣ ਖੜ੍ਹਾ ਹੈ ਅਤੇ ਲੋਕਰਾਜ ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ। ਭਾਰਤ ਨੂੰ ਵਧੇਰੇ ਗਤੀਸ਼ੀਲ ਬਣਨ ਅਤੇ ਏਸ਼ੀਆ ਦੇ ਭਵਿੱਖ ਲਈ ਕੰਮ ਕਰਨ ਦਾ ਸੱਦਾ ਦਿੰਦਿਆਂ ਬੀਬੀ ਕਲਿੰਟਨ ਨੇ ਕਿਹਾ ਕਿ ਉਪ ਮਹਾਂਦੀਪ ਦਾ ਭਵਿੱਖ ਇਸ ਦੇ ਲੋਕ ਹੀ ਲਿਖਣਗੇ। ਅਮਰੀਕਾ ਤੇ ਭਾਰਤ ਸਮੇਤ ਦੁਨੀਆਂ ਦੇ ਲੋਕਰਾਜ ਚੌਰਾਹੇ 'ਤੇ ਖੜ੍ਹੇ ਹਨ। ਇਹ ਨਾ ਕੇਵਲ ਸਰਕਾਰਾਂ ਤੇ ਸਿਆਸੀ ਆਗੂਆਂ ਦਾ ਸਗੋਂ ਕਾਰੋਬਾਰੀ ਮੋਹਰੀਆਂ, ਮੀਡੀਆ ਤੇ ਆਮ ਨਾਗਰਿਕਾਂ ਦਾ ਵੀ ਸਰੋਕਾਰ ਹੋਣਾ ਚਾਹੀਦਾ ਹੈ। ਉਹ ਬੀਤੇ ਦਿਨ ਇੱਥੇ ਇੰਡੀਆ ਟੂਡੇ ਕਨਕਲੇਵ ਦੇ ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ " ਇੱਕੀਵੀਂ ਸਦੀ ਤੇ ਉਸ ਤੋਂ ਬਾਅਦ ਦਾ ਸਾਡਾ ਸਾਂਝਾ ਭਵਿੱਖ ਏਸ਼ੀਆ ਵਿਚ ਲਿਖਿਆ ਜਾਵੇਗਾ ਅਤੇ ਏਸ਼ੀਆ ਦਾ ਬਹੁਤੇਰਾ ਭਵਿੱਖ ਭਾਰਤ ਤੇ ਇਸ ਦੇ 1.3 ਅਰਬ ਲੋਕਾਂ ਵੱਲੋਂ ਲਿਖਿਆ ਜਾਵੇਗਾ।" ਉਨ੍ਹਾਂ ਕਿਹਾ ਕਿ ਜਲਵਾਯੂ, ਮਨੁੱਖੀ ਹੱਕਾਂ ਅਤੇ ਹੋਰਨਾਂ ਮੁੱਦਿਆਂ 'ਤੇ ਭਾਰਤ ਦੀ ਅਗਵਾਈ 'ਤੇ ਦੁਨੀਆ ਦੀ ਟੇਕ ਵਧ ਰਹੀ ਹੈ। ਅਮਰੀਕਾ ਵਿਚ ਪਿਛਲੀ ਰਾਸ਼ਟਰਪਤੀ ਦੀ ਚੋਣ ਨੂੰ ਪਹਿਲੀ ਰਿਐਲਟੀ ਟੀਵੀ ਚੋਣ ਕਰਾਰ ਦਿੰਦਿਆਂ ਬੀਬੀ ਕਲਿੰਟਨ ਨੇ ਕਿਹਾ ਕਿ ਇਸ ਵਿਚ ਰੂਸੀ ਦਖ਼ਲ ਬੇਹੱਦ ਅੱਖਰਦਾ ਰਿਹਾ। "ਇਹ ਹਰ ਕਿਤੇ ਲੋਕਤੰਤਰ ਲਈ ਖ਼ਤਰੇ ਦੀ ਮਿਸਾਲ ਹੈ। ਇਸ ਦਾ ਇਰਾਦਾ ਮੈਨੂੰ ਤੇ ਮੇਰੇ ਚੋਣ ਆਧਾਰ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਸੀ ਸਗੋਂ ਸਾਡੇ ਸਮਾਜ ਵਿਚਲੇ ਪਾੜਿਆਂ ਨੂੰ ਹਵਾ ਦੇਣਾ ਵੀ ਸੀ।"

### ਇੰਗਲੈਂਡ ਦੇ ਨਾਈਟ ਕਲੱਬ 'ਚੋਂ ਕੱਢੇ ਦਸਤਾਰਧਾਰੀ ਸਿੱਖ ਤੋਂ ਪ੍ਰਬੰਧਕਾਂ ਨੇ ਮੰਗੀ ਮੁਆਫ਼ੀ

**ਲੰਡਨ/ਬਿਊਰੋ ਨਿਊਜ਼:** ਕਾਨੂੰਨ ਦੇ ਵਿਦਿਆਰਥੀ ਅਮਰੀਕ ਸਿੰਘ (22 ਸਾਲ) ਨੂੰ ਬਾਰ 'ਚੋਂ ਇਸ ਕਰਕੇ ਕੱਢ ਦਿੱਤਾ ਗਿਆ ਕਿਉਂਕਿ ਉਸ ਨੇ ਦਸਤਾਰ ਸਜਾਈ ਹੋਈ ਸੀ। ਬੀਬੀਸੀ ਦੀ ਰਿਪੋਰਟ ਮੁਤਾਬਕ ਅਮਰੀਕ ਸਿੰਘ ਨੇ ਦਾਅਵਾ ਕੀਤਾ ਕਿ ਉਸ ਨੂੰ ਬੀਤੇ ਦਿਨੀਂ ਨੌਟਿੰਘਮਸ਼ਾਇਰ ਦੇ ਮੈਨਜ਼ਫੀਲਡ 'ਚ ਪੈਂਦੇ ਰਸ਼ ਲੇਟ ਬਾਰ 'ਚੋਂ ਨਿਕਲ ਜਾਣ ਦਾ ਹੁਕਮ ਦਿੱਤਾ ਗਿਆ। ਉਸ ਨੂੰ ਦੱਸਿਆ ਗਿਆ ਕਿ ਬਾਰ 'ਚ ਦਸਤਾਰ ਸਜਾ ਕੇ ਆਉਣ ਦੀ ਨੀਤੀ ਨਹੀਂ ਹੈ। ਉਸ ਨੇ ਬਾਊਂਸਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਦਸਤਾਰ ਉਸ ਦੇ ਕੇਸਾਂ ਦੀ ਸੰਭਾਲ ਦੇ ਨਾਲ ਨਾਲ ਸਿੱਖ ਧਰਮ ਦੇ ਅਹਿਮ ਕਕਾਰਾਂ 'ਚ ਸ਼ਾਮਲ ਹੈ। ਪਰ ਸਾਰੀਆਂ ਦਲੀਲਾਂ ਨੂੰ ਅਣਗੌਲਿਆ ਕਰਦਿਆਂ ਉਸ ਨੂੰ ਧੂਹ ਕੇ ਕਲੱਬ ਤੋਂ ਬਾਹਰ ਕੱਢ ਦਿੱਤਾ ਗਿਆ। ਅਮਰੀਕ ਸਿੰਘ ਨੇ ਫੇਸਬੁੱਕ 'ਤੇ ਲਿਖਿਆ ਕਿ ਇਸ ਹਰਕਤ ਨਾਲ ਉਸ ਦਾ ਦਿਲ ਟੁੱਟ ਗਿਆ ਕਿਉਂਕਿ ਉਸ ਨੇ ਆਪਣੀ ਦਸਤਾਰ ਉਤਾਰਨ ਤੋਂ ਮਨ੍ਹਾ ਕਰ ਦਿੱਤਾ ਸੀ। 'ਦਿ ਸਨ' ਦੀ ਰਿਪੋਰਟ ਮੁਤਾਬਕ ਅਮਰੀਕ ਸਿੰਘ ਨੇ ਕਿਹਾ ਕਿ ਉਸ ਦੇ ਪੁਰਖਿਆਂ ਨੇ ਪਹਿਲਾਂ ਬ੍ਰਿਟਿਸ਼ ਫ਼ੌਜ ਲਈ ਜੰਗ ਲੜੀ ਸੀ ਪਰ ਹੁਣ ਧਰਮ ਕਰਕੇ ਉਸ ਨੂੰ ਬੇਇੱਜ਼ਤ ਕੀਤਾ ਗਿਆ। ਉਹ ਨੌਟਿੰਘਮ ਟਰੈਂਟ ਯੂਨੀਵਰਸਿਟੀ 'ਚ ਲਾਅ ਦੇ ਅੰਤਮ ਵਰ੍ਹੇ ਦਾ ਵਿਦਿਆਰਥੀ ਹੈ। ਉਂਜ ਜਦੋਂ ਮਾਮਲਾ ਵਿਗੜ ਗਿਆ ਤਾਂ ਮੈਨੇਜਮੈਂਟ ਨੇ ਉਸ ਤੋਂ ਮੁਆਫ਼ੀ ਮੰਗੀ ਅਤੇ ਕਿਹਾ ਕਿ ਅਮਲੇ ਖ਼ਿਲਾਫ਼ ਕਾਰਵਾਈ ਜਾਰੀ ਹੈ। ਮੈਨਜ਼ਫੀਲਡ ਦੇ ਲੇਬਰ ਕੌਂਸਲਰ ਸੋਨੀਆ ਵਾਰਡ ਨੇ ਕਿਹਾ ਕਿ ਇਹ ਉਨ੍ਹਾਂ ਦੀ ਨੀਤੀ ਨਹੀਂ ਹੈ ਅਤੇ ਸੁਰੱਖਿਆ ਅਮਲੇ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

### ਇਕ ਹੋਰ ਪੰਜਾਬੀ ਨੌਜਵਾਨ ਸਰੀ ਸ਼ਹਿਰ ਦੀ ਗੈਂਗਵਾਰ ਦਾ ਸ਼ਿਕਾਰ

**ਵੈਨਕੂਵਰ/ਬਿਊਰੋ ਨਿਊਜ਼:** ਕੁਝ ਹਫ਼ਤਿਆਂ ਦੀ ਸ਼ਾਂਤੀ ਤੋਂ ਬਾਅਦ ਬੀਤੀ ਰਾਤ ਸਰੀ 'ਚ ਇਕ ਪੰਜਾਬੀ ਨੌਜਵਾਨ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਡੈਲਟਾ ਦਾ ਰਹਿਣ ਵਾਲਾ ਪਰਦੀਪ ਸਿੰਘ ਬਰਾੜ (23 ਸਾਲ) ਦੋਸਤ ਕੋਲ ਆਇਆ ਹੋਇਆ ਸੀ ਤਾਂ ਦੋ ਕਾਰਾਂ 'ਤੇ ਸਵਾਰ ਲੋਕਾਂ ਨੇ ਉਸ 'ਤੇ ਗੋਲੀਆਂ ਦਾਗੀਆਂ। ਉਸ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਹ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ ਦਮ ਤੋੜ ਗਿਆ। ਪੁਲੀਸ ਨੂੰ ਉਸ 'ਤੇ 2015 'ਚ ਹੋਈਆਂ ਗੋਲੀਬਾਰੀ ਦੀਆਂ ਕਈ ਘਟਨਾਵਾਂ 'ਚ ਸ਼ਾਮਲ ਹੋਣ ਦਾ ਸ਼ੱਕ ਸੀ। ਪੁਲੀਸ ਬੁਲਾਰੇ ਫਰੈਂਕ ਜੰਗ ਨੇ ਦੱਸਿਆ ਕਿ ਸਰੀ ਦੇ ਨਿਊਟਨ ਖੇਤਰ 'ਚ 65 ਐਵੇਨਿਊ ਕੋਲ ਇਕ ਘਰ ਦੇ ਬਾਹਰ ਕਈ ਗੋਲੀਆਂ ਚੱਲਣ ਦੀ ਸੂਚਨਾ ਮਗਰੋਂ ਪੁਲੀਸ ਉਥੇ ਪਹੁੰਚੀ ਤਾਂ ਪਰਦੀਪ ਗੰਭੀਰ ਜ਼ਖ਼ਮੀ ਹਾਲਤ 'ਚ ਉਥੇ ਮਿਲਿਆ। ਗੁਆਂਢੀਆਂ ਅਨੁਸਾਰ ਗੋਲੀਬਾਰੀ ਤੋਂ ਬਾਅਦ ਹਮਲਾਵਰ ਦੋ ਕਾਰਾਂ 'ਚ ਉਥੋਂ ਫਰਾਰ ਹੋ ਗਏ। ਪੁਲੀਸ ਸਾਰੇ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਗਰੋਹਾਂ ਦੀਆਂ ਸਰਗਰਮੀਆਂ ਵਾਲਾ ਰਿਕਾਰਡ ਵੀ ਖੰਘਾਲ ਰਹੀ ਹੈ।

# ਪਰਵਾਸੀ ਪੰਜਾਬੀ ਕਰਨਗੇ ਹੁਣ ਪੰਜਾਬ ਦੀ ਸੈਰ

## ਕੁਨੈਕਟ ਵਿਦ ਯੂਅਰ ਰੂਟਸ ਤਹਿਤ ਪੰਜਾਬੀ ਮੂਲ ਦੇ ਨੌਜਵਾਨ ਕਰਨਗੇ ਪੰਜਾਬ ਦਾ ਦੌਰਾ

**ਪਟਿਆਲਾ/ਬਿਊਰੋ ਨਿਊਜ਼:** ਪਰਵਾਸੀ ਭਾਰਤੀ ਮਾਮਲੇ ਵਿਭਾਗ ਵੱਲੋਂ ਪੰਜਾਬ ਦੇ ਨੌਜਵਾਨ ਲੜਕੇ ਤੇ ਲੜਕੀਆਂ ਜਿਨ੍ਹਾਂ ਦੇ ਮਾਤਾ-ਪਿਤਾ, ਦਾਦਾ-ਦਾਦੀ ਜਾਂ ਵੱਡੇ-ਵਡੇਰੇ ਵਿਦੇਸ਼ਾਂ ਵਿਚ ਰਹਿੰਦੇ ਹਨ ਜਾਂ ਵਸ ਗਏ ਹਨ, ਲਈ 'ਕੁਨੈਕਟ ਵਿਦ ਯੂਅਰ ਰੂਟਸ' ਸਕੀਮ ਆਰੰਭ ਕੀਤੀ ਗਈ ਹੈ। ਇਸ ਸਕੀਮ ਤਹਿਤ ਪੰਜਾਬੀ ਮੂਲ ਦੇ ਨੌਜਵਾਨ ਲੜਕੇ ਤੇ ਲੜਕੀਆਂ 15-15 ਦੇ ਗਰੁੱਪ ਵਿਚ 10 ਦਿਨਾਂ ਲਈ ਪੰਜਾਬ ਆ ਸਕਣਗੇ ਤੇ ਹਰ ਸਾਲ 6 ਤੋਂ 8 ਗਰੁੱਪ ਪੰਜਾਬ ਦਾ ਦੌਰਾ ਕਰਨਗੇ, ਜਿਨ੍ਹਾਂ ਦੇ ਪੰਜਾਬ ਵਿਚ ਰਹਿਣ ਸਮੇਂ ਦਾ



ਖ਼ਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ।

ਜਾਣਕਾਰੀ ਅਨੁਸਾਰ ਇਹ ਸਕੀਮ ਪਰਵਾਸੀ ਭਾਰਤੀ ਮਾਮਲੇ ਵਿਭਾਗ ਦੀ ਮੁੱਢਲੀ ਸਕੀਮ ਫਰੈਂਡਸ ਆਫ ਪੰਜਾਬ ਮੁੱਖ ਮੰਤਰੀ ਗਰਿਮਾ ਗਰਾਮ ਯੋਜਨਾ ਦਾ ਹਿੱਸਾ ਹੈ, ਜਿਸ ਤਹਿਤ ਪੰਜਾਬੀ ਮੂਲ ਦੇ ਨੌਜਵਾਨ ਲੜਕੇ ਤੇ ਲੜਕੀਆਂ ਨੂੰ ਆਪਣੇ ਵਿਰਸੇ ਨੂੰ ਜਾਣਨ ਲਈ ਆਪਣੇ ਪਿੰਡਾਂ ਤੇ ਸ਼ਹਿਰਾਂ ਵਿਚ ਆਉਣ ਦਾ ਮੌਕਾ ਵੀ ਦਿੱਤਾ ਜਾਵੇਗਾ। ਇਸ ਸਕੀਮ ਤਹਿਤ 16 ਤੋਂ 22 ਸਾਲ ਦੇ ਨੌਜਵਾਨ ਲੜਕੇ-ਲੜਕੀਆਂ ਜੋ ਕਿ ਪੰਜਾਬ ਵਿਚ ਜਨਮੇ ਹੋਣ ਜਾਂ ਜਿਨ੍ਹਾਂ ਦੇ ਪਰਵਾਸੀ ਪੰਜਾਬੀ ਮਾਤਾ-ਪਿਤਾ ਦਾ ਜਨਮ ਪੰਜਾਬ ਵਿਚ ਹੋਇਆ ਹੋਵੇ ਤੇ ਉਹ ਕਦੇ ਵੀ ਭਾਰਤ ਤੇ ਪੰਜਾਬ ਵਿਚ ਨਾ ਆਏ ਹੋਣ, ਉਹ ਆਪਣੇ ਸੂਬੇ ਦੇ ਵਿਰਸੇ ਨੂੰ ਜਾਣਨ ਲਈ ਪੰਜਾਬ ਆ ਸਕਣਗੇ। ਜਿਨ੍ਹਾਂ ਪਰਵਾਸੀ ਪੰਜਾਬੀ ਨੌਜਵਾਨਾਂ ਦੇ ਦਾਦਾ-ਦਾਦੀ ਤੇ ਪੜਦਾਦਾ-ਪੜਦਾਦੀ ਦਾ ਜਨਮ ਪੰਜਾਬ ਵਿਚ ਹੋਇਆ ਹੈ, ਉਹ ਵੀ ਇਸ ਸਕੀਮ ਦਾ ਲਾਭ ਲੈ ਸਕਣਗੇ। ਸਭ ਤੋਂ ਪਹਿਲਾਂ ਯੂਕੇ, ਯੂਐੱਸਏ, ਯੂਰਪੀਅਨ ਯੂਨੀਅਨ, ਕੈਨੇਡਾ ਤੇ ਆਸਟ੍ਰੇਲੀਆ ਰਹਿੰਦੇ ਪਰਵਾਸੀ ਪੰਜਾਬੀਆਂ ਨੂੰ ਸ਼ਾਮਲ ਕੀਤਾ ਜਾਵੇਗਾ ਤੇ ਲੋੜ ਮੁਤਾਬਕ ਦੂਜੇ ਮੁਲਕਾਂ ਦੇ ਨੌਜਵਾਨਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ।

ਡੀਸੀ ਕੁਮਾਰ ਅਮਿਤ ਨੇ ਦੱਸਿਆ ਕਿ ਇਸ ਸਕੀਮ ਬਾਰੇ ਪਰਵਾਸੀ ਨੌਜਵਾਨਾਂ ਨੂੰ ਜਾਣੂ ਕਰਵਾਉਣ ਲਈ ਦੂਜੇ ਮੁਲਕਾਂ ਵਿਚ ਭਾਰਤ ਦੀਆਂ ਅੰਬੈਸੀਆਂ ਤੇ ਹਾਈ ਕਮਿਸ਼ਨਜ਼ ਆਫ ਇੰਡੀਆ ਰਾਹੀਂ ਪ੍ਰਚਾਰ ਸਮੱਗਰੀ ਪਹੁੰਚਾਈ ਜਾਵੇਗੀ ਅਤੇ ਸੋਸ਼ਲ ਮੀਡੀਆ ਭਾਵ ਫੇਸਬੁੱਕ ਆਦਿ ਰਾਹੀਂ ਵੀ ਨੌਜਵਾਨ ਪਰਵਾਸੀਆਂ ਤੱਕ ਪਹੁੰਚ ਕੀਤੀ ਜਾਵੇਗੀ।

ਇਸ ਸਕੀਮ ਬਾਰੇ ਪੂਰੇ ਵੇਰਵੇ ਪੰਜਾਬ ਸਰਕਾਰ ਦੇ ਐੱਨ. ਆਰ. ਆਈ. ਪੋਰਟਲ 'ਤੇ ਵੀ ਮੁਹੱਈਆ ਹੋਣਗੇ। ਉਨ੍ਹਾਂ ਦੱਸਿਆ ਕਿ ਜੋ ਨੌਜਵਾਨ ਇਸ ਸਕੀਮ ਦਾ ਲਾਭ ਲੈ ਕੇ ਆਪਣੇ ਵਿਰਸੇ ਨੂੰ ਜਾਣਨਾ ਚਾਹੁੰਦੇ ਹਨ, ਉਹ ਨੌਜਵਾਨ ਆਪਣੇ ਦੌਰੇ ਬਾਰੇ 45 ਦਿਨ ਪਹਿਲਾਂ ਸਰਕਾਰ ਨੂੰ ਬੇਨਤੀ ਕਰ ਸਕਦੇ ਹਨ।

### ਪੰਜਾਬੀ ਦੇ ਲਜੀਜ਼ ਖਾਣਿਆਂ ਦਾ ਮਾਣਨਗੇ ਸਵਾਦ

ਸਰਕਾਰ ਵੱਲੋਂ ਕੁਝ ਸਥਾਨਾਂ ਦੀ ਚੋਣ ਕੀਤੀ ਗਈ ਹੈ, ਜਿੱਥੇ ਪਰਵਾਸੀ ਪੰਜਾਬੀਆਂ ਨੂੰ ਸਰਕਾਰ ਵੱਲੋਂ ਘੁਮਾਇਆ ਜਾਵੇਗਾ। ਇਸ ਵਿਚ ਪੰਜਾਬ ਦੀਆਂ ਪੁਰਾਤਨ ਯਾਦਗਾਰਾਂ, ਸੱਭਿਆਚਾਰਕ ਤੇ ਇਤਿਹਾਸਕ ਸਥਾਨਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਵਿਚ ਹਰਿਮੰਦਰ ਸਾਹਿਬ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ, ਭਗਤ ਸਿੰਘ ਮੈਮੋਰੀਅਲ ਬੰਗਾ, ਖਾਲਸਾ ਹੈਰੀਟੇਜ ਮੈਮੋਰੀਅਲ ਆਨੰਦਪੁਰ ਸਾਹਿਬ, ਵਾਰ ਮੈਮੋਰੀਅਲ ਅੰਮ੍ਰਿਤਸਰ, ਜੰਗ-ਏ-ਅਜ਼ਾਦੀ ਮੈਮੋਰੀਅਲ, ਸਕੂਲ, ਕਾਲਜ, ਯੂਨੀਵਰਸਿਟੀਆਂ, ਪੰਜਾਬ ਵਿਧਾਨ ਸਭਾ, ਪੰਜਾਬ ਸਿਵਲ ਸਕੱਤਰੇਤ, ਪੰਜਾਬ ਤੇ ਹਰਿਆਣਾ ਹਾਈ ਕੋਰਟ ਤੇ ਇਸ ਦੇ ਨਾਲ ਹੀ ਪੰਜਾਬੀ ਭਾਸ਼ਾ, ਖੇਤੀਬਾੜੀ, ਉਦਯੋਗ, ਡੈਮ/ਸਿੰਚਾਈ ਦੇ ਖੇਤਰਾਂ ਨਾਲ ਸਬੰਧਿਤ ਪ੍ਰਸਿੱਧ ਕੇਂਦਰ ਦਿਖਾਏ ਜਾਣਗੇ। ਅੰਮ੍ਰਿਤਸਰ, ਪਟਿਆਲਾ, ਲੁਧਿਆਣਾ ਅਤੇ ਹੋਰਨਾਂ ਸਥਾਨਾਂ ਉੱਪਰ ਪੁਰਾਣੇ ਅਤੇ ਮਸ਼ਹੂਰ ਭੋਜਨ ਵਾਲੇ ਸਥਾਨਾਂ ਦਾ ਦੌਰਾ ਵੀ ਕਰਵਾਇਆ ਜਾਵੇਗਾ ਤਾਂ ਜੋ ਉਹ ਰਵਾਇਤੀ ਭੋਜਨ ਦੇ ਸਵਾਦ ਨੂੰ ਚੰਗੀ ਤਰ੍ਹਾਂ ਮਹਿਸੂਸ ਕਰ ਸਕਣ, ਜਿਸ ਵਿਚ ਟਿੱਕਾ ਅੰਮ੍ਰਿਤਸਰੀ ਕੁਲਚਾ, ਅੰਮ੍ਰਿਤਸਰੀ ਮੱਛੀ, ਲੱਸੀ, ਪਟਿਆਲਾ ਦੀ ਕਚੌਰੀ ਤੇ ਜਲੰਧਰ ਦੀ ਹਵੇਲੀ ਦਾ ਖਾਣਾ ਸ਼ਾਮਲ ਕੀਤਾ ਜਾਵੇਗਾ ਤੇ ਹਰੇਕ ਸ਼ਹਿਰ ਵਿਚ ਹੀ ਕੁਝ ਨਾ ਕੁਝ ਖ਼ਾਸ ਚੀਜ਼ ਖਾਣ ਵਾਸਤੇ ਉਪਲੱਬਧ ਕੀਤੀ ਜਾਵੇਗੀ।

### ਪਿੰਡਾਂ 'ਚ ਬਣਾਏ ਜਾਣਗੇ ਸਵੈ ਇੱਛਾ 'ਹੋਮ ਸਟੇਅ'

ਪਰਵਾਸੀ ਪੰਜਾਬੀਆਂ ਨੂੰ ਪੰਜਾਬ ਦੇ ਸੱਭਿਆਚਾਰ ਤੋਂ ਜਾਣੂ ਕਰਵਾਉਣ ਲਈ ਤਿੰਨ ਦਿਨ ਲਈ ਕਿਸੇ ਪਿੰਡ ਵਿਚ ਠਹਿਰਾਇਆ ਜਾਵੇਗਾ। ਇਹ ਸਕੀਮ ਪੰਜਾਬ ਸਰਕਾਰ ਦੀ ਹੋਮ-ਸਟੇਅ ਪ੍ਰੋਗਰਾਮ ਅਧੀਨ ਹੋਵੇਗੀ, ਜਿਸ ਵਿਚ ਸਰਕਾਰ ਪਿੰਡਾਂ ਵਿਚ ਰਹਿਣ ਵਾਲੇ ਪਰਿਵਾਰਾਂ ਨੂੰ ਆਪਣੀ ਸਵੈ-ਇੱਛਾ ਨਾਲ ਹੋਮ ਸਟੇਅ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਬੇਨਤੀ ਕਰੇਗੀ। ਨਾਲ ਹੀ ਪਰਵਾਸੀ ਪੰਜਾਬੀਆਂ ਨੂੰ ਆਪਣੇ ਪਿਤਾ ਪੁਰਖੀ ਅਸਥਾਨ 'ਤੇ ਘੁੰਮਣ ਦਾ ਮੌਕਾ ਦਿੱਤਾ ਜਾਵੇਗਾ ਤੇ ਸੱਭਿਆਚਾਰ ਬਾਰੇ ਜਾਣਕਾਰੀ ਹਾਸਲ ਕਰਨ ਲਈ ਹੋਰ ਸਥਾਨ ਵੀ ਵੇਖ ਸਕਣਗੇ।

### ਹਰਸਿਮਰਤ ਬਾਦਲ ਨੇ ਵਜਾਇਆ ਬਠਿੰਡਾ ਹਲਕੇ ਤੋਂ ਚੋਣ ਦਾ ਬਿਗਲ

**ਮਾਨਸਾ/ਬਿਊਰੋ ਨਿਊਜ਼:** ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਨੇ ਸਾਰੇ ਖਦਸ਼ੇ ਖ਼ਤਮ ਕਰਦਿਆਂ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਬਠਿੰਡੇ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਹਮੇਸ਼ਾ ਹੱਦ ਤੋਂ ਵੱਧ ਪਿਆਰ ਦਿੱਤਾ ਹੈ। ਉਹ ਇਥੇ ਯਤੀਮ ਬੱਚਿਆਂ ਲਈ ਬਣੇ ਪੰਘੂੜਾ ਘਰ ਦਾ ਉਦਘਾਟਨ ਕਰਨ ਲਈ ਆਏ ਸਨ।

# ਜੇਮਸ ਟਰੂਡੋ 'ਖਾਲਿਸਤਾਨ ਵਿਵਾਦ' ਦੇ ਬਾਵਜੂਦ ਚੰਗੇ ਸਿਆਸੀ ਆਗੂ ਸਾਬਤ ਹੋਏ

- ਨੈਨੋਜ਼ ਵਲੋਂ ਕੀਤੇ ਸਰਵੇ ਅਨੁਸਾਰ 40 ਫੀਸਦੀ ਤੋਂ ਜ਼ਿਆਦਾ ਲੋਕ ਟਰੂਡੋ ਨੂੰ ਪ੍ਰਧਾਨ ਮੰਤਰੀ ਦੇਖਣਾ ਚਾਹੁੰਦੇ
- ਟਰੂਡੋ ਫੇਰੀ ਵਿਵਾਦ ਦੇ ਸੰਬੰਧ 'ਚ ਅਟਵਾਲ ਨੇ ਮੰਗੀ ਮੁਆਫ਼ੀ
- ਜਗਮੀਤ ਸਿੰਘ ਨੇ ਕਿਹਾ ਕਿ ਅਟਵਾਲ ਬਾਰੇ ਸੱਚਾਈ ਸਾਹਮਣੇ ਲਿਆਓ



**ਓਟਾਵਾ/ਬਿਊਰੋ ਨਿਊਜ਼:**
ਜਸਟਿਨ ਪਾਇਰੀ ਜੇਮਸ ਟਰੂਡੋ ਇੱਕ ਕੈਨੇਡੀਅਨ ਸਿਆਸਤਦਾਨ ਹੈ ਜੋ ਕਿ ਕੈਨੇਡਾ ਦਾ 23ਵਾਂ ਅਤੇ ਮੌਜੂਦਾ ਪ੍ਰਧਾਨ ਮੰਤਰੀ ਅਤੇ ਲਿਬਰਲ ਪਾਰਟੀ ਦਾ ਨੇਤਾ ਹੈ। ਟਰੂਡੋ ਦੀ ਭਾਰਤ ਫੇਰੀ 'ਤੇ ਪੈਦਾ ਹੋਏ ਖਾਲਿਸਤਾਨ ਵਿਵਾਦ ਤੇ ਬਾਅਦ ਵਿਚ ਕਈ ਦਿਨ ਤੱਕ ਕੈਨੇਡਾ ਦੀ ਸੰਸਦ ਵਿਚ ਮੁੱਦਾ ਭੱਖਿਆ ਰਹਿਣ ਦੇ ਬਾਵਜੂਦ ਦੇਸ਼ ਦੇ 40 ਫੀਸਦੀ ਤੋਂ ਜ਼ਿਆਦਾ ਲੋਕਾਂ ਟਰੂਡੋ ਨੂੰ ਹੀ ਪ੍ਰਧਾਨ ਮੰਤਰੀ ਦੇਖਣਾ ਚਾਹੁੰਦੇ ਹਨ। ਇਹ ਪ੍ਰਗਟਾਵਾ ਨੈਨੋਜ਼ ਵਲੋਂ ਕੀਤੇ ਸਰਵੇ ਵਿਚ ਕੀਤਾ ਗਿਆ ਹੈ। ਸਰਵੇ ਮੁਤਾਬਕ ਕੰਜ਼ਰਵੇਟਿਵ ਪਾਰਟੀ ਦੇ ਆਗੂ ਐਂਡਰਿਊ ਸ਼ੀਅਰ ਪ੍ਰਧਾਨ ਮੰਤਰੀ ਦੇ ਰੂਪ ਵਿਚ 22.8 ਫੀਸਦੀ ਲੋਕਾਂ ਦੀ ਪਹਿਲੀ ਪਸੰਦ ਹਨ ਜਦਕਿ ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਨੂੰ 8.6 ਫੀਸਦੀ ਲੋਕ ਹੀ ਪ੍ਰਧਾਨ ਮੰਤਰੀ ਦੇ ਰੂਪ ਵਿਚ ਦੇਖਣਾ ਚਾਹੁੰਦੇ

ਬਾਕੀ ਸਫ਼ਾ 32 'ਤੇ

### ਸੱਚ ਸਾਹਮਣੇ ਲਿਆਓ-ਜਗਮੀਤ ਸਿੰਘ

ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ. ਡੀ. ਪੀ.) ਦੇ ਨੇਤਾ ਜਗਮੀਤ ਸਿੰਘ ਨੇ ਟਵਿੱਟਰ 'ਤੇ ਟਵੀਟ ਕੀਤਾ ਹੈ। ਉਨ੍ਹਾਂ ਆਪਣੇ ਟਵੀਟ ਵਿਚ ਲਿਖਿਆ ਕਿ ਸੱਚਾਈ ਜੋ ਵੀ ਹੈ ਇਹ ਸਾਰਿਆਂ ਦੇ ਸਾਹਮਣੇ ਆਉਣੀ ਚਾਹੀਦੀ ਹੈ। ਇਹ ਮੁੱਦਾ ਜੋ ਵੀ ਹੈ, ਇਸ ਲਈ ਕੌਣ ਜ਼ਿੰਮੇਵਾਰ ਹੈ ਭਾਰਤ ਜਾਂ ਕੈਨੇਡਾ? ਇਹ ਸਾਰੀ ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਸੱਚ ਹੈ ਤਾਂ ਇਹ ਸਾਡੇ ਲੋਕਤੰਤਰ ਲਈ ਗੰਭੀਰ ਨੁਕਸਾਨ ਹੈ। ਜਗਮੀਤ ਨੇ ਕਿਹਾ ਕਿ ਸਰਕਾਰ ਨੂੰ ਇਸ ਮੁੱਦੇ ਦੀ ਜਾਂਚ ਕਰਨੀ ਚਾਹੀਦੀ ਹੈ ਅਤੇ ਸਾਰੇ ਕੈਨੇਡੀਅਨ ਦੇ ਸਾਹਮਣੇ ਸੱਚ ਲਿਆਉਣਾ ਚਾਹੀਦਾ ਹੈ।



### ਕੌਣ ਹੈ ਜਸਪਾਲ ਅਟਵਾਲ

ਜਸਪਾਲ ਅਟਵਾਲ ਬੈਨ ਕੀਤੇ ਹੋਏ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਵਿੱਚ ਸਰਗਰਮ ਕਾਰਕੁੰਨ ਰਿਹਾ ਹੈ। ਉਸਨੂੰ 1986 ਵਿੱਚ ਵੈਨਕੂਵਰ ਵਿੱਚ ਪੰਜਾਬ ਦੇ ਮੰਤਰੀ ਮਲਕੀਅਤ ਸਿੰਘ ਸਿੱਧੂ ਦੀ ਹੱਤਿਆ ਦੀ ਕੋਸ਼ਿਸ਼ ਲਈ ਦੋਸ਼ੀ ਕਰਾਰ ਦਿੱਤਾ ਗਿਆ ਸੀ। ਅਟਵਾਲ ਉਨ੍ਹਾਂ ਚਾਰ ਲੋਕਾਂ ਵਿੱਚ ਸ਼ਾਮਿਲ ਸੀ, ਜਿਨ੍ਹਾਂ ਨੂੰ ਨਿਜੀ ਦੌਰੇ ਉੱਤੇ ਕੈਨੇਡਾ ਆਏ ਮੰਤਰੀ ਦੀ ਹੱਤਿਆ ਦੀ ਕੋਸ਼ਿਸ਼ ਦਾ ਦੋਸ਼ੀ ਪਾਇਆ ਗਿਆ ਸੀ। ਮਲਕੀਅਤ ਸਿੰਘ ਸਿੱਧੂ ਨੂੰ ਦੋ ਗੋਲੀਆਂ ਮਾਰੀਆਂ ਗਈਆਂ ਸਨ ਪਰ ਉਹ ਬਚ ਗਏ ਸਨ। ਹਾਲਾਂਕਿ ਬਾਅਦ ਵਿੱਚ ਭਾਰਤ ਅੰਦਰ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਕੈਨੇਡਾ ਦੀ ਇੱਕ ਅਦਾਲਤ ਨੇ ਇਸ ਅਪਰਾਧ ਲਈ ਜਸਪਾਲ ਅਟਵਾਲ ਨੂੰ 20 ਸਾਲ ਦੀ ਕੈਦ ਦੀ ਸਜਾ ਸੁਣਾਈ ਸੀ।

## ਟਰੂਡੋ ਦੇ ਦੌਰੇ ਦੀ ਬਦਨਾਮੀ ਦਾ ਕਾਰਨ ਬਣੇ ਅਟਵਾਲ ਨੇ ਮੰਗੀ ਮੁਆਫ਼ੀ

### *ਭਾਰਤ ਸਰਕਾਰ ਨੇ ਹੀ ਮੈਨੂੰ ਦਿੱਤਾ ਸੀ ਵੀਜ਼ਾ-ਜਸਪਾਲ*

**ਵੈਨਕੂਵਰ/ਬਿਊਰੋ ਨਿਊਜ਼:**
ਵੈਨਕੂਵਰ/ਬਿਊਰੋ ਨਿਊਜ਼:
ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਿਛਲੇ ਮਹੀਨੇ ਭਾਰਤ ਫੇਰੀ ਦੌਰਾਨ ਚਰਚਾ ਵਿੱਚ ਆਏ ਸਰੀ ਦੇ ਕਾਰੋਬਾਰੀ ਅਤੇ ਸਜ਼ਾਯਾਫ਼ਤਾ ਖਾੜਕੂ ਜਸਪਾਲ ਅਟਵਾਲ ਨੇ ਉਸ ਦੇ ਕਰਕੇ ਜਸਟਿਸ ਟਰੂਡੋ ਅਤੇ ਭਾਰਤ ਨੂੰ ਝੱਲਣੀ ਪਈ ਨਮੋਸ਼ੀ ਲਈ ਮੁਆਫ਼ੀ ਮੰਗੀ ਹੈ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਹੁਣ ਖਾਲਿਸਤਾਨ ਦੀ ਲਹਿਰ ਦਾ ਸਮਰਥਨ ਨਹੀਂ ਕਰਦਾ।
ਦੱਸਣਯੋਗ ਹੈ ਕਿ ਇਹ ਮਾਮਲਾ ਉਦੋਂ ਭਖਿਆ ਜਦੋਂ ਮੁੰਬਈ ਵਿੱਚ ਇੱਕ ਸਮਾਗਮ ਦੌਰਾਨ ਅਟਵਾਲ ਦੀਆਂ ਟਰੂਡੋ ਦੀ ਪਤਨੀ ਸੋਫੀ ਅਤੇ ਹੋਰ ਅਧਿਕਾਰੀਆਂ ਨਾਲ ਫੋਟੋਆਂ ਖਿੱਚੀਆਂ ਗਈਆਂ। ਉਸ ਨੂੰ ਟਰੂਡੋ ਦੀ ਇੱਕ ਹਫ਼ਤੇ ਦੀ ਭਾਰਤ ਫੇਰੀ ਦੌਰਾਨ ਦਿੱਲੀ ਵਿੱਚ ਕੈਨੇਡੀਅਨ ਹਾਈ ਕਮਿਸ਼ਨਰ ਦੀ ਰਿਹਾਇਸ਼ 'ਤੇ ਰੱਖੇ ਰਾਤਰੀ ਭੋਜ ਲਈ ਵੀ ਸੱਦਾ ਦਿੱਤਾ ਗਿਆ ਸੀ। ਬਾਅਦ ਵਿਚ ਇਹ ਸੱਦਾ ਵਾਪਸ ਲੈ ਲਿਆ ਗਿਆ ਸੀ। 62 ਸਾਲਾ ਅਟਵਾਲ ਨੇ ਕਈ ਦਿਨਾਂ ਦੀ ਚੁੱਪੀ ਮਗਰੋਂ ਇੱਥੇ ਆਪਣੇ ਵਕੀਲ ਦੇ ਦਫ਼ਤਰ ਵਿੱਚ ਰੱਖੇ ਪੱਤਰਕਾਰ ਸੰਮੇਲਨ ਦੌਰਾਨ ਕਿਹਾ ਕਿ ਉਸਨੂੰ ਭਾਰਤੀ ਅਫਸਰਾਂ ਵੱਲੋਂ ਵਰਤੇ ਜਾਣ ਵਿੱਚ ਰਤਾ ਵੀ ਸੱਚਾਈ ਨਹੀਂ ਹੈ। ਉਸ ਨੇ ਕਿਹਾ ਕਿ ਉਸਨੂੰ ਜਸਟਿਨ ਟਰੂਡੋ ਨਾਲ ਖਾਣੇ ਦੀ ਦਾਅਵਤ ਦਾ ਸੱਦਾ



### ਸਾਡੇ ਵਲੋਂ ਦਿੱਤੇ ਜਾਇਜ਼ ਵੀਜ਼ੇ 'ਤੇ ਆਇਆ ਸੀ ਅਟਵਾਲ: ਭਾਰਤ

ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਮੁਜਰਿਮ ਕਰਾਰ ਦਿੱਤਾ ਗਿਆ ਜਸਪਾਲ ਅਟਵਾਲ ਆਪਣੇ ਜਾਇਜ਼ ਵੀਜ਼ੇ ਰਾਹੀਂ ਭਾਰਤ ਆਇਆ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਸਰਕਾਰ ਪਰਵਾਸੀ ਭਾਰਤੀਆਂ ਤੱਕ ਪਹੁੰਚ ਦੀ ਨੀਤੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ, ਜਿਨ੍ਹਾਂ ਵਿਚ ਗੁੰਮਰਾਹਕੁਨ ਤੱਤ ਵੀ ਸ਼ਾਮਲ ਹਨ, ਜੋ ਅਤੀਤ ਵਿਚ ਭਾਵੇਂ ਭਾਰਤ-ਵਿਰੋਧੀ ਸਨ, ਪਰ ਬਾਅਦ ਵਿਚ ਉਨ੍ਹਾਂ ਇਹ ਰਾਹ ਤਿਆਗ ਦਿੱਤਾ।
ਜਸਪਾਲ ਸਿੰਘ ਅਟਵਾਲ ਨੂੰ ਭਾਰਤੀ ਕੈਬਨਟ ਮੰਤਰੀ ਮਲਕੀਤ ਸਿੰਘ ਸਿੱਧੂ 'ਤੇ ਉਨ੍ਹਾਂ ਦੀ ਨਿੱਜੀ ਕੈਨੇਡਾ ਫੇਰੀ ਦੌਰਾਨ ਵੈਨਕੂਵਰ ਵਿੱਚ ਗੋਲੀ ਮਾਰਨ ਲਈ ਤਿੰਨ ਹੋਰ ਵਿਅਕਤੀਆਂ ਸਮੇਤ ਮੁਜਰਮ ਪਾਇਆ ਗਿਆ ਸੀ। ਉਨ੍ਹਾਂ ਨੂੰ 1992 ਵਿੱਚ ਜਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਸੀ।

ਭਾਰਤ ਵਿੱਚ ਕੈਨੇਡੀਅਨ ਸਫ਼ੀਰ ਵੱਲੋਂ ਦਿੱਤਾ ਗਿਆ ਸੀ, ਜਿਸ ਦੀ ਸਿਫਾਰਸ਼ ਉਸ ਨੇ ਸਰੀ ਸੈਂਟਰਲ ਹਲਕੇ ਤੋਂ ਸੱਤਾਧਾਰੀ ਪਾਰਟੀ ਦੇ ਸਾਂਸਦ ਰਣਦੀਪ ਸਿੰਘ ਸਰਾਏ ਤੋਂ ਕਰਵਾਈ ਸੀ। ਉਸਨੇ ਕਿਹਾ ਕਿ ਬੇਸ਼ੱਕ ਉਸਨੇ 1986 ਵਿੱਚ ਕੈਨੇਡਾ ਆਏ ਪੰਜਾਬ ਦੇ ਰਾਜ ਮੰਤਰੀ ਉੱਤੇ ਹਮਲਾ ਕੀਤਾ ਸੀ ਪਰ ਉਹ ਪੰਜਾਬ ਦੇ ਤਤਕਾਲੀ ਹਾਲਾਤ ਵਿੱਚੋਂ ਉਪਜੇ ਗੁੱਸੇ ਦਾ ਨਤੀਜਾ ਸੀ, ਜਿਸਦਾ ਉਸ ਨੂੰ ਪਛਤਾਵਾ ਵੀ ਹੈ।
ਜਸਪਾਲ ਅਟਵਾਲ ਨੇ ਲਿਖਤੀ ਬਿਆਨ ਜਾਰੀ ਕੀਤਾ ਅਤੇ ਪੱਤਰਕਾਰਾਂ ਨੂੰ ਕਿਸੇ ਵੀ ਸਵਾਲ ਦਾ ਉੱਤਰ ਉਸਦੇ ਵਕੀਲ ਤੋਂ ਲੈਣ ਲਈ ਕਿਹਾ। ਪੱਤਰਕਾਰਾਂ ਵੱਲੋਂ ਸਵਾਲ ਵਕੀਲ ਦੀ ਥਾਂ ਅਟਵਾਲ ਤੋਂ ਪੁੱਛੇ ਜਾਣ ਦੇ ਯਤਨਾਂ ਦੌਰਾਨ ਉਸਦੇ ਵਕੀਲ ਦੀ ਇੱਕ ਪੱਤਰਕਾਰ ਨਾਲ ਤਲਖਕਲਾਮੀ ਵੀ ਹੋ ਗਈ। ਅਟਵਾਲ ਵੱਲੋਂ ਆਪਣਾ ਬਿਆਨ ਆਪ ਪੜ੍ਹਕੇ ਸੁਣਾਇਆ ਗਿਆ। ਉਸਨੇ ਕਿਹਾ ਕਿ ਉਹ 'ਹੈਰਾਨ ਅਤੇ ਪ੍ਰੇਸ਼ਾਨ' ਹੋ ਗਿਆ ਜਦੋਂ ਉਸ ਦੀ ਦਾਅਵਤ ਵਿੱਚ ਸ਼ਿਰਕਤ ਕਾਰਨ ਵਿਵਾਦ ਖੜ੍ਹਾ ਹੋ ਗਿਆ। ਉਸਨੇ ਅੱਗੇ ਕਿਹਾ, "ਇਸ ਮਸਲੇ ਕਾਰਨ ਕੈਨੇਡਾ, ਭਾਰਤ, ਮੇਰੇ ਭਾਈਚਾਰੇ, ਪਰਿਵਾਰ ਅਤੇ ਦੋਸਤਾਂ ਨੂੰ ਝੱਲਣੀ ਪਈ ਨਮੋਸ਼ੀ ਲਈ ਮੈਂ ਮੁਆਫ਼ੀ ਮੰਗਦਾ ਹਾਂ।" ਉਸਨੇ ਵਾਰ-ਵਾਰ ਕਿਹਾ ਕਿ ਉਹ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਵੀਜ਼ੇ 'ਤੇ ਹੀ ਪਿਛਲੇ ਸਾਲ ਦੋ ਵਾਰ ਭਾਰਤ ਗਿਆ ਅਤੇ ਇਸ ਵਾਰ ਵੀ ਗਿਆ। ਜੇਕਰ ਉਸਦੇ ਭਾਰਤ ਵਿਰੋਧੀ ਕਿਸੇ ਜਥੇਬੰਦੀ ਨਾਲ ਸਬੰਧ ਹੁੰਦੇ ਤਾਂ ਭਾਰਤ ਸਰਕਾਰ ਉਸ ਨੂੰ ਵੀਜ਼ਾ ਨਾ ਦਿੰਦੀ।

# ਭਾਰਤ ਤੇ ਫਰਾਂਸ ਵਲੋਂ ਅਹਿਮ ਖੇਤਰਾਂ 'ਚ ਸਹਿਯੋਗ ਲਈ 14 ਸਮਝੌਤੇ ਸੀਲਬੰਦ

**ਨਵੀਂ ਦਿੱਲੀ/ਬਿਊਰੋ ਨਿਊਜ਼:**
ਭਾਰਤ ਅਤੇ ਫਰਾਂਸ ਨੇ ਆਪਸੀ ਰਣਨੀਤਕ ਸਬੰਧਾਂ ਦਾ ਵਿਸਥਾਰ ਕਰਦਿਆਂ ਰੱਖਿਆ, ਸੁਰੱਖਿਆ, ਪਰਮਾਣੂ ਊਰਜਾ ਅਤੇ ਗੁਪਤ ਜਾਣਕਾਰੀ ਦੇ ਬਚਾਅ ਸਮੇਤ ਅਹਿਮ ਖੇਤਰਾਂ 'ਚ 14 ਸਮਝੌਤਿਆਂ 'ਤੇ ਦਸਤਖ਼ਤ ਕੀਤੇ ਹਨ। ਦੋਵੇਂ ਮੁਲਕਾਂ ਨੇ ਹਿੰਦ-ਪ੍ਰਸ਼ਾਂਤ ਖ਼ਿੱਤੇ 'ਚ ਸਹਿਯੋਗ ਨੂੰ ਹੋਰ ਗੂੜ੍ਹਾ ਕਰਨ ਅਤੇ ਅਤਿਵਾਦ ਰੋਕਣ ਦੀਆਂ ਸਾਂਝੀਆਂ ਕੋਸ਼ਿਸ਼ਾਂ ਨੂੰ ਅੱਗੇ ਵਧਾਉਣ ਦੀ ਵਚਨਬੱਧਤਾ ਵੀ ਜਤਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਏਲ ਮੈਕਰੋਂ ਵਿਚਕਾਰ ਵਿਸਥਾਰਤ ਗੱਲਬਾਤ ਮਗਰੋਂ ਇਨ੍ਹਾਂ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਗਏ। ਦੋਵੇਂ ਆਗੂਆਂ ਨੇ ਸਰਹੱਦ ਪਾਰੋਂ ਅਤਿਵਾਦ ਸਮੇਤ ਫਰਾਂਸ ਅਤੇ ਭਾਰਤ 'ਚ ਦਹਿਸ਼ਤਗਰਦੀ ਸਬੰਧੀ ਘਟਨਾਵਾਂ ਦੀ ਵੀ ਸਖ਼ਤ ਨਿਖੇਧੀ ਕੀਤੀ। ਭਾਰਤ ਅਤੇ ਫਰਾਂਸ ਦੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਵਚਨਬੱਧਤਾ ਦੁਹਰਾਉਂਦਿਆਂ ਉਨ੍ਹਾਂ ਫ਼ੈਸਲਾ ਕੀਤਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਫਰਾਂਸ ਦੇ ਰਾਸ਼ਟਰਪਤੀ ਦਰਮਿਆਨ ਦੋ ਸਾਲਾਂ 'ਚ ਇਕ ਵਾਰ ਬੈਠਕ ਕੀਤੀ ਜਾਵੇਗੀ।
ਇਸ ਦੌਰਾਨ ਹਿੰਦ ਮਹਾਸਾਗਰ ਅਤੇ ਪ੍ਰਸ਼ਾਂਤ ਖੇਤਰ 'ਚ ਬਦਲਦੇ ਸੁਰੱਖਿਆ ਸਮੀਕਰਨਾਂ ਨੂੰ ਲੈ ਕੇ ਵੀ ਵਿਚਾਰ ਵਟਾਂਦਰਾ ਹੋਇਆ। ਸ੍ਰੀ ਮੈਕਰੋਂ ਨੇ ਕਿਹਾ ਕਿ ਸਮੁੰਦਰੀ ਲਾਂਘੇ ਤਾਕਤ ਦਿਖਾਉਣ ਵਾਲੀਆਂ ਥਾਵਾਂ ਨਹੀਂ ਬਣ ਸਕਦੇ ਜਿਸ ਦਾ ਸਿੱਧਾ ਸੁਨੇਹਾ ਚੀਨ ਨੂੰ ਦਿੱਤਾ ਗਿਆ ਹੈ। ਸਮਝੌਤਿਆਂ 'ਚ ਦੋਵੇਂ



ਮੁਲਕਾਂ ਦੀਆਂ ਫ਼ੌਜਾਂ ਵਿਚਕਾਰ ਇਕ-ਦੂਜੇ ਨੂੰ ਫ਼ੌਜੀ ਯੋਜਨਾਬੰਦੀ 'ਚ ਸਹਿਯੋਗ ਦੇਣ ਅਤੇ ਗੁਪਤ ਜਾਂ ਹੋਰ ਅਹਿਮ ਸੂਚਨਾਵਾਂ ਦੀ ਸੁਰੱਖਿਆ ਵੀ ਸ਼ਾਮਿਲ ਹੈ। ਇਹ ਸਮਝੌਤੇ ਉਸ ਸਮੇਂ ਹੋਏ ਹਨ ਜਦੋਂ ਫਰਾਂਸ ਨਾਲ ਕਰੋੜਾਂ ਡਾਲਰ ਦੇ ਰਾਫ਼ੇਲ ਜੈੱਟ ਸੌਦੇ ਸਬੰਧੀ ਜਾਣਕਾਰੀ ਦੇਣ ਤੋਂ ਸਰਕਾਰ ਨੇ ਇਨਕਾਰ ਕਰ ਦਿੱਤਾ ਹੈ। ਮੈਕਰੋਂ ਨਾਲ ਸਾਂਝੇ ਮੀਡੀਆ ਪ੍ਰੋਗਰਾਮ 'ਚ ਸ੍ਰੀ ਮੋਦੀ ਨੇ ਕਿਹਾ,"ਸਾਡਾ ਰੱਖਿਆ ਸਹਿਯੋਗ ਬਹੁਤ ਮਜ਼ਬੂਤ ਹੈ ਅਤੇ ਫਰਾਂਸ ਨੂੰ ਅਸੀਂ ਸਭ ਤੋਂ ਵਧ ਭਰੋਸੇਮੰਦ ਰੱਖਿਆ ਭਾਈਵਾਲਾਂ 'ਚੋਂ ਇਕ ਮੰਨਦੇ ਹਾਂ। ਦੋਵੇਂ ਮੁਲਕਾਂ ਦੀਆਂ ਸੈਨਾਵਾਂ 'ਚ ਯੋਜਨਾਬੰਦੀ ਦੀ ਹਮਾਇਤ ਸਬੰਧੀ ਸਮਝੌਤਾ ਰੱਖਿਆ ਸਬੰਧਾਂ 'ਚ ਸੁਨਹਿਰਾ ਕਦਮ ਹੈ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵੇਂ ਦੇਸ਼ ਨੇਵੀਗੇਸ਼ਨ ਅਤੇ ਜਹਾਜ਼ਾਂ ਦੀ ਉਡਾਣ 'ਚ ਆਜ਼ਾਦੀ ਯਕੀਨੀ ਬਣਾਉਣ ਲਈ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਸਹਿਮਤ ਹੋਏ ਹਨ ਕਿਉਂਕਿ ਹਿੰਦ ਮਹਾਸਾਗਰ ਖੇਤਰੀ ਸ਼ਾਂਤੀ 'ਚ ਅਹਿਮ ਭੂਮਿਕਾ ਨਿਭਾਏਗਾ। ਮੈਕਰੋਂ ਨੇ ਭਾਰਤੀ ਜਲ ਸੈਨਾ ਲਈ ਸਕੌਰਪੀਨ ਪਣਡੁੱਬੀ ਪ੍ਰਾਜੈਕਟ ਅਤੇ ਹਵਾਈ ਫ਼ੌਜ ਲਈ ਲੜਾਕੂ ਜੈੱਟ ਸੌਦੇ ਬਾਰੇ ਗੱਲ ਕਰਦਿਆਂ ਕਿਹਾ ਕਿ ਦੋਵੇਂ ਮੁਲਕਾਂ ਦਰਮਿਆਨ ਰੱਖਿਆ ਸਹਿਯੋਗ ਦੀ ਨਵੀਂ ਅਹਿਮੀਅਤ ਹੈ। ਉਨ੍ਹਾਂ ਕਿਹਾ,"ਭਾਰਤ ਨੇ ਰਾਫ਼ੇਲ ਜੈੱਟ ਬਾਰੇ ਖ਼ੁਦਮੁਖ਼ਤਿਆਰ ਫ਼ੈਸਲਾ ਲਿਆ ਸੀ ਅਤੇ ਅਸੀਂ ਇਸ ਖੇਤਰ 'ਚ ਪ੍ਰਗਤੀ ਦੀ ਨਿਗਰਾਨੀ ਕਰ ਰਹੇ ਹਾਂ। ਅਸੀਂ ਇਹ ਪ੍ਰੋਗਰਾਮ ਜਾਰੀ ਰੱਖਣਾ ਚਾਹੁੰਦੇ ਹਾਂ। ਇਹ ਲੰਬੇ ਸਮੇਂ ਦਾ ਠੇਕਾ ਹੈ ਜੋ ਦੋਵੇਂ ਧਿਰਾਂ ਲਈ ਲਾਭਕਾਰੀ ਹੈ। ਮੈਂ ਖ਼ੁਦ ਇਸ ਨੂੰ ਰਣਨੀਤਕ ਸਹਿਯੋਗ ਵਜੋਂ ਦੇਖਦਾ ਹਾਂ।" ਜ਼ਿਕਰਯੋਗ ਹੈ ਕਿ ਭਾਰਤ ਨੇ 2016 'ਚ ਫਰਾਂਸ ਨਾਲ ਕਰੀਬ 58 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ 36 ਰਾਫ਼ੇਲ ਲੜਾਕੂ ਜੈੱਟ ਖ਼ਰੀਦਣ ਲਈ ਸੌਦਾ ਕੀਤਾ ਸੀ। ਕਾਂਗਰਸ ਸੌਦੇ ਨਾਲ ਜੁੜੀ ਜਾਣਕਾਰੀ ਦੇਣ ਦੀ ਮੰਗ ਕਰਦੀ ਆ ਰਹੀ ਹੈ ਅਤੇ ਉਸ ਦਾ ਦੋਸ਼ ਹੈ ਕਿ ਕਾਂਗਰਸ ਦੀ ਸੱਤਾ ਵੇਲੇ ਇਸ ਸੌਦੇ ਨੂੰ ਲੈ ਕੇ ਜਿਹੜੀ ਗੱਲਬਾਤ ਹੋਈ ਸੀ, ਉਹ ਮੋਦੀ ਸਰਕਾਰ ਸਮੇਂ ਹੋਏ ਸੌਦੇ ਦੇ ਮੁਕਾਬਲੇ ਕਾਫ਼ੀ ਸਸਤਾ ਸੀ। ਫਰਾਂਸੀਸੀ ਰਾਸ਼ਟਰਪਤੀ ਨੇ ਸਮੁੰਦਰੀ ਰੱਖਿਆ ਬਾਰੇ ਕਿਹਾ ਕਿ ਹਿੰਦ ਮਹਾਸਾਗਰ ਅਤੇ ਪ੍ਰਸ਼ਾਂਤ ਖੇਤਰ 'ਚ ਸ਼ਾਂਤੀ ਤੇ ਸਥਿਰਤਾ ਲਈ ਦੋਵੇਂ ਮੁਲਕਾਂ ਵਿਚਕਾਰ ਸਹਿਯੋਗ ਦਾ ਪੱਧਰ ਬੇਮਿਸਾਲੀ ਹੋਵੇਗਾ। ਸ੍ਰੀ ਮੋਦੀ ਨੇ ਆਪਣੇ ਬਿਆਨ 'ਚ ਕਿਹਾ ਕਿ ਦੋਵੇਂ ਮੁਲਕਾਂ ਦਰਮਿਆਨ ਰਣਨੀਤਕ ਭਾਈਵਾਲੀ ਸਿਰਫ਼ 20 ਸਾਲ ਪੁਰਾਣੀ ਹੋ ਸਕਦੀ ਹੈ ਪਰ ਦੋਵੇਂ ਮੁਲਕਾਂ ਦੀ ਸੱਭਿਆਚਾਰਕ ਅਤੇ ਰੂਹਾਨੀ ਭਾਈਵਾਲੀ ਇਸ ਨਾਲੋਂ ਕਿਤੇ ਜ਼ਿਆਦਾ ਪੁਰਾਣੀ ਹੈ। ਮੈਕਰੋਂ ਨੇ ਕਿਹਾ ਕਿ ਦੋਵੇਂ ਮੁਲਕਾਂ ਦੇ ਰਣਨੀਤਕ ਸਹਿਯੋਗ 'ਚ ਅਤਿਵਾਦ ਅਤੇ ਕੱਟੜਤਾ ਅਹਿਮ ਵਿਸ਼ਾ ਹੈ। ਦੋਵੇਂ ਆਗੂਆਂ ਵਿਚਕਾਰ ਇਸਲਾਮਿਕ ਅਤਿਵਾਦ ਨੂੰ ਲੈ ਕੇ ਵੀ ਗੱਲਬਾਤ ਹੋਈ। ਭਾਰਤ ਅਤੇ ਫਰਾਂਸ ਨੇ ਜੈਤਪੁਰ ਪਰਮਾਣੂ ਊਰਜਾ ਪ੍ਰਾਜੈਕਟ ਨੂੰ ਅੱਗੇ ਵਧਾਉਣ ਬਾਰੇ ਵੀ ਸਮਝੌਤਾ ਕੀਤਾ ਹੈ। ਇਸ ਤੋਂ ਇਲਾਵਾ ਰੇਲਵੇ, ਵਾਤਾਵਰਨ, ਸੂਰਜੀ ਊਰਜਾ, ਸਮੁੰਦਰੀ ਸੁਰੱਖਿਆ ਜਾਗਰੂਕਤਾ ਅਤੇ ਨਸ਼ੀਲੀਆਂ ਦਵਾਈਆਂ ਦੀ ਤਸਕਰੀ ਦੀ ਜਾਂਚ ਸਮੇਤ ਹੋਰ ਖੇਤਰਾਂ 'ਚ ਸਹਿਯੋਗ ਲਈ ਵੀ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਗਏ ਹਨ।

### ਫਰਾਂਸ 'ਚ ਸਿੱਖ ਕਕਾਰਾਂ 'ਤੇ ਪਾਬੰਦੀ ਹਟਾਈ ਜਾਵੇ

ਨਵੀਂ ਦਿੱਲੀ/ਪੱਤਰ ਪ੍ਰੇਰਕ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਭਾਰਤ ਦੌਰੇ 'ਤੇ ਆਏ ਫਰਾਂਸ ਦੇ ਰਾਸ਼ਟਰਪਤੀ ਇਮੈਨੁਏਲ ਮੈਕਰੋਂ ਨਾਲ ਸਿੱਖ ਕਕਾਰਾਂ 'ਤੇ ਪਾਬੰਦੀ ਦਾ ਮਾਮਲਾ ਉਠਾਇਆ ਜਾਵੇ। ਸ੍ਰੀ ਮੋਦੀ ਨੂੰ ਲਿਖੇ ਪੱਤਰ ਵਿੱਚ ਸ੍ਰੀ ਸਿਰਸਾ ਨੇ ਕਿਹਾ ਕਿ ਪਹਿਲਾਂ ਵੀ ਉਨ੍ਹਾਂ ਪ੍ਰਧਾਨ ਮੰਤਰੀ ਨੂੰ ਫਰਾਂਸ ਦੇ ਸਕੂਲਾਂ ਵਿੱਚ ਸਿੱਖ ਬੱਚਿਆਂ ਨੂੰ ਦਸਤਾਰ ਤੇ ਹੋਰ ਕਕਾਰ ਹਟਾਉਣ ਲਈ ਮਜਬੂਰ ਕਰਨ ਜਿਹੇ ਫ਼ੈਸਲਿਆਂ ਤੋਂ ਜਾਣੂ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਹੁਣ ਫਰਾਂਸ ਸਰਕਾਰ ਨੇ ਕਿਸੇ ਵੀ ਸਰਕਾਰੀ ਸ਼ਨਾਖਤੀ ਪੱਤਰ ਵਾਸਤੇ ਪਗੜੀ ਉਤਾਰ ਕੇ ਫੋਟੋ ਖਿਚਵਾਉਣਾ ਲਾਜ਼ਮੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਫਰਾਂਸ ਵਿੱਚ ਕਿਸੇ ਵੀ ਦਸਤਾਰਧਾਰੀ ਸਿੱਖ ਨੂੰ ਕੋਈ ਨੌਕਰੀ ਨਹੀਂ ਦਿੱਤੀ ਜਾਂਦੀ।




# SAVE UPTO 24¢

## PER GALLON ON DIESEL






## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

# ਇੱਕ ਤੋਂ ਬਾਅਦ ਇੱਕ ਢਹਿ ਰਹੇ ਹਨ ਖੱਬੇ ਪੱਖੀਆਂ ਦੇ ਕਿਲ੍ਹੇ

- ਕਾਰਪੋਰੇਟ ਤੇ ਆਰ ਐਸ ਐਸ ਦੀ ਭਗਵੇਂਕਰਨ ਵਾਲੀ ਲਹਿਰ ਦੇ ਵਿਰੁੱਧ ਖੱਬੇ ਪੱਖੀ ਕੋਈ ਪ੍ਰੋਗਰਾਮ ਨਾ ਦੇ ਸਕੇ
- ਫੈਡਰਲ ਢਾਂਚੇ ਦੀ ਲਹਿਰ ਖੜੀ ਕੀਤੇ ਬਿਨਾਂ ਖੱਬੇ ਪੱਖੀ ਆਪਣੀ ਹੋਂਦ ਨਹੀਂ ਸਥਾਪਤ ਕਰ ਸਕਣਗੇ



ਤ੍ਰਿਪੁਰਾ ਵਿਚ ਭਾਜਪਾ ਵਰਕਰਾਂ ਨੇ ਸੀਪੀਐੱਮ ਮੈਂਬਰਾਂ ਦੀ ਕੁੱਟਮਾਰ ,ਦਫ਼ਤਰਾਂ ਦੀ ਸਾੜ-ਫੂਕ ਤੇ ਅਗਰਤਲਾ ਵਿੱਚ ਜੇਸੀਬੀ ਦੀ ਮਦਦ ਨਾਲ ਕਾਮਰੇਡ ਲੈਨਿਨ ਦਾ ਬੁੱਤ ਉਲਟਾ ਦਿੱਤਾ

**ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬਾਇਲ 9815700916)

ਕਮਿਊਨਿਸਟ ਦਾ ਕਾਅਬਾ ਮੰਨਿਆ ਜਾਣ ਵਾਲਾ ਸੋਵੀਅਤ ਸੰਘ ਜਦੋਂ ਢਹਿ ਢੇਰੀ ਹੋ ਗਿਆ ਸੀ, ਉਦੋਂ ਤੋਂ ਰਾਜਨੀਤਕ ਮਾਹਿਰਾਂ ਨੇ ਭਵਿੱਖਬਾਣੀ ਕਰਨੀ ਸ਼ੁਰੂ ਕਰ ਦਿੱਤੀ ਸੀ ਕਿ ਵਿਸ਼ਵ ਦੀ ਪੂੰਜੀਵਾਦੀ ਸ਼ਕਤੀਆਂ ਨੇ ਪੂਰੀ ਤਾਕਤ ਨਾਲ ਸਮਾਜਵਾਦ ਦਾ ਅੰਤ ਕਰ ਦਿੱਤਾ, ਪਰ ਉਨ੍ਹਾਂ ਵਿਰੋਧੀ ਹਵਾਵਾਂ ਦੌਰਾਨ ਵੀ ਭਾਰਤ ਵਿਚ ਕਈ ਸੂਬੇ ਅਜਿਹੇ ਸਨ ਜਿੱਥੇ ਕਮਿਊਨਿਸਟ ਪਾਰਟੀ ਦਾ ਰਾਜ ਕਾਇਮ ਹੋਇਆ ਤੇ ਬਰਕਰਾਰ ਰਿਹਾ। ਹੌਲੀ-ਹੌਲੀ ਇੱਥੇ ਵੀ ਕਮਿਊਨਿਸਟ ਪਾਰਟੀਆਂ ਤੇ ਉਸ ਦੀਆਂ ਸਰਕਾਰਾਂ ਦੀ ਹੋਂਦ ਮਿਟਣ ਲੱਗੀ। ਪਹਿਲਾਂ ਸੰਸਦ ਵਿਚ ਹਾਜ਼ਰੀ ਘੱਟ ਹੋਈ, ਫਿਰ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਕਮਜ਼ੋਰ ਹੋਈ। 2016 ਵਿਚ ਬੰਗਾਲ ਵਿਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੇ ਖੱਬੇਪੱਖੀਆਂ ਤੋਂ 34 ਸਾਲ ਪੁਰਾਣੀ ਸੱਤਾ 'ਤੇ ਕਬਜ਼ਾ ਕਰ ਲਿਆ ਸੀ ਤੇ ਹੁਣ ਤ੍ਰਿਪੁਰਾ ਵਿਚ ਖੱਬੇਪੱਖੀਆਂ ਦੀ ਹਾਰ ਤੋਂ ਬਾਅਦ ਭਾਰਤ ਵਿਚ ਸਿਰਫ਼ ਕੇਰਲਾ ਹੀ ਖੱਬੇਪੱਖੀਆਂ ਦੇ ਰਾਜ ਵਾਲਾ ਇਕੋ-ਇਕ ਸੂਬਾ ਬਚਿਆ ਹੈ।

ਹੁਣੇ ਜਿਹੇ ਉੱਤਰ-ਪੂਰਬ ਦੇ ਤਿੰਨ ਸੂਬਿਆਂ ਤ੍ਰਿਪੁਰਾ, ਨਾਗਾਲੈਂਡ ਅਤੇ ਮੇਘਾਲਿਆ ਦੇ ਚੋਣ ਨਤੀਜਿਆਂ ਦੌਰਾਨ ਭਾਜਪਾ ਦੀ ਭਗਵੀਂ ਲਹਿਰ ਨੂੰ ਤ੍ਰਿਪੁਰਾ ਵਿਚ ਸਭ ਤੋਂ ਜ਼ਿਆਦਾ ਲਾਭ ਹੋਇਆ। ਉਸ ਨੇ 'ਇੰਡੀਜੀਨੀਅਸ ਪੀਪਲਜ਼ ਫਰੰਟ ਆਫ ਤ੍ਰਿਪੁਰਾ' ਨਾਲ ਗੱਠਜੋੜ ਕਰ ਕੇ 60 ਵਿਚੋਂ 43 ਸੀਟਾਂ ਜਿੱਤ ਮਾਕਪਾ ਨੂੰ 16 ਸੀਟਾਂ 'ਤੇ ਸੀਮਤ ਕਰ ਕੇ ਉਸ ਦਾ 25 ਸਾਲ ਪੁਰਾਣਾ ਲਾਲ ਕਿਲਾ ਢਹਿ-ਢੇਰੀ ਕਰ ਦਿੱਤਾ ਹੈ। ਸ਼ਾਇਦ ਖੱਬੇ ਪੱਖੀਆਂ ਨੇ ਇਹ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਵੇਗਾ।

ਤ੍ਰਿਪੁਰਾ ਵਿਚ ਭਾਜਪਾ ਵਰਕਰਾਂ ਨੇ ਸੀਪੀਐੱਮ ਮੈਂਬਰਾਂ ਦੀ ਕੁੱਟਮਾਰ ਕਰਨ ਤੋਂ ਇਲਾਵਾ ਉਸ ਪਾਰਟੀ ਦੇ ਦਫ਼ਤਰਾਂ ਦੀ ਸਾੜ-ਫੂਕ ਕਰ ਦਿੱਤੀ ਹੈ ਤੇ ਅਗਰਤਲਾ ਵਿੱਚ ਜੇਸੀਬੀ ਦੀ ਮਦਦ ਨਾਲ ਕਾਮਰੇਡ ਲੈਨਿਨ ਦਾ ਬੁੱਤ ਉਲਟਾ ਦਿੱਤਾ। ਪਰ ਕਮਿਊਨਿਸਟ ਕੁਝ ਨਾ ਕਰ ਸਕੇ ਤੇ ਨਾ ਹੀ ਜਨਤਾ ਨੂੰ ਪ੍ਰੋਗਰਾਮ ਦੇ ਸਕੇ।

ਹੁਣ ਇਸ ਨੂੰ ਸੱਤਾ ਵਿਰੋਧੀ ਲਹਿਰ ਕਹੀਏ ਜਾਂ ਭਗਵੀਆਂ ਤਾਕਤਾਂ ਦੀ ਚਾਣਕੀਆ ਰਣਨੀਤੀ, ਸੱਚਾਈ ਇਹੀ ਹੈ ਕਿ ਤਕਨੀਕੀ ਤੌਰ 'ਤੇ ਤ੍ਰਿਪੁਰਾ ਰੰਗ ਲਾਲ ਨਾਲ ਭਗਵਾਂ ਹੋ ਚੁੱਕਾ ਹੈ। 25 ਸਾਲ ਦੀ ਕਮਿਊਨਿਸਟ ਹਕੂਮਤ ਵਿਚ 20 ਸਾਲ ਤੱਕ ਤ੍ਰਿਪੁਰਾ ਦੇ ਮੁੱਖ ਮੰਤਰੀ ਰਹਿਣ ਦੇ ਬਾਵਜੂਦ ਮਾਣਿਕ ਸਰਕਾਰ ਅਖੀਰ ਲਾਲ ਝੰਡੇ ਦੀਆਂ ਬੁਲੰਦੀਆਂ ਨੂੰ ਬਚਾ ਕਿਉਂ ਨਹੀਂ ਸਕੀ, ਇਸ ਦਾ ਅਧਿਐਨ ਕਰਨਾ ਜ਼ਰੂਰੀ ਹੈ।

ਕਦੇ ਕਮਿਊਨਿਸਟ ਹੋਣ ਦਾ ਅਰਥ ਆਧੁਨਿਕ ਹੋਣਾ ਮੰਨਿਆ ਜਾਂਦਾ ਸੀ। ਨਵੀਂ ਤਕਨੀਕ ਦੇ ਇਸਤੇਮਾਲ, ਚੁਸਤ-ਦਰੁੱਸਤ ਕਾਰਜਸ਼ੈਲੀ ਤੇ ਆਧੁਨਿਕ ਸੋਚ-ਸਮਝ ਕਾਰਨ ਕਮਿਊਨਿਸਟ ਲੋਕ ਸਭ ਤੋਂ ਵੱਖਰੇ ਦਿਸਦੇ ਸਨ। ਕਿਤਾਬਾਂ ਪੜ੍ਹਨ ਦੀ ਆਦਤ ਤੇ ਕਿਤਾਬਾਂ ਦੇ ਪ੍ਰਕਾਸ਼ਨ ਤੇ ਪਸਾਰ ਵਿਚ ਕਮਿਊਨਿਸਟਾਂ ਦਾ ਕੋਈ ਮੁਕਾਬਲਾ ਨਹੀਂ ਸੀ। ਜਦੋਂ ਲੋਕ ਮੁਸ਼ਕਲ ਨਾਲ ਟਾਈਪਰਾਈਟਰ ਦੀ ਵਰਤੋਂ ਕਰ ਸਕਦੇ ਸਨ, ਉਦੋਂ ਕਮਿਊਨਿਸਟ ਪਾਰਟੀ ਦੇ ਦਫ਼ਤਰਾਂ ਵਿਚ ਆਧੁਨਿਕ ਟਾਈਪਿੰਗ ਤੇ ਸਾਈਕਲੋਸਟਾਈਲ ਮਸ਼ੀਨਾਂ, ਛਾਪੇਖਾਨੇ ਤੇ ਪ੍ਰਕਾਸ਼ਨ ਹੋਇਆ ਕਰਦੇ ਸਨ। ਸਮੇਂ ਦੇ ਨਾਲ ਕਮਿਊਨਿਸਟਾਂ ਨੇ ਆਪਣੇ ਤੰਤਰ ਨੂੰ ਅਪਡੇਟ ਨਹੀਂ ਕੀਤਾ ਤੇ ਨਾ ਹੀ ਆਪਣੀ ਵਿਚਾਰਧਾਰਾ ਨੂੰ ਲੋਕ ਹਿੱਤੂ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਜਦੋਂ ਭਾਰਤ ਵਿਚ ਫਿਰਕੂਵਾਦ ਦਾ ਬੋਲਬਾਲਾ ਹੈ ਤੇ ਸੰਘ ਪਰਿਵਾਰ ਦੀ ਭਗਵੀਂ ਲਹਿਰ ਚਲ ਰਹੀ ਹੈ ਤਾਂ ਉਸ ਸਮੇਂ ਦੌਰਾਨ ਕਮਿਊਨਿਸਟਾਂ ਕੋਲ ਕੋਈ ਪ੍ਰੋਗਰਾਮ ਨਾ ਹੋਣਾ ਇਸ ਰਾਜਨੀਤਕ ਹਾਰ ਦੇ ਦੁਖਾਂਤ ਦਾ ਕਾਰਨ ਹੈ। ਫੈਡਰਲ ਢਾਂਚੇ ਬਾਰੇ ਤੇ ਰਾਸ਼ਟਰਵਾਦੀ ਸੋਚ ਬਾਰੇ ਕਮਿਊਨਿਸਟ ਹਾਲੇ ਤੱਕ ਕੋਈ ਨੀਤੀ ਨਹੀਂ ਘੜ ਸਕੇ। ਉਨ੍ਹਾਂ ਦਾ ਨਿਸ਼ਾਨਾ ਹਮੇਸ਼ਾ ਘੱਟ ਗਿਣਤੀ ਰਹੇ ਹਨ। ਖਾਸ ਕਰਕੇ ਪੰਜਾਬ ਵਿਚ ਸਿੱਖਾਂ ਨੂੰ ਉਨ੍ਹਾਂ ਪ੍ਰਤੀ ਰੋਸਾ ਰਿਹਾ ਹੈ ਕਿ ਉਹ ਸਿੱਖ ਧਰਮ ਵਿਰੋਧੀ ਪੈਂਤੜੇ ਨੂੰ ਲੈ ਕੇ ਚੱਲਦੇ ਹਨ। ਜਦ ਕਿ ਸਿੱਖ ਧਰਮ ਇਨਕਲਾਬੀ ਧਰਮ ਕਹਾਉਂਦਾ , ਜਿਸ ਦੇ ਪਾਵਨ ਗੁਰੂ ਗ੍ਰੰਥ ਸਾਹਿਬ ਸਮੁੱਚੇ ਮਹਾਂਪੁਰਖਾਂ ਦੀ ਬਾਣੀ ਹੈ, ਜਿਨ੍ਹਾਂ ਨੇ ਸਮਾਜ ਨੂੰ ਸਾਂਝੀਵਾਲਤਾ ਦੀਆਂ ਲੀਹਾਂ 'ਤੇ ਜਾਗ੍ਰਿਤ ਕੀਤਾ ਤੇ ਕਰਮਕਾਂਡਾਂ ਵਿਰੁੱਧ ਲਹਿਰ ਚਲਾਈ। ਪਰ ਖੱਬੇ ਪੱਖੀਆਂ ਨੇ ਧਰਮ ਨੂੰ ਇਕੋ ਰੱਸੇ ਬੰਨ੍ਹੀ ਰੱਖਿਆ ਤੇ ਉਸ ਦੇ ਇਨਕਲਾਬੀ ਪੱਖ ਨੂੰ ਨਹੀਂ ਵਿਚਾਰਿਆ।

ਭਾਰਤੀ ਸਮਾਜ ਵਿਚ ਧਰਮ ਵਿਸ਼ੇਸ਼ ਅਹਿਮੀਅਤ ਰੱਖਦਾ ਹੈ ਤੇ ਕੋਈ ਵੀ ਰਾਜਨੀਤਕ ਪਾਰਟੀ ਧਰਮ ਨੂੰ ਮਨਫ਼ੀ ਨਹੀਂ ਕਰਦੀ। ਇੱਥੇ ਲੋਕਾਂ ਦੇ ਜੀਵਨ ਵਿਚ ਧਰਮ ਦਾ ਮਹੱਤਵ ਰੋਟੀ ਦੇ ਬਰਾਬਰ ਹੈ। ਉੱਥੇ ਦੂਜੇ ਪਾਸੇ ਜਾਤ ਭਾਰਤੀ ਸਮਾਜ ਦੀ ਇੱਕ ਹੋਰ ਸੱਚਾਈ ਹੈ। ਧਰਮ ਤੇ ਜਾਤ 'ਤੇ ਗੱਲ ਕੀਤੇ ਬਿਨਾਂ ਭਾਰਤ ਵਿਚ ਸਿਆਸਤ ਦੀ ਗੱਲ ਕਰਨਾ ਹਵਾਵਾਂ 'ਤੇ ਪੈਦਲ ਚੱਲਣ ਜਿਹਾ ਹੈ। ਕਮਿਊਨਿਸਟਾਂ ਨੇ ਕਿਰਤੀਆਂ ਦੇ ਵਰਗ ਸੰਘਰਸ਼ ਦੀ ਗੱਲ ਜ਼ਰੂਰ ਕੀਤੀ ਹੈ, ਪਰ ਜਾਤੀਵਾਦ ਨੂੰ ਮਿਟਾਉਣ ਲਈ ਬਾਬਾ ਸਾਹਿਬ ਅੰਬੇਡਕਰ ਵਾਂਗ ਕੋਈ ਪੈਂਤੜਾ ਨਹੀਂ ਉਲੀਕਿਆ। ਇਸੇ ਕਰਕੇ ਮੂਲ ਨਿਵਾਸੀਆਂ ਵਿਚ ਕਮਿਊਨਿਸਟ ਦੀ ਥਾਂ ਨਹੀਂ ਬਣ ਸਕੀ।

ਲਕੀਰ ਦੀ ਫਕੀਰੀ ਦੀ ਤਰ੍ਹਾਂ ਭਾਰਤ ਦੇ ਕਮਿਊਨਿਸਟਾਂ ਨੇ ਮਾਰਕਸ ਦੇ ਉਸ ਕਥਨ ਦੀ ਆਗਿਆ ਦਾ ਪਾਲਣ ਕਰਦੇ ਹੋਏ ਧਰਮ ਨੂੰ 'ਅਫ਼ੀਮ ਦਾ ਨਸ਼ਾ' ਮੰਨ ਲਿਆ। ਇਸੇ ਕਰਕੇ ਬਹੁਗਿਣਤੀ ਜਨਤਾ ਉਨ੍ਹਾਂ ਨਾਲ ਜੁੜ ਨਹੀਂ ਸਕੀ। ਭਾਰਤ ਦੇ ਕਮਿਊਨਿਸਟਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਸੀ ਕਿ ਜਦ ਕਿ ਸੋਵੀਅਤ ਸੰਘ ਵਿਚ ਕਦੇ ਕਮਿਊਨਿਸਟ ਗੌਰਮਿੰਟ ਤੇ ਚਰਚ ਵਿਚਾਲੇ ਕੋਈ ਟਕਰਾਅ ਦੇਖਣ ਨੂੰ ਨਹੀਂ ਮਿਲਿਆ ਪਰ ਭਾਰਤ ਦੇ ਖੱਬੇ ਪੱਖੀਆਂ ਬਾਰੇ ਸਮਝ ਨਹੀਂ ਆਉਂਦੀ ਕਿ ਉਹ ਭਾਰਤ ਵਿਚ ਧਰਮ ਵਿਰੋਧੀ ਬਣ ਕੇ ਕਿਉਂ ਵਿਚਰੇ ?

ਖੱਬੇ ਪੱਖੀਆਂ ਦੀ ਆਪਸੀ ਫੁੱਟ ਵੀ ਉਸ ਦੀ ਰਾਜਨੀਤਕ ਕਮਜ਼ੋਰੀ ਦਾ ਕਾਰਣ ਹੈ। ਇੱਥੇ ਜ਼ਿਕਰਯੋਗ ਹੈ ਕਿ ਭਾਰਤੀ ਕਮਿਊਨਿਸਟ ਪਾਰਟੀ (ਸੀ. ਪੀ. ਆਈ.) ਦੀ ਸਥਾਪਨਾ 1925 ਵਿਚ ਹੋਈ। ਇਸ, ਤੋਂ ਬਾਅਦ 1964 ਵਿਚ ਵਿਚਾਰਧਾਰਕ ਮੱਤਭੇਦ ਕਾਰਨ ਪਹਿਲੀ ਵਾਰ ਕਮਿਊਨਿਸਟ ਪਾਰਟੀ ਵਿਚ ਵੰਡ ਹੋਈ ਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀ.ਪੀ.ਐੱਮ.) ਦਾ ਜਨਮ ਹੋਇਆ। ਇਸ ਤੋਂ ਬਾਅਦ ਨਕਸਲਵਾਦੀ ਸਮਰਥਕ ਨੇਤਾਵਾਂ ਨੇ 'ਆਲ ਇੰਡੀਆ ਕੋਆਰਡੀਨੇਸ਼ਨ ਕਮੇਟੀ ਆਫ ਕਮਿਊਨਿਸਟ ਰੈਵੋਲੂਸ਼ਨਰੀ' (ਏ.ਆਈ. ਸੀ. ਸੀ. ਆਰ.) ਦੀ ਸਿਰਜਣਾ ਕੀਤੀ ਤੇ ਇਹ ਸੀਪੀਐੱਮ ਤੋਂ ਅਲੱਗ ਹੋ ਗਏ। ਫਿਰ ਬਾਅਦ ਵਿਚ ਆਂਧਰਾ ਪ੍ਰਦੇਸ਼ ਵਿਚ ਵੀ ਤੇਲੰਗਾਨਾ ਹਥਿਆਰਬੰਦ ਵਿਦਰੋਹ ਸਮੱਰਥਕ ਨੇਤਾਵਾਂ ਦਾ ਅਲੱਗ ਧੜਾ ਬਣਿਆ। ਫਿਰ ਸੀ. ਪੀ. ਆਈ. (ਐੱਮ. ਐੱਲ.) ਬਣਿਆ। ਇਸ ਤਰ੍ਹਾਂ ਸਮੇਂ-ਸਮੇਂ 'ਤੇ ਬਣੀਆਂ ਕਈ ਕਮਿਊਨਿਸਟ ਪਾਰਟੀਆਂ ਅੱਜ ਹੋਂਦ ਵਿਚ ਹਨ। ਇਹੀ ਫੁੱਟ ਭਾਰਤ ਵਿਚ ਕਮਿਊਨਿਸਟ ਅੰਦੋਲਨ ਦੀ ਕਮਜ਼ੋਰੀ ਵੀ ਹੈ। ਕਈ ਮੌਕੇ ਅਜਿਹੇ ਆਏ ਜਦੋਂ ਇਕ ਕਮਿਊਨਿਸਟ ਪਾਰਟੀ ਦੂਜੀ ਕਮਿਊਨਿਸਟ ਪਾਰਟੀ ਦੇ ਵਿਰੋਧ ਵਿਚ ਖੜ੍ਹੀ ਦਿਸੀ।

ਮੌਜੂਦਾ ਦੌਰ ਵਿਚ ਜਦੋਂ ਹਵਾਵਾਂ ਕਮਿਊਨਿਸਟ ਅੰਦੋਲਨ ਦੇ ਉਲਟ ਵਗ ਰਹੀਆਂ ਹਨ, ਫਿਰਕਾਪ੍ਰਸਤੀ ਦਾ ਜ਼ਹਿਰ ਸਮਾਜ ਵਿਚ ਘੁਲਦਾ ਜਾ ਰਿਹਾ ਹੈ, ਕਾਰਪੋਰੇਟ ਘਰਾਣਿਆਂ ਦੇ ਹੱਕ ਵਿਚ ਨੀਤੀਆਂ ਬਣਾਈਆਂ ਜਾ ਰਹੀਆਂ ਹਨ, ਰਿਟੇਲ ਤੋਂ ਲੈ ਕੇ ਕੋਇਲਾ ਖਾਨ ਤੱਕ ਸਭ ਨਿੱਜੀ ਹੱਥਾਂ ਦੇ ਹਵਾਲੇ ਹੋ ਚੁੱਕਾ ਹੈ, ਨੌਕਰੀਆਂ ਧੜੱਲੇ ਨਾਲ ਖੋਹੀਆਂ ਜਾ ਰਹੀਆਂ ਹਨ, ਮਹਿੰਗਾਈ, ਬੇਰੁਜ਼ਗਾਰੀ ਤੇ ਗ਼ੈਰ-ਬਰਾਬਰੀ ਭਿਆਨਕ ਰੂਪ ਧਾਰ ਚੁੱਕੀ ਹੈ, ਅਜਿਹੇ ਸਮੇਂ ਵਿਚ ਭਾਰਤ ਵਿਚ ਲੈਨਿਨ, ਮਾਰਕਸ ਤੇ ਮਾਓ ਨੂੰ ਮੰਨਣ ਵਾਲੀ ਕਮਿਊਨਿਸਟ ਪਾਰਟੀਆਂ ਲੋਕਾਂ ਨੂੰ ਇਸ ਬਾਰੇ ਸਹੀ ਪ੍ਰੋਗਰਾਮ ਨਹੀਂ ਦੇ ਸਕੀਆਂ ਤੇ ਨਾ ਹੀ ਲੋਕਾਂ ਨੂੰ ਲਾਮਬੰਧ ਕਰ ਸਕਦੀਆਂ ਹਨ।

ਅਜਿਹਾ ਨਜ਼ਰ ਆਉਂਦਾ , ਜਿਵੇਂ ਭਾਰਤ ਦੇ ਕਮਿਊਨਿਸਟ ਸੰਘ ਦੀ ਭਗਵੀਂ ਲਹਿਰ ਅੱਗੇ ਗੋਡੇ ਟੇਕਦੇ ਨਜ਼ਰ ਆ ਰਹੇ ਹਨ ਤੇ ਉਨ੍ਹਾਂ ਦਾ ਮਨੋਬਲ ਸਾਫ਼ ਡਿੱਗਦਾ ਦਿਖਾਈ ਦੇ ਰਿਹਾ ਹੈ। ਭਗਵੀਂ ਧਿਰਾਂ ਲਗਾਤਾਰ ਕਮਿਊਨਿਸਟਾਂ ਦੇ ਬਾਰੇ ਤਿੱਖਾ ਪ੍ਰਚਾਰ ਕਰ ਰਹੀਆਂ ਹਨ ਕਿ ਇਹ ਭਾਰਤ ਵਿਰੋਧੀ ਹਨ, ਹਿੰਦੂ ਵਿਰੋਧੀ ਹਨ, ਨਾਸਤਿਕ ਅਤੇ ਧਰਮ ਵਿਰੋਧੀ ਹਨ, ਵਿਦੇਸ਼ੀ ਵਿਚਾਰਧਾਰਾ ਵਾਲੇ ਹਨ ਤੇ ਇੱਥੇ ਤੱਕ ਕਿ ਵਿਕਾਸ ਤੇ ਰਾਸ਼ਟਰਵਾਦ ਦੇ ਵਿਰੋਧੀ ਵੀ ਹਨ।

ਭਾਰਤ ਵਿਚ ਕਮਿਊਨਿਸਟ ਪਾਰਟੀ ਦਾ ਇਤਿਹਾਸ ਸੰਘਰਸ਼ਾਂ ਤੇ ਅੰਦੋਲਨ ਦਾ ਇਤਿਹਾਸ ਰਿਹਾ ਹੈ। ਅੰਗਰੇਜ਼ਾਂ ਨਾਲ ਲੋਹਾ ਲੈਣ ਦੇ ਨਾਲ-ਨਾਲ ਭਾਰਤੀ ਕਮਿਊਨਿਸਟਾਂ ਨੇ ਦੇਸੀ ਪੂੰਜੀਪਤੀਆਂ, ਭੂ-ਮਾਫੀਆਵਾਂ, ਜ਼ਿਮੀਂਦਾਰਾਂ ਤੇ ਸਰਕਾਰਾਂ ਦੀ ਲੋਕ ਵਿਰੋਧੀ ਨੀਤੀਆਂ ਦੇ ਖ਼ਿਲਾਫ਼ ਲੰਬੀ ਲੜਾਈ ਲੜੀ ਹੈ। ਕਮਿਊਨਿਸਟ ਕ੍ਰਾਂਤੀਕਾਰੀਆਂ ਨੇ ਵੱਡੀ ਗਿਣਤੀ ਵਿਚ ਅਜ਼ਾਦੀ ਤੋਂ ਪਹਿਲਾਂ ਤੇ ਬਾਅਦ ਵਿਚ ਸ਼ਹਾਦਤਾਂ ਦਿੱਤੀਆਂ ਹਨ। ਕਮਿਊਨਿਸਟਾਂ ਨੇ ਇਸ ਦੇਸ ਨੂੰ ਬਿਹਤਰੀਨ ਸਾਂਸਦ, ਐੱਮ. ਐੱਲ. ਏ. ਤੇ ਆਗੂ ਦਿੱਤੇ ਹਨ। ਬਹੁਤੇ ਕਮਿਊਨਿਸਟ ਆਗੂ ਇਮਾਨਦਾਰ ਰਹੇ ਹਨ। ਇਸ ਤੋਂ ਇਲਾਵਾ ਬਹੁਤ ਕੁਝ ਹੈ, ਜੋ ਕਮਿਊਨਿਸਟ ਆਪਣੇ ਖ਼ਿਲਾਫ਼ ਹੋ ਰਹੇ ਬੁਰੇ ਪ੍ਰਚਾਰ ਦੇ ਕਾਊਂਟਰ ਵਿਚ ਕਹਿ ਸਕਦੇ ਹਨ, ਪਰ ਅਜਿਹਾ ਲੱਗਦਾ ਹੈ ਕਿ ਜਿਵੇਂ ਭਾਰਤ ਦੇ ਕਮਿਊਨਿਸਟਾਂ ਨੇ ਹਥਿਆਰ ਸੁੱਟ ਦਿੱਤੇ ਹਨ। ਇਨ੍ਹਾਂ ਦੀ ਹਾਲਤ ਇੱਥੇ ਤੱਕ ਖ਼ਰਾਬ ਹੋ ਚੁੱਕੀ ਹੈ ਕਿ ਮਹੱਤਵਪੂਰਨ ਰਾਸ਼ਟਰੀ ਮੁੱਦਿਆਂ 'ਤੇ ਕਮਿਊਨਿਸਟ ਪਾਰਟੀਆਂ ਦੇ ਬਿਆਨ ਤੱਕ ਜਾਰੀ ਨਹੀਂ ਹੁੰਦੇ ਹਨ।

ਨਤੀਜਾ ਇਹ ਹੋਇਆ ਕਿ ਬਿਹਤਰੀਨ ਮੰਨਿਆ ਜਾਣ ਵਾਲਾ ਕਮਿਊਨਿਸਟਾਂ ਦਾਂਗਠਨ ਹੌਲੀ-ਹੌਲੀ ਢਹਿ ਢੇਰੀ ਹੋਣ ਲੱਗਾ ਅਤੇ ਅਵਾਮ ਦੂਰ ਹੋਣ ਲੱਗਾ। ਸੂਚਨਾ ਕ੍ਰਾਂਤੀ ਦੇ ਇਸ ਦੌਰ ਵਿਚ ਸੋਸ਼ਲ ਮੀਡੀਆ 'ਤੇ ਕਮਿਊਨਿਸਟ ਨੇਤਾਵਾਂ ਦੀ ਮੌਜੂਦਗੀ ਤੇ ਫੈਨ ਫਾਲੋਵਿੰਗ ਬਹੁਤ ਘੱਟ ਹੈ। ਇਸ ਪਾਸੇ ਵਲ ਕਮਿਊਨਿਸਟਾਂ ਨੇ ਧਿਆਨ ਨਹੀਂ ਦਿੱਤਾ। ਦੂਜੀਆਂ ਪਾਰਟੀਆਂ ਦੇ ਨੇਤਾ ਜਿੱਥੇ ਜਨਤਾ ਤੋਂ ਸੰਵਾਦ ਕਾਇਮ ਕਰਨ ਲਈ ਸੂਚਨਾ ਮਾਧਿਅਮਾਂ ਦਾ ਹਮਲਾਵਰ ਵਜੋਂ ਇਸਤੇਮਾਲ ਕਰ ਰਹੇ ਹਨ, ਉਨ੍ਹਾਂ ਦੇ ਮੁਕਾਬਲੇ ਕਮਿਊਨਿਸਟ ਨੇਤਾ ਇਸ ਦੌੜ ਵਿਚ ਬਹੁਤ ਪਿੱਛੇ ਹਨ।

ਭਾਰਤ ਦੀ ਕਮਿਊਨਿਸਟ ਪਾਰਟੀਆਂ ਵਿਚ ਅਗਵਾਈ ਦਾ ਸੰਕਟ ਪੈਦਾ ਹੋ ਚੁੱਕਾ ਹੈ। ਇਕ ਜ਼ਮਾਨੇ ਵਿਚ ਨੌਜਵਾਨਾਂ ਨੂੰ ਆਪਣੇ ਵੱਲ ਖਿੱਚਣ ਵਾਲੀ ਵਿਚਾਰਧਾਰਾ ਦੀ ਪਾਰਟੀ ਮੰਨੀ ਜਾਣ ਵਾਲੀ ਕਮਿਊਨਿਸਟ ਪਾਰਟੀ ਵਿਚ ਅੱਜ ਨੌਜਵਾਨ ਦੇਖਣ ਨੂੰ ਨਹੀਂ ਮਿਲਦੇ ਹਨ। ਜੇਕਰ ਕੁਝ ਨੌਜਵਾਨ ਪਾਰਟੀ ਦੇ ਨਾਲ ਜੁੜੇ ਵੀ ਹਨ, ਤਾਂ ਉਹ ਵੀ ਸਮਾਜ ਦੀ ਅਗਵਾਈ ਕਰਨ ਦੇ ਸਮਰੱਥ ਨਹੀਂ ਹਨ। ਪਾਰਟੀ ਦੇ ਪੋਲਿਤ ਬਿਊਰੋ ਜਾਂ ਨੈਸ਼ਨਲ ਕੌਂਸਲ ਵਿਚ ਲੱਗਭਗ ਸਾਰੇ ਸਫ਼ੇਦ ਵਾਲ਼ ਵਾਲੇ ਕਾਮਰੇਡ ਹੀ ਬਚੇ ਹਨ ਅਤੇ ਉਨ੍ਹਾਂ ਵਿਚ ਦੱਬੇ ਕੁਚਲੇ ਲੋਕਾਂ ਦੀ ਥਾਂ ਉੱਚ ਜਾਤਾਂ ਦਾ ਬੋਲਬਾਲਾ ਹੈ। ਜਿਨ੍ਹਾਂ ਦੱਬੇ-ਕੁਚਲੇ, ਖੇਤ ਮਜ਼ਦੂਰ ਤੇ ਕਿਰਤੀਆਂ ਦੇ ਹੱਕ ਵਿਚ ਰਾਜਨੀਤੀ ਕਰਨ ਦਾ ਦਾਅਵਾ ਕਮਿਊਨਿਸਟ ਪਾਰਟੀਆਂ ਕਰਦੀਆਂ ਹਨ। ਜਥੇਬੰਦੀ ਉਨ੍ਹਾਂ ਨੂੰ ਪਾਰਟੀ ਵਿਚ ਅਗਵਾਈ ਕਰਨ ਦਾ ਮੌਕਾ ਨਹੀਂ ਦਿੱਤਾ ਜਾਂਦਾ।

ਕਹਿਣ ਤੋਂ ਭਾਵ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਉੱਚ ਜਾਤਾਂ ਦੇ ਅਮੀਰ ਨੇਤਾਵਾਂ ਦੇ ਹੱਥ ਵਿਚ ਹੈ। ਕਮਿਊਨਿਸਟ ਪਾਰਟੀਆਂ ਵਿਚ ਕੇਡਰ ਲੋਕ ਸੰਗਠਨਾਂ (ਮਾਸ-ਆਰਗੇਨਾਈਜੇਸ਼ਨਸ) ਤੋਂ ਆਇਆ ਕਰਦੇ ਸਨ, ਇਹ ਲੋਕ ਸੰਗਠਨ ਵਿਦਿਆਰਥੀਆਂ, ਨੌਜਵਾਨਾਂ, ਔਰਤਾਂ, ਲੇਖਕਾਂ, ਰੰਗਕਰਮੀਆਂ, ਕਿਸਾਨਾਂ ਤੇ ਹੋਰ ਸਮੂਹਾਂ ਲਈ ਬਣਾਏ ਜਾਂਦੇ ਸਨ। ਪਾਰਟੀ ਦਾ ਆਪਣਾ ਸੱਭਿਆਚਾਰਕ ਜਥੇਬੰਦੀ ਹੁੰਦੀ ਸੀ, ਜੋ ਹੁਣ ਵੀ ਕਿਤੇ-ਕਿਤੇ ਹੈ। ਅਜਿਹੇ ਲੋਕ ਸੰਗਠਨ ਸ਼ਾਖਾ ਪੱਧਰ 'ਤੇ ਹੀ ਬਣਾਏ ਜਾਂਦੇ ਸਨ, ਜਿਨ੍ਹਾਂ ਦੇ ਸੰਘਰਸ਼ ਦੀ ਆਪਣੀ ਰਣਨੀਤੀ ਹੁੰਦੀ ਸੀ। ਵੱਖ-ਵੱਖ ਮੁੱਦਿਆਂ ਤੇ ਮੰਗਾਂ ਨੂੰ ਲੈ ਕੇ ਲੋਕ ਸੰਗਠਨ ਸੰਘਰਸ਼ ਕਰਿਆ ਕਰਦੇ ਸਨ। ਲੋਕ ਸੰਗਠਨ ਵਿਚ ਹੀ ਰਹਿ ਕੇ ਵਿਅਕਤੀ ਵਿਚਾਰਧਾਰਕ ਤੌਰ 'ਤੇ ਮਜ਼ਬੂਤ ਹੁੰਦਾ ਸੀ। ਅੰਦਰੂਨੀ ਮੀਟਿੰਗਾਂ ਤੋਂ ਨਿਕਲ ਕੇ ਸੜਕ 'ਤੇ ਉਤਰ ਕੇ ਸਭਾਵਾਂ, ਧਰਨਿਆਂ, ਰੋਸ ਮੁਜ਼ਾਹਰਿਆਂ ਵਿਚ ਹਿੱਸਾ ਲੈਣਾ ਤੇ ਅਗਵਾਈ ਦੀ ਸਮਰੱਥਾ ਦਾ ਵਿਕਾਸ ਕਰਨਾ, ਇਹ ਸਾਰੇ ਲੋਕ ਸੰਗਠਨ ਵਿਚ ਰਹਿ ਕੇ ਸੰਭਵ ਹੁੰਦਾ ਸੀ।

ਕਿਸੇ ਸਾਧਾਰਨ ਮੈਂਬਰ ਨੂੰ ਕਮਿਊਨਿਸਟ ਪਾਰਟੀ ਦਾ ਸਰਗਰਮ ਕਾਰਕੁੰਨ ਬਣਨ ਲਈ ਅਸਲੀ ਸਿਖਲਾਈ ਲੋਕ ਸੰਗਠਨ ਵਿਚ ਹੀ ਮਿਲਦਾ ਸੀ ਤੇ ਸਾਧਾਰਨ ਤੋਂ ਸਾਧਾਰਨ ਵਿਅਕਤੀ ਪੱਕਾ ਕਾਮਰੇਡ ਬਣ ਜਾਇਆ ਕਰਦਾ ਸੀ। ਸਮੇਂ ਦੇ ਨਾਲ-ਨਾਲ ਭਾਰਤ ਦੀ ਲੱਗਭੱਗ ਸਾਰੀਆਂ ਕਮਿਊਨਿਸਟ ਪਾਰਟੀਆਂ ਦੇ ਲੋਕ ਸੰਗਠਨ ਕਮਜ਼ੋਰ ਹੋ ਗਏ ਤੇ ਪਾਰਟੀ ਦੀ ਅਗਵਾਈ ਨੇ ਇਸ ਨੂੰ ਅੱਖੋਂ ਪਰੋਖੇ ਕਰ ਦਿੱਤਾ। ਨਤੀਜਾ ਇਹ ਹੋਇਆ ਕਿ ਗਰਮ ਖ਼ੂਨ ਵਾਲੇ ਜੋਸ਼ੀਲੇ ਨੌਜਵਾਨ ਜੋ ਪਹਿਲੇ ਲੋਕ ਸੰਗਠਨ ਦੇ ਰਸਤੇ ਪਾਰਟੀ ਵਿਚ ਆਇਆ ਕਰਦੇ ਸਨ, ਉਹ ਰਸਤਾ ਬੰਦ ਹੋ ਗਿਆ। ਹੌਲੀ-ਹੌਲੀ ਹਾਲਤ ਇਹ ਹੋ ਗਈ ਕਿ ਪਾਰਟੀ ਸੰਗਠਨ ਵਿਚ ਕੰਮ ਕਰਨ ਵਾਲੇ ਨਵੇਂ ਲੋਕਾਂ ਦੀ ਭਾਰੀ ਘਾਟ ਹੋ ਗਈ। ਖੱਬੇਪੱਖੀ ਜੋ ਕਾਡਰ ਬੇਸ ਪਾਰਟੀ ਅਖਵਾਉਂਦੀ ੀ, ਲੋਕ ਸੰਗਠਨਾਂ ਦੇ ਕਮਜ਼ੋਰ ਹੋਣ ਨਾਲ ਉਸੇ ਪਾਰਟੀ ਵਿਚ ਕਾਡਰ ਦਾ ਭੋਗ ਪੈ ਗਿਆ।

ਟਰੇਡ ਯੂਨੀਅਨ ਨੂੰ ਪਾਰਟੀ ਦੀ ਰੀੜ੍ਹ ਦੀ ਹੱਡੀ ਕਹਿੰਦੇ ਹਨ। ਕਿਸੇ ਪਾਰਟੀ ਵਿਚ ਜੁੜੇ ਟਰੇਡ ਯੂਨੀਅਨ ਦੇ ਸੰਘਰਸ਼ ਦਾ ਮਾਰਗ ਪਾਰਟੀ ਦੀ ਸਿਆਸੀ ਵਿਚਾਰਧਾਰਾ 'ਤੇ ਆਧਾਰਿਤ ਹੁੰਦੀ ਹੈ। ਟਰੇਡ ਯੂਨੀਅਨ ਦੇ ਮੈਂਬਰ ਪਾਰਟੀ ਦੀ ਮੈਂਬਰਸ਼ਿਪ ਵੀ ਪ੍ਰਾਪਤ ਕਰਦੇ ਹਨ। ਪਰ ਪਾਰਟੀ ਤੇ ਟਰੇਡ ਯੂਨੀਅਨ ਵਿਚ ਜਿਹੜਾ ਤਾਲਮੇਲ ਹੋਣਾ ਚਾਹੀਦਾ ਹੈ, ਸਮੇਂ ਦੇ ਨਾਲ ਉਸ ਵਿਚ ਭਾਰੀ ਕਮੀ ਦੇਖਣ ਨੂੰ ਮਿਲੀ ਹੈ। ਟਰੇਡ ਯੂਨੀਅਨ ਦਾ ਸੰਬੰਧ ਪਾਰਟੀ ਨਾਲ ਨਾ-ਮਾਤਰ ਦਾ ਰਹਿ ਗਿਆ ਹੈ, ਸਗੋਂ ਉਹ ਲੱਗਭਗ ਸੁਤੰਤਰ ਇਕਾਈਆਂ ਦੀ ਤਰ੍ਹਾਂ ਕੰਮ ਕਰਨ ਲੱਗੇ ਹਨ। ਨਤੀਜਾ ਇਹ ਹੋਇਆ ਕਿ ਜਿਸ ਇਲਾਕੇ ਵਿਚ ਟਰੇਡ ਯੂਨੀਅਨ ਦੇ ਮੈਂਬਰਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ, ਉੱਥੇ ਪਾਰਟੀ ਦੇ ਪ੍ਰੋਗਰਾਮ ਵਿਚ ਥੋੜ੍ਹੇ ਜਿਹੇ ਲੋਕ ਹੀ ਪੁੱਜਦੇ ਹਨ।

ਕਮਿਊਨਿਸਟ ਜਮਾਤਾਂ ਨੂੰ ਸਮਝਣਾ ਜ਼ਰੂਰੀ ਹੈ ਕਿ ਭਾਰਤ ਦੀ ਏਕਤਾ-ਅਖੰਡਤਾ ਨੂੰ ਅੱਜ ਖਤਰਾ ਬਾਹਰੋਂ ਨਹੀਂ ਹੈ, ਸਗੋਂ ਇਸ ਗੱਲ ਦੀ ਯਥਾਰਥ ਸੰਭਾਵਨਾ ਹੈ ਕਿ ਭਾਜਪਾ ਦੀ ਕੇਂਦਰੀਕਰਨ ਦੀ ਮੌਜੂਦਾ ਭਗਵਾਂ ਮੁਹਿੰਮ, ਹਿੰਦੂ ਰਾਸ਼ਟਰਵਾਦ ਦਾ ਸੰਕਲਪ ਅਤੇ ਘੱਟ ਗਿਣਤੀ ਕੌਮਾਂ ਤੇ ਦੱਬੇ ਕੁਚਲੇ ਭਾਈਚਾਰੇ ਦੇ ਜਜ਼ਬਿਆਂ, ਹਿੱਤਾਂ ਅਤੇ ਰੀਝਾਂ ਦਾ ਘਾਣ ਤੇ ਜ਼ਾਬਰ ਪਹੁੰਚ ਬਹੁਜਨ ਸਮਾਜ ਦੇ ਲੋਕਾਂ ਨੂੰ ਉਪਰਾਮ ਕਰਕੇ ਸਾਂਝੇ ਭਾਰਤ ਲਈ ਇੱਛਾ ਨੂੰ ਤੱਕੜਾ ਨੁਕਸਾਨ ਪਹੁੰਚਾਏਗਾ।

ਜੇਕਰ ਕਮਿਊਨਿਸਟ ਜਮਾਤ ਨੇ ਭਾਰਤ ਵਿਚ ਆਪਣੀ ਹੋਂਦ ਬਰਕਰਾਰ ਰੱਖਣੀ ਹੈ ਤਾਂ ਉਸ ਨੂੰ ਭਾਰਤ ਦੀ ਆਰਥਿਕ, ਸਮਾਜੀ ਤੇ ਸੱਭਿਆਚਾਰਕ ਬੰਦ ਖਲਾਸੀ ਲਈ ਲੁੱਟ, ਅਨਿਆਂ ਤੇ ਜਫ਼ਰ ਤੇ ਉਹਨਾਂ ਸਭਨਾਂ ਤਰਕ ਵਿਹੂਣੇ ਸੰਦਾਂ ਤੇ ਸੰਸਥਾਵਾਂ ਦਾ ਭੋਗ ਪਾਉਣਾ ਅਤੇ ਸਮੁੱਚੇ ਸਮਾਜਿਕ ਸਿਆਸੀ ਢਾਂਚੇ ਦਾ ਇਨਕਲਾਬੀ ਕੀਤਾ ਜਾਣਾ ਜ਼ਰੂਰੀ ਹੈ।

# ਸ਼੍ਰੋਮਣੀ ਕਮੇਟੀ ਨੂੰ ਸਮੇਂ ਦਾ ਹਾਣੀ ਬਣਾਉਣ ਦੀ ਲੋੜ

**ਡਾ. ਸਤਵਿੰਦਰ ਸਿੰਘ ਢਿੱਲੋਂ**
(ਸੰਪਰਕ-98727-78123)

ਪੰਦਰਾਂ ਨਵੰਬਰ 1920 ਨੂੰ ਹੋਂਦ ਵਿਚ ਆਈ ਸਿੱਖ ਪਾਰਲੀਮੈਂਟ ਦੇ ਤੌਰ ਤੇ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਪ੍ਰਮੁੱਖ ਧਾਰਮਿਕ ਸੰਸਥਾ ਹੈ, ਪਰ ਇਸ ਨੂੰ ਕਾਨੂੰਨੀ ਮਾਨਤਾ 1925 ਦੇ ਸਿੱਖ ਗੁਰਦੁਆਰਾ ਐਕਟ ਪਾਸ ਹੋਣ ਨਾਲ ਮਿਲੀ। ਪੰਜਾਬ ਵਿਚ 1920 ਤੋਂ ਲੈ ਕੇ 1925 ਈ. ਤੱਕ ਗੁਰਦੁਆਰਾ ਸੁਧਾਰ, ਲਹਿਰ ਵੀ ਸ਼੍ਰੋਮਣੀ ਦੀ ਦੇਖ-ਰੇਖ ਹੇਠ ਚੱਲੀ, ਜਿਸ ਸਦਕਾ ਗੁਰਦੁਆਰਿਆਂ ਤੋਂ ਮਹੰਤਾਂ ਦਾ ਕਬਜ਼ਾ ਖਤਮ ਕੀਤਾ ਗਿਆ ਅਤੇ ਇਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਅਧੀਨ ਲਿਆਂਦਾ ਗਿਆ। ਪਿਛਲੇ 86 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਚਲਾ ਰਹੀ ਹੈ। ਹੁਣ ਤੱਕ ਇਸ ਸੰਸਥਾ ਦੀਆਂ 13 ਵਾਰ ਚੋਣਾਂ ਹੋ ਚੁੱਕੀਆਂ ਹਨ। ਜਦੋਂ ਤੋਂ ਇਹ ਸੰਸਥਾ ਹੋਂਦ ਵਿੱਚ ਆਈ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਸਮੇਂ ਦੀ ਰਫ਼ਤਾਰ ਨਾਲ ਬਹੁਤ ਕੁਝ ਵਾਪਰਿਆ, ਬਹੁਤ ਕੁਝ ਤਬਦੀਲ ਹੋਇਆ, ਜਿਸ ਕਾਰਨ ਸਮੇਂ ਦੀ ਲੋੜ ਹੈ ਤਾਂ ਕਿ ਸਿੱਖਾਂ ਦੀ ਇਸ ਮਹਾਨ ਸੰਸਥਾ ਨੂੰ 21ਵੀਂ ਸਦੀ ਦੇ ਹਾਣੀ ਬਣਾਇਆ ਜਾ ਸਕੇ।

ਸ਼੍ਰੋਮਣੀ ਕਮੇਟੀ ਬਣਨ ਵੇਲੇ ਇਸ ਦਾ ਘੇਰਾ ਉਸ ਵੇਲੇ ਦੇ ਸਮੁੱਚੇ ਪੰਜਾਬ ਤੱਕ ਸੀ, ਜਿਸ ਵਿਚ ਪਾਕਿਸਤਾਨ ਦਾ ਪੰਜਾਬ ਵੀ ਸ਼ਾਮਲ ਸੀ, ਪਰ 1947 ਦੀ ਦੇਸ਼ ਵੰਡ ਨਾਲ 178 ਦੇ ਕਰੀਬ ਗੁਰਦੁਆਰੇ ਪਾਕਿਸਤਾਨ ਵਿੱਚ ਰਹਿ ਗਏ। ਆਜ਼ਾਦੀ ਤੋਂ ਬਾਅਦ ਪੰਜਾਬ ਦੀ ਦੂਜੀ ਵੰਡ 1966 ਵਿਚ ਹੋਣ 'ਤੇ ਪੰਜਾਬੀ ਸੂਬਾ ਬਣਨ ਨਾਲ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਹੋਂਦ ਵਿੱਚ ਆਏ। ਇਸ ਵੰਡ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਅੰਤਰਰਾਜੀ ਸੰਸਥਾ ਬਣਾ ਦਿੱਤਾ। ਪਹਿਲਾਂ ਇਸ ਸੰਸਥਾ ਦੀਆਂ ਚੋਣਾਂ ਆਦਿ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਸੀ, ਪਰ 1966 ਤੋਂ ਬਾਅਦ ਇਹ ਜ਼ਿੰਮੇਵਾਰੀ ਕੇਂਦਰ ਸਰਕਾਰ ਦੇ ਹੱਥਾਂ ਵਿੱਚ ਚਲੀ ਗਈ। ਸ਼ਾਇਦ ਇਹੀ ਇਕ ਕਾਰਨ ਹੈ ਕਿ ਕੇਂਦਰ ਸਰਕਾਰ ਨੇ 1966 ਤੋਂ ਬਾਅਦ ਕਦੀ ਵੀ ਸਮੇਂ ਸਿਰ ਚੋਣਾਂ ਕਰਾਉਣ ਦਾ ਉੱਦਮ ਨਹੀਂ ਕੀਤਾ। ਹਰੇਕ ਵਾਰ ਚੋਣਾਂ ਕਰਵਾਉਣ ਲਈ ਸਿੱਖਾਂ ਨੂੰ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪਿਆ ਜਾਂ ਫਿਰ ਸਮੇਂ ਦੇ ਪ੍ਰਧਾਨ ਮੰਤਰੀਆਂ ਨੂੰ ਮਿਲਣਾ ਪਿਆ ਅਤੇ ਬਿਆਨਬਾਜ਼ੀ ਕਰਨੀ ਪਈ। ਇਨ੍ਹਾਂ ਸਾਰੀਆਂ ਤਬਦੀਲੀਆਂ ਕਾਰਨ ਇਕੱਲੀ ਸ਼੍ਰੋਮਣੀ ਕਮੇਟੀ ਦੀ ਬਣਤਰ ਵਿਚ ਹੀ ਫਰਕ ਨਹੀਂ ਪਿਆ, ਬਲਕਿ ਪੰਜਾਬ ਦੀ ਸਿੱਖ ਆਬਾਦੀ ਵਿਚ ਵੀ ਢੇਰ ਸਾਰਾ ਪਰਿਵਰਤਨ ਆਇਆ ਹੈ।

ਜਦੋਂ ਸ਼੍ਰੋਮਣੀ ਕਮੇਟੀ ਬਣੀ ਸੀ, ਉਸ ਵਕਤ ਜ਼ਿਆਦਾਤਰ ਸਿੱਖ ਆਬਾਦੀ ਪੰਜਾਬ ਵਿਚ ਸੀ। ਪਰ ਹੁਣ ਹੋਰ ਵੀ ਕਈ ਸੂਬਿਆਂ ਅਤੇ ਦੇਸ਼ਾਂ ਵਿਚ ਵੀ ਸਿੱਖ ਵੱਡੀ ਗਿਣਤੀ ਵਿਚ ਵਸਦੇ ਹਨ। ਇਹੀ ਕਾਰਨ ਹੈ ਕਿ ਅਮਰੀਕਾ, ਕੈਨੇਡਾ ਜਾਂ ਇੰਗਲੈਂਡ ਵਰਗੇ ਮੁਲਕਾਂ ਵਿਚ ਅਨੇਕ ਗੁਰਦੁਆਰੇ ਹਨ। ਅਮਰੀਕਾ ਵਰਗੇ ਦੇਸ ਵਿੱਚ ਤਾਂ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਦੀ ਤਰਜ 'ਤੇ ਇਕ ਸਾਂਝੀ ਕਮੇਟੀ ਦਾ ਗਠਨ ਵੀ ਕੀਤਾ ਹੈ। ਅਕਸਰ ਹੀ ਸਾਨੂੰ ਇਨ੍ਹਾਂ ਸਿੱਖ ਗੁਰਦੁਆਰਿਆਂ ਦੀਆਂ ਚੋਣਾਂ ਬਾਰੇ, ਮਰਿਆਦਾ ਬਾਰੇ ਅਖ਼ਬਾਰਾਂ ਵਿੱਚ ਪੜ੍ਹਨ ਨੂੰ ਮਿਲਦਾ ਹੈ। ਇਸ ਤਰ੍ਹਾਂ ਭਾਰਤ ਵਿੱਚ ਵੀ ਪੰਜਾਬ ਤੋਂ ਬਾਹਰ ਖਾਸ ਕਰਕੇ ਦਿੱਲੀ, ਪਟਨਾ, ਨੰਦੇੜ ਸਾਹਿਬ ਅਤੇ ਜੰਮੂ-ਕਸ਼ਮੀਰ ਵਿੱਚ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ ਅਲੱਗ-ਅਲੱਗ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਬਣੀਆਂ ਹਨ।

ਮੌਜੂਦਾ ਸਮੇਂ ਵਿਚਾਰਨ ਵਾਲਾ ਇਕ ਨੁਕਤਾ ਇਹ ਹੈ ਕਿ ਅਲੱਗ ਕਮੇਟੀਆਂ ਕਾਰਨ ਵੰਡੀ ਗਈ ਸਿੱਖ ਸ਼ਕਤੀ ਨੂੰ ਇਕੱਠਿਆਂ ਕਿਵੇਂ ਕੀਤਾ ਜਾਵੇ ਜਾਂ ਸ਼੍ਰੋਮਣੀ ਕਮੇਟੀ ਨੂੰ ਹੀ ਸਹੀ ਰੂਪ ਵਿੱਚ ਸਿੱਖ ਪਾਰਲੀਮੈਂਟ ਬਣਾਇਆ ਜਾਵੇ। ਇਸ ਵਾਸਤੇ ਜਾਂ ਤਾਂ ਸੰਸਾਰ ਪੱਧਰ ਦੀ ਕੋਈ ਕੇਂਦਰੀ ਸਿੱਖ ਸੰਸਥਾ ਹੋਂਦ ਵਿੱਚ ਆਵੇ ਜਾਂ ਮੌਜੂਦਾ ਸ਼੍ਰੋਮਣੀ ਕਮੇਟੀ ਵਿੱਚ



ਤਬਦੀਲੀ ਲਿਆਂਦੀ ਜਾਵੇ। ਇਸ ਤਬਦੀਲੀ ਲਈ ਆਲ ਇੰਡੀਆ ਗੁਰਦੁਆਰਾ ਐਕਟ ਪਾਸ ਕਰਵਾਇਆ ਜਾਵੇ ਅਤੇ ਸਾਰੇ ਭਾਰਤ ਦੇ ਸਿੱਖਾਂ ਦੀ ਇਕ ਸਾਂਝੀ ਸ਼੍ਰੋਮਣੀ ਕਮੇਟੀ ਬਣਾਈ ਜਾਵੇ ਜੋ ਸਮੁੱਚੇ ਭਾਰਤ ਦੇ ਸਿੱਖ ਸਮਾਜ ਦੀ ਪ੍ਰਤੀਨਿਧਤਾ ਕਰੇ ਅਤੇ ਸਮੁੱਚੀ ਕੌਮ ਲਈ ਫੈਸਲੇ ਲਵੇ। ਬੇਸ਼ੱਕ ਹੇਠਲੇ ਪੱਧਰ ਵਿੱਚ ਵੱਖ-ਵੱਖ ਕਮੇਟੀਆਂ ਦਾ ਵਜੂਦ ਵੀ ਮੌਜੂਦਾ ਸਮੇਂ ਸ਼੍ਰੋਮਣੀ ਕਮੇਟੀ ਥੱਲੇ ਕੰਮ ਕਰ ਰਹੀਆਂ ਲੋਕਲ ਕਮੇਟੀਆਂ ਦੀ ਤਰ੍ਹਾਂ ਹੋਵੇ, ਪਰ ਉੱਪਰ ਸਾਰੀਆਂ ਕਮੇਟੀਆਂ ਦੀ ਇੱਕ ਸਾਂਝੀ ਕਮੇਟੀ ਹੋਵੇ। ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਸ਼੍ਰੋਮਣੀ ਅਕਾਲੀ ਦਲ ਦੀ ਪਿਛਲੇ ਕਾਫ਼ੀ ਸਮੇਂ ਤੋਂ ਪ੍ਰਮੁੱਖ ਮੰਗ ਰਹੀ ਹੈ, ਪਰ ਇਸ ਲਈ ਨਾ ਕੇਂਦਰ ਸਰਕਾਰ ਤੇ ਨਾ ਹੀ ਅਕਾਲੀ ਦਲ ਪੂਰੀ ਤਰ੍ਹਾਂ ਸੁਹਿਰਦ ਹੈ। ਦੂਜਾ ਸ਼੍ਰੋਮਣੀ ਕਮੇਟੀ ਵਿੱਚ ਜਿਹੜੇ 15 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ, ਉਨ੍ਹਾਂ ਦੀ ਗਿਣਤੀ ਵਧਾ ਕੇ ਇਸ ਵਿੱਚ ਬਾਹਰਲੇ ਸਿੱਖਾਂ ਨੂੰ, ਖ਼ਾਸ ਕਰਕੇ ਦੂਜੇ ਦੇਸ਼ਾਂ ਦੇ ਸਿੱਖਾਂ ਨੂੰ, ਪ੍ਰਤੀਨਿਧਤਾ ਦਿੱਤੀ ਜਾਵੇ। ਇਹ ਪ੍ਰਤੀਨਿਧਤਾ ਦੇਣ ਸੰਬੰਧੀ ਫੈਸਲਾ ਸਿੱਖ ਗੁਰਦੁਆਰਾ ਐਕਟ ਵਿੱਚ ਸੋਧ ਕਰਕੇ ਜਾਂ ਤਾਂ ਸ਼੍ਰੋਮਣੀ ਕਮੇਟੀ ਕਰਿਆ ਕਰੇ ਜਾਂ ਇਸ ਪ੍ਰਤੀਨਿੱਧਤਾ ਸੰਬੰਧੀ ਫੈਸਲਾ ਬਾਹਰੇ ਸਿੱਖਾਂ 'ਤੇ ਛੱਡ ਦਿੱਤਾ ਜਾਵੇ। ਉਹ ਆਪਣੇ ਨੁਮਾਇੰਦਿਆਂ ਬਾਰੇ ਆਪ ਫੈਸਲਾ ਕਰਨ।

ਦੂਜਾ ਅਹਿਮ ਮੁੱਦਾ ਇਸ ਵੇਲੇ ਸ਼੍ਰੋਮਣੀ ਕਮੇਟੀ ਦੀ ਚੋਣ ਵਿਧੀ ਦਾ ਹੈ, ਜਿਸ ਬਾਰੇ ਸਰਕਾਰ ਆਮ ਸਿੱਖਾਂ ਵਿਚ ਚਰਚਾ ਹੁੰਦੀ ਰਹਿੰਦੀ ਹੈ। ਸਿੱਖ ਗੁਰੂਆਂ ਦੀ ਸੋਚ ਦੇ ਉਲਟ ਅਸੀਂ ਸਿਲੈਕਸ਼ਨ ਦੀ ਬਜਾਏ ਇਲੈਕਸ਼ਨ ਨੂੰ ਕਿਉਂ ਅਪਣਾਇਆ ਹੈ? ਇਸ ਬਾਰੇ ਤਾਂ ਜਵਾਬ ਸਾਡੇ ਕੋਲ ਨਹੀਂ, ਪਰ ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਮੌਜੂਦਾ ਸਮੇਂ ਵਿਚ ਇਹ ਚੋਣ ਵਿਧੀ ਹੀ ਉਤਮ ਮੰਨੀ ਜਾਂਦੀ ਹੈ ਤਾਂ ਇਸ ਤੋਂ ਬਗੈਰ ਸਾਡਾ ਗੁਜ਼ਾਰਾ ਨਹੀਂ ਤਾਂ ਘੱਟੋ-ਘੱਟ ਮੌਜੂਦਾ ਚੋਣ ਵਿਚ ਵਿਧੀ ਵਿਚ ਤਾਂ ਅਸੀਂ ਤਬਦੀਲੀ ਕਰ ਹੀ ਸਕਦੇ ਹਾਂ। ਅੱਜ ਸਾਡੀ ਆਪਣੀ ਹੀ ਨੌਜਵਾਨ ਪੀੜ੍ਹੀ ਪਤਿਤਪੁਣੇ ਦੇ ਵਹਿਣ ਵਿੱਚ ਬੁਰੀ ਤਰ੍ਹਾਂ ਵਹਿ ਰਹੀ ਹੈ। ਅਸੀਂ ਫੈਲਣ ਦੀ ਬਜਾਏ ਸਿਮਟਦੇ ਜਾਂ ਸੁੰਘੜਦੇ ਜਾ ਰਹੇ ਹਾਂ। ਅੱਜ ਗੁਰਦੁਆਰਿਆਂ ਵਿਚ ਧਰਮ ਦੀ ਬਜਾਏ ਰਾਜਨੀਤੀ ਦਾ ਬੋਲਬਾਲਾ ਜ਼ਿਆਦਾ ਹੋ ਰਿਹਾ ਹੈ। ਬੇਸ਼ੱਕ ਧਰਮ ਤੇ ਰਾਜਨੀਤੀ ਸਾਡੇ ਲਈ ਇਕੱਠੀ ਹੈ, ਪਰ ਦੋਵਾਂ ਵਿਚੋਂ ਸਾਡੇ ਲਈ ਧਰਮ ਪਹਿਲਾਂ ਤੇ ਰਾਜਨੀਤੀ ਬਾਅਦ ਵਿਚ ਹੈ। ਜੇਕਰ ਅਜਿਹਾ ਨਹੀਂ ਹੋ ਰਿਹਾ ਤਾਂ ਇਸ ਲਈ ਸਾਡੀਆਂ ਗੁਰਦੁਆਰਾ ਚੋਣਾਂ ਜ਼ਿੰਮੇਵਾਰ ਹਨ, ਜੋ ਰਾਜਨੀਤੀ ਨੂੰ ਧਰਮ ਦੇ ਮੁਕਾਬਲੇ ਜ਼ਿਆਦਾ ਅੱਗੇ ਲਿਆਉਣ ਲਈ ਸਹਾਈ ਹੋਈਆਂ ਸਨ।

ਅੱਜ ਗੁਰਦੁਆਰਾ ਚੋਣਾਂ ਵਿਚ ਉਹੀ ਕੁਝ ਵਾਪਰਦਾ ਹੈ ਜੋ ਕੁਝ ਆਮ ਚੋਣਾਂ ਵਿਚ। ਇਸ ਲਈ ਇਨ੍ਹਾਂ ਊਣਤਾਈਆਂ ਨੂੰ ਕੁਝ ਘਟਾਉਣ ਲਈ ਯਤਨ ਕਰਨੇ ਚਾਹੀਦੇ ਹਨ। ਇਸ ਲਈ ਚੋਣਾਂ ਪ੍ਰਤੱਖ ਦੀ ਬਜਾਏ ਅਪ੍ਰਤੱਖ ਕਰ ਦਿੱਤੀਆਂ ਜਾਣ। 170 ਮੈਂਬਰੀ ਸ਼੍ਰੋਮਣੀ ਕਮੇਟੀ ਦੀ ਚੋਣ ਕਰਨ ਲਈ ਪਹਿਲਾਂ ਚੋਣ ਮੰਡਲ ਦੀ ਆਮ ਸਿੱਖ ਚੋਣ ਕਰ ਲਿਆ ਕਰਨ, ਫਿਰ ਇਹ ਚੋਣ ਮੰਡਲ ਅੱਗੋਂ ਇਸ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਚੋਣ ਕਰੇ, ਜਿਸ ਨਾਲ ਦੋਹਰਾ ਛਾਨਣਾ ਲੱਗਣ ਨਾਲ ਕਾਫ਼ੀ ਹੱਦ ਤੱਕ ਠੀਕ ਨੁਮਾਇੰਦੇ ਚੁਣ ਕੇ ਅੱਗੇ ਆਉਣਗੇ ਅਤੇ ਕਾਫ਼ੀ ਹੱਦ ਤੱਕ ਮੌਜੂਦਾ ਊਣਤਾਈਆਂ ਵੀ ਘੱਟ ਜਾਣਗੀਆਂ। ਉਦਾਹਰਣ ਦੇ ਤੌਰ 'ਤੇ ਆਪਾਂ ਸਾਰੇ ਭਾਰਤੀ ਸੰਸਦ ਦੀਆਂ ਚੋਣਾਂ ਤੋਂ ਵਾਕਿਫ਼ ਹਾਂ। ਲੋਕ ਸਭਾ ਦੇ ਮੁਕਾਬਲੇ ਰਾਜ ਸਭਾ ਦੀ ਚੋਣ ਵਿੱਚ ਉਹ ਕੁਝ ਨਹੀਂ ਵਾਪਰਦਾ ਜੋ ਲੋਕ ਸਭਾ ਵਿੱਚ ਹੁੰਦਾ ਹੈ, ਮੈਂਬਰ ਵੀ ਰਾਜ ਸਭਾ ਵਿਚ ਲੋਕ ਸਭਾ ਦੇ ਮੁਕਾਬਲੇ ਜ਼ਿਆਦਾ ਸਿਆਣੇ ਚੁਣੇ ਜਾਂਦੇ ਹਨ ਅਤੇ ਉਹ ਵੀ ਘੱਟ ਖਰਚੇ 'ਤੇ। ਅਪ੍ਰਤੱਖ ਚੋਣ ਵਿਧੀ ਨਾਲ ਸ਼੍ਰੋਮਣੀ ਕਮੇਟੀ ਵਿਚ ਹੁਣ ਦੇ ਮੁਕਾਬਲੇ ਕਾਫ਼ੀ ਹੱਦ ਤੱਕ ਧਾਰਮਿਕ ਸੋਚ ਵਾਲੇ ਤੇ ਸਿਆਣੇ ਵਿਅਕਤੀ ਚੁਣੇ ਜਾਣਗੇ। ਇਨ੍ਹਾਂ ਚੋਣਾਂ ਵਿਚ ਵੀ ਜ਼ਰੂਰੀ ਬਣਾਇਆ ਜਾਣਾ ਚਾਹੀਦਾ ਹੈ ਕਿ ਕੋਈ ਮੈਂਬਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਜਾਣ ਤੋਂ ਬਾਅਦ ਰਾਜਨੀਤੀ ਵਿੱਚ ਸਰਗਰਮ ਰੋਲ ਅਦਾ ਨਹੀਂ ਕਰੇਗਾ ਅਤੇ ਨਾ ਹੀ ਐਮ. ਐਲ. ਏ. ਜਾਂ ਐਮ.ਪੀ. ਬਣਨ ਦੀ ਖਾਹਿਸ਼ ਰੱਖੇਗਾ। ਜੇਕਰ ਉਸ ਦੀ ਅਜਿਹੀ ਖਾਹਿਸ਼ ਹੋਵੇ ਤਾਂ ਉਹ ਸ਼੍ਰੋਮਣੀ ਕਮੇਟੀ ਦੀ ਮੈਂਬਰੀ ਤਿਆਗ ਕੇ ਜ਼ਾਹਿਰਾ ਤੌਰ 'ਤੇ ਰਾਜਨੀਤੀ ਵਿਚ ਹਿੱਸਾ ਲੈ ਸਕਦਾ ਹੈ। ਇਕ ਹੋਰ ਮਹੱਤਵਪੂਰਨ ਮੁੱਦਾ ਹੈ ਅਕਾਲ ਤਖਤ ਸਾਹਿਬ ਅਤੇ ਦੂਜੇ ਤਖ਼ਤਾਂ ਦੀ ਸੁਤੰਤਰਤਾ ਦਾ। ਸਮੇਂ-ਸਮੇਂ ਇਨ੍ਹਾਂ ਤਖ਼ਤਾਂ ਦੇ ਜਥੇਦਾਰ ਸਾਹਿਬਾਨਾਂ ਨੂੰ ਸੁਤੰਤਰ ਬਣਾਉਣ ਲਈ ਅਤੇ ਇਨ੍ਹਾਂ ਦੀਆਂ ਨਿਯੁਕਤੀਆਂ, ਬਰਖਾਸਤਗੀਆਂ ਅਤੇ ਕੰਮ-ਕਾਜ ਸੰਬੰਧੀ ਨਿਯਮ ਬਣਾਉਣ ਦੀ ਚਰਚਾ ਜਾਂ ਮੰਗ ਹੁੰਦੀ ਰਹੀ ਹੈ।

ਜੇਕਰ ਤਖ਼ਤਾਂ ਦੇ ਸਿੰਘ ਸਾਹਿਬਾਨ ਸਿਰਫ਼ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹਨ ਤਾਂ ਫਿਰ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਨਿਯੁਕਤ ਅਤੇ ਹਟਾਉਣ ਦੇ ਮਾਮਲੇ ਵਿੱਚ ਸੁਤੰਤਰ ਹੈ, ਪਰ ਜੇਕਰ ਅਸੀਂ ਇਨ੍ਹਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਨੂੰ ਕੌਮ ਦੇ ਧਾਰਮਿਕ ਰਹਿਨੁਮਾ ਸਮਝਦੇ ਹਾਂ ਅਤੇ ਸਾਡੇ ਦਿਲਾਂ ਵਿਚ ਉਨ੍ਹਾਂ ਲਈ ਸਤਿਕਾਰ ਹੈ ਤਾਂ ਫਿਰ ਉਨ੍ਹਾਂ ਦੀ ਨਿਯੁਕਤੀ ਅਤੇ ਬਰਖਾਸਤਗੀ ਜੇਕਰ ਅਜੋਕੇ ਸਰਬੱਤ ਖਾਲਸੇ ਰਾਹੀਂ ਨਹੀਂ ਕੀਤੀ ਜਾ ਸਕਦੀ ਤਾਂ ਘੱਟੋ-ਘੱਟ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੁਆਰਾ ਆਪਸੀ ਸਹਿਮਤੀ ਨਾਲ ਤਾਂ ਕੀਤੀ ਜਾ ਸਕਦੀ ਹੈ, ਤਾਂ ਜੋ ਉਹ ਸਾਰੇ ਸਿੱਖ ਜਗਤ ਦੀ ਆਵਾਜ਼ ਬਣ ਸਕਣ। ਅੱਜ ਹਰੇਕ ਗੁਰਦੁਆਰਾ ਪ੍ਰਬੰਧਕ ਕਮੇਟੀ ਚਾਹੇ ਹਜ਼ੂਰ ਸਾਹਿਬ ਜਾਂ ਨੰਦੇੜ ਸਾਹਿਬ ਦੀ ਹੋਵੇ ਜਾਂ ਫਿਰ ਪਟਨਾ ਸਾਹਿਬ ਦੀ ਹੋਵੇ, ਆਪਣੇ ਹੀ ਢੰਗ ਨਾਲ ਇਨ੍ਹਾਂ ਦੀਆਂ ਨਿਯੁਕਤੀਆਂ ਤੇ ਬਰਖਾਸਤਗੀਆਂ ਕਰਦੀਆਂ ਹਨ। ਜੇਕਰ ਅਜਿਹਾ ਕੁਝ ਨਹੀਂ ਹੋ ਸਕਦਾ ਤਾਂ ਘੱਟੋ-ਘੱਟ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਆਮ ਸਹਿਮਤੀ ਜਾਂ ਸਰਬਸੰਮਤੀ ਦਾ ਢੰਗ ਤਰੀਕਾ ਅਪਣਾਇਆ ਜਾ ਸਕਦਾ ਹੈ। ਇਸ ਵਿਧੀ ਨਾਲ ਇਸ ਸੰਬੰਧੀ ਪੈਦਾ ਹੋਣ ਵਾਲੇ ਬੇਲੋੜੇ ਵਾਦ-ਵਿਵਾਦ ਨੂੰ ਘਟਾਇਆ ਜਾ ਸਕਦਾ ਹੈ ਤੇ ਸ਼੍ਰੋਮਣੀ ਕਮੇਟੀ ਆਪਣੇ ਪੱਧਰ ਆਪਣੇ ਘੇਰੇ ਅੰਦਰ ਆਉਂਦੇ ਸਿੰਘ ਸਾਹਿਬਾਨ ਲਈ ਇਸ ਤਰ੍ਹਾਂ ਦੀ ਪਹਿਲ ਕਰ ਸਕਦੀ ਹੈ। ਸਿੱਖ ਸਮਾਜ ਵਿਚ ਔਰਤਾਂ ਨੂੰ ਖਾਸ ਸਤਿਕਾਰ ਦਿੱਤਾ ਗਿਆ ਹੈ, ਪਰ ਜੇਕਰ ਸ਼੍ਰੋਮਣੀ ਕਮੇਟੀ ਦੀਆਂ ਪਿਛਲੀਆਂ ਚੋਣਾਂ 'ਤੇ ਝਾਤ ਮਾਰੀ ਜਾਏ ਤਾਂ ਇਨ੍ਹਾਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਹੀ ਰਹੀ ਹੈ। ਬੇਸ਼ੱਕ 1966 ਦੀਆਂ ਚੋਣਾਂ ਦੌਰਾਨ ਔਰਤਾਂ ਵਾਸਤੇ ਤੀਹ ਸੀਟਾਂ ਰਾਖਵੀਆਂ ਕਰ ਦਿੱਤੀਆਂ ਗਈਆਂ ਹਨ, ਤਾਂ ਵੀ ਉਨ੍ਹਾਂ ਦੀ ਆਬਾਦੀ ਦੇ ਮੁਤਾਬਕ ਇਹ ਗਿਣਤੀ ਘੱਟ ਹੈ। ਇਸ ਲਈ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਔਰਤਾਂ ਲਈ ਰਾਜਨੀਤੀ ਵਿਚ ਅੱਗੇ ਆਉਣਾ ਅਸਾਨ ਕੰਮ ਨਹੀਂ, ਪਰ ਇਹ ਤਾਂ ਧਾਰਮਿਕ ਖੇਤਰ ਹੈ, ਇਥੇ ਤਾਂ ਅਸਾਨੀ ਨਾਲ ਔਰਤਾਂ ਅੱਗੇ ਆ ਸਕਦੀਆਂ ਹਨ। ਔਰਤਾਂ ਉਂਜ ਵੀ ਆਦਮੀ ਦੇ ਮੁਕਾਬਲੇ ਧਰਮ ਦੇ ਖੇਤਰ ਵਿਚ ਜ਼ਿਆਦਾ ਉਸਾਰੂ ਰੋਲ ਅਦਾ ਕਰ ਸਕਦੀਆਂ ਹਨ। ਸਿੱਖ ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਕਿ 40 ਮੁਕਤਿਆਂ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਕੇ ਆਏ ਸਨ, ਨੂੰ ਦੁਬਾਰਾ ਕੁਰਬਾਨੀ ਦੇ ਰਸਤੇ ਤੋਰਨ ਵਾਲੀਆਂ ਸਿੱਖ ਬੀਬੀਆਂ ਹੀ ਸਨ। ਇਸ ਲਈ ਲੋੜ ਹੈ ਕਿ ਔਰਤਾਂ ਨੂੰ 50 ਫੀਸਦੀ ਪ੍ਰਤੀਨਿਧਤਾ ਦੇਣ ਤਾਂ ਕਿ ਅਸੀਂ ਦੁਨੀਆ ਨੂੰ 21ਵੀਂ ਸਦੀ ਵਿਚ ਦੱਸ ਸਕੀਏ ਕਿ ਸਾਡੇ ਧਰਮ ਵਿਚ ਔਰਤ-ਆਦਮੀ ਬਰਾਬਰ ਹਨ।

ਸਿੱਖ ਧਰਮ ਵਿੱਚ ਗਿਆਨ ਦਾ ਵੀ ਬਹੁਤ ਮਹੱਤਵ ਹੈ, ਸਿੱਖ ਧਰਮ ਤਾਂ ਹੈ ਹੀ ਗਿਆਨ ਦਾ ਮਾਰਗ। ਇਸ ਲਈ ਧਾਰਮਿਕ ਸੰਸਥਾ ਦੇ ਮੈਂਬਰਾਂ ਦਾ ਪੜ੍ਹਿਆ-ਲਿਖਿਆ ਹੋਣਾ ਬਹੁਤ ਜ਼ਰੂਰੀ ਹੈ, ਚਾਹੇ ਉਸ ਨੇ ਘੱਟੋ-ਘੱਟ ਮੈਟ੍ਰਿਕ ਜਾਂ ਗਿਆਨੀ ਹੀ ਪਾਸ ਕੀਤੀ ਹੋਵੇ। ਸ਼੍ਰੋਮਣੀ ਕਮੇਟੀ ਦੇ ਮੈਂਬਰ ਲਈ ਘੱਟੋ-ਘੱਟ ਕੋਈ ਵਿਦਿਅਕ ਯੋਗਤਾ ਬਹੁਤ ਜ਼ਰੂਰ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ। ਪੜ੍ਹੇ-ਲਿਖੇ ਮੈਂਬਰ ਹੀ ਅਜੋਕੇ ਸਮੇਂ ਨੌਜਵਾਨਾਂ ਨੂੰ ਸਹੀ ਅਗਵਾਈ ਦੇ ਸਕਦੇ ਹਨ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਕੇ ਸਿੱਖੀ ਪ੍ਰਚਾਰ ਤੇ ਪ੍ਰਸਾਰ ਕਰ ਸਕਦੇ ਹਨ। ਗਿਆਨ ਦੇ ਪ੍ਰਸਾਰ ਲਈ ਮੌਜੂਦਾ ਸਮੇਂ ਸ਼੍ਰੋਮਣੀ ਕਮੇਟੀ ਜਥੇਦਾਰ ਅਵਤਾਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਸਿੱਖਿਆ ਡਾਇਰੈਕਟਰ ਖੋਲ੍ਹ ਕੇ ਵਿੱਦਿਆ ਫੈਲਾਉਣ ਲਈ ਵੱਧ ਤੋਂ ਵੱਧ ਸਕੂਲ ਤੇ ਕਾਲਜ ਖੋਲ੍ਹ ਰਹੀ ਹੈ। ਇਸ ਨੂੰ ਹੋਰ ਉਸਾਰੂ ਬਣਾਉਣ ਦੀ ਲੋੜ ਹੈ।

ਇਸ ਤਰ੍ਹਾਂ ਅੱਜ ਦੇ ਯੁੱਗ ਵਿਚ ਜਿਸ ਤਰ੍ਹਾਂ ਦੂਜੇ ਖੇਤਰਾਂ ਵਿਚ ਵਿਦਵਾਨਾਂ ਤੇ ਬੁੱਧੀਜੀਵੀਆਂ ਦੀ ਮਦਦ ਲਈ ਜਾਂਦੀ ਰਹੀ ਹੈ, ਉਸੇ ਤਰ੍ਹਾਂ ਧਾਰਮਿਕ ਖੇਤਰ ਵਿਚ ਵੀ ਇਨ੍ਹਾਂ ਦੀ ਮਦਦ ਜਾਂ ਸਹਿਯੋਗ ਲਿਆ ਜਾਣਾ ਚਾਹੀਦਾ ਹੈ। ਅੱਜ ਦੇ ਤਰਕਵਾਦੀ ਯੁੱਗ ਵਿਚ ਇਨ੍ਹਾਂ ਦੀ ਅਹਿਮ ਭੂਮਿਕਾ ਹੈ। ਅੱਜ ਦੇ ਨੌਜਵਾਨਾਂ ਨੂੰ ਸਿਰਫ਼ ਦਲੀਲ ਦੇ ਆਧਾਰ 'ਤੇ ਹੀ ਧਰਮ ਵੱਲ ਮੋੜਿਆ ਜਾ ਸਕਦਾ ਹੈ। ਇਸ ਲਈ ਸਿੱਖ ਵਿਦਵਾਨਾਂ ਜਾਂ ਬੁੱਧੀਜੀਵੀਆਂ ਦੀਆਂ ਸੇਵਾਵਾਂ ਧਾਰਮਿਕ ਖੇਤਰ ਵਿਚ ਲੈਣੀਆਂ ਜ਼ਰੂਰੀ ਹੈ। ਇਸ ਲਈ ਉਨ੍ਹਾਂ ਨੂੰ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਉਪਰੋਕਤ ਸਾਰੀਆਂ ਤਬਦੀਲੀਆਂ ਲਈ ਮੌਜੂਦਾ ਸਿੱਖ ਗੁਰਦੁਆਰਾ ਐਕਟ ਵਿਚ ਸੋਧ ਕਰਨ ਦੀ ਲੋੜ ਹੈ ਅਤੇ ਇਨ੍ਹਾਂ ਸੋਧਾਂ ਰਾਹੀਂ ਹੀ ਸ਼੍ਰੋਮਣੀ ਕਮੇਟੀ ਵਿਚ ਲੋੜੀਂਦੇ ਸੁਧਾਰ ਕਰਕੇ ਸਿੱਖਾਂ ਦੀ ਮਹਾਨ ਸੰਸਥਾ ਨੂੰ ਸਮੇਂ ਦਾ ਹਾਣੀ ਬਣਾਇਆ ਜਾਣਾ ਚਾਹੀਦਾ ਹੈ। ਇਸ ਲਈ ਨਵੀਂ ਚੁਣੀ ਕਮੇਟੀ ਨੂੰ ਯਤਨਸ਼ੀਲ ਹੋਣਾ ਪਵੇਗਾ ਕਿਉਂਕਿ ਐਕਟ ਵਿਚ ਸੋਧ ਕਰਨ ਦਾ ਅਧਿਕਾਰ ਵੀ ਸਿਰਫ਼ ਭਾਰਤੀ ਪਾਰਲੀਮੈਂਟ ਨੂੰ ਹੀ ਹੈ। ਸੋਧ ਕਰਵਾਉਣ ਲਈ ਦੂਜੀਆਂ ਪਾਰਟੀਆਂ ਦੇ ਸਹਿਯੋਗ ਦੀ ਜ਼ਰੂਰਤ ਹੈ ਤੇ ਸਹਿਯੋਗ ਨਾਲ ਹੀ ਇਹ ਪਰਿਵਰਤਨ ਹੋ ਸਕਦਾ ਹੈ। ਇਸ ਲਈ ਸਿੱਖ ਸਮਾਜ ਨੂੰ ਵੀ ਜਾਗ੍ਰਿਤ ਹੋਣ ਦੀ ਲੋੜ ਹੈ।

---

ਭੱਖਦਾ ਮੱਸਲਾ

# ਭਗਵੇਂ ਰਾਸ਼ਟਰਵਾਦ ਦਾ ਮੀਡੀਆ

**ਰਵੀਸ਼ ਕੁਮਾਰ**

ਇਸ ਵਕਤ ਭਾਰਤ ਦੇ ਲੋਕਤੰਤਰ ਨੂੰ ਭਾਰਤ ਦੇ ਮੀਡੀਆ ਤੋਂ ਖਤਰਾ ਹੈ। ਭਾਰਤ ਦਾ ਟੀਵੀ, ਮੀਡੀਆ ਲੋਕਤੰਤਰ ਦੇ ਖਿਲਾਫ਼ ਹੋ ਗਿਆ ਹੈ। ਭਾਰਤ ਦਾ ਪ੍ਰਿੰਟ ਮੀਡੀਆ ਉਸ ਕਤਲ ਵਿਚ ਸ਼ਾਮਲ ਹੈ, ਜਿਸ ਵਿਚ ਵਹਿੰਦਾ ਹੋਇਆ ਖ਼ੂਨ ਤਾਂ ਨਹੀਂ ਦਿਖਦਾ, ਪਰ ਇਧਰ ਉਧਰ ਕੋਨੇ ਵਿਚ ਛਪੀਆਂ ਜਾ ਰਹੀਆਂ ਕੁਝ ਕੰਮ ਦੀਆਂ ਖਬਰਾਂ ਵਿਚ ਕਤਲ ਦੀ ਅਵਾਜ਼ ਸੁਣਾਈ ਦਿੱਤੀ ਜਾਂਦੀ ਹੈ। ਸੀਬੀਆਈ ਕੋਰਟ ਦੇ ਜੱਜ ਬੀ ਐਚ ਲੋਈਆ ਦੀ ਮੌਤ ਇਸ ਗੱਲ ਦਾ ਪ੍ਰਮਾਣ ਹੈ ਕਿ ਭਾਰਤ ਦਾ ਮੀਡੀਆ ਕਿਸ ਦੇ ਨਾਲ ਹੈ। ਕੈਰਵਾਨ ਪੱਤਰਿਕਾ ਦੀ ਰਿਪੋਰਟ ਆਉਣ ਤੋਂ ਬਾਅਦ ਦਿੱਲੀ ਦੇ ਐਂਕਰ ਅਸਮਾਨ ਵਲ ਤੱਕਣ ਲੱਗ ਪਏ ਹਨ ਤੇ ਹਵਾਵਾਂ ਵਿਚ ਨਮੀ ਦੀ ਮਾਤਰਾ ਵਾਲੀਆਂ ਖ਼ਬਰਾਂ ਪੜ੍ਹਨ ਲੱਗੇ ਸਨ। ਇਥੋਂ ਤੱਕ ਇਸ ਡਰ ਦਾ ਸ਼ਿਕਾਰ ਵਿਰੋਧੀ ਪਾਰਟੀਆਂ ਵੀ ਹੋ ਗਈਆਂ ਹਨ। ਇਨ੍ਹਾਂ ਦੇ ਨੇਤਾਵਾਂ ਨੂੰ ਬੜੀ ਦੇਰ ਬਾਅਦ ਹਿੰਮਤ ਆਈ ਕਿ ਜੱਜ ਲੋਈਆ ਦੀ ਮੌਤ ਦੇ ਸੁਆਲਾਂ ਦੀ ਜਾਂਚ ਬਾਰੇ ਮੰਗ ਕੀਤੀ ਜਾਵੇ। ਜਦ ਹਿੰਮਤ ਆਈ ਤਾਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਬੈਂਚ ਜੱਜ ਲੋਈਆ ਦੇ ਮਾਮਲੇ ਵਿਚ ਸੁਣਵਾਈ ਕਰ ਰਹੀ ਸੀ। ਇਸ ਦੇ ਬਾਅਦ ਕਾਂਗਰਸ ਪਾਰਟੀ ਨੇ ਜਦ ਜੱਜ ਲੋਈਆ ਨਾਲ ਸੰਬੰਧਿਤ ਸਾਬਕਾ ਜੱਜਾਂ ਦੀ ਮੌਤ 'ਤੇ ਸੁਆਲ ਉਠਾਇਆ ਤਾਂ ਉਸ ਨੂੰ ਦਿੱਲੀ ਦੇ ਅਖ਼ਬਾਰਾਂ ਨੇ ਨਹੀਂ ਛਾਪਿਆ, ਚੈਨਲਾਂ ਨੇ ਨਹੀਂ ਦਿਖਾਇਆ। ਅਜਿਹਾ ਨਹੀਂ ਹੈ ਕਿ ਗੌਰਮੇਂਟ ਆਫ਼ ਮੀਡੀਆ ਸੁਆਲ ਕਰਨਾ ਭੁੱਲ ਗਿਆ। ਉਸ ਨੇ ਰਾਹੁਲ ਗਾਂਧੀ ਦੇ ਸਟਾਰ ਵਾਰਜ਼ ਨੂੰ ਦੇਖਣ



'ਤੇ ਕਿੰਨਾ ਵੱਡਾ ਸੁਆਲ ਕੀਤਾ ਸੀ। ਤੁਸੀਂ ਕਹਿ ਸਕਦੇ ਹੋ ਗੌਰਮੇਂਟ ਆਫ਼ ਇੰਡੀਆ ਚਾਹੁੰਦੀ ਕਿ ਵਿਰੋਧੀ ਧਿਰ ਦਾ ਨੇਤਾ ਸੀਰੀਅਸ ਰਹੇ, ਪਰ ਜਦ ਉਹ ਨੇਤਾ ਸੀਰੀਅਸ ਹੋ ਕੇ ਜੱਜ ਲੋਈਆ ਨੂੰ ਲੈ ਕੇ ਪ੍ਰੈਸ ਕਾਨਫਰੰਸ ਕਰ ਦਿੰਦਾ ਹੈ ਤਾਂ ਮੀਡੀਆ ਆਪਣਾ ਸੀਰੀਅਸਨੈਸ ਭੁੱਲ ਜਾਂਦਾ ਹੈ। ਦੋਸਤੋ ਯਾਦ ਰੱਖਣਾ ਕਿ ਮੈਂ ਗੌਰਮੇਂਟ ਆਫ ਮੀਡੀਆ ਦੀ ਗੱਲ ਕਰ ਰਿਹਾ ਹਾਂ। ਮੀਡੀਆ ਵਿਚ ਕੋਈ ਖੁਦ ਤੋਂ ਡਰ ਗਿਆ ਹੈ ਜਾਂ ਕਿਸੇ ਦੇ ਡਰਾਉਣ ਨਾਲ ਡਰ ਗਿਆ, ਇਹ ਇਕ ਖੁੱਲ੍ਹਾ ਪ੍ਰਸ਼ਨ ਹੈ, ਡਰ ਦਾ ਡੀਐਨਏ ਨਾਲ ਕੋਈ ਲੈਣਾ ਦੇਣਾ ਨਹੀਂ, ਕੋਈ ਵੀ ਡਰ ਸਕਦਾ ਹੈ। ਖਾਸ ਕਰਕੇ ਫਰਜ਼ੀ ਕੇਸ ਵਿਚ ਫਸਾਉਣਾ ਕਈ ਸਾਲਾਂ ਤੱਕ ਮੁਕੱਦਮਿਆਂ ਨੂੰ ਲਟਕਾਉਣਾ ਜਿੱਥੇ ਸੌਖਾ ਹੋ ਗਿਆ ਹੈ, ਉੱਥੇ ਡਰ ਸਿਸਟਮ ਦਾ ਪਾਰਟ ਹੈ।

ਫੇਕ ਨਿਊਜ਼ ਅੱਜ ਓਫੀਸ਼ੀਅਲ ਨਿਊਜ਼ ਹੈ। ਨਿਊਜ਼ ਰੂਮ ਵਿਚ ਰਿਪੋਰਟਰ ਖਤਮ ਹੋ ਚੁੱਕੇ ਹਨ। ਰਿਪੋਰਟਰ ਦਾ ਇਸਤੇਮਾਲ ਹਤਿਆਰੇ ਦੇ ਰੂਪ ਵਿਚ ਹੁੰਦਾ ਹੈ। ਇਕ ਚੈਨਲ ਵਿਚ ਇਕ ਸੰਸਦ ਦੇ ਪਿੱਛੇ ਚਾਰ ਪੰਜ ਰਿਪੋਰਟਰ ਇਕੱਠੇ ਭੇਜ ਦਿੱਤੇ ਜਾਂਦੇ ਹਨ। ਦੇਖਣ ਵਿਚ ਲੱਗੇ ਕਿ ਸਾਰਾ ਮੀਡੀਆ ਉਸ ਦੇ ਪਿੱਛੇ ਪਿਆ ਹੈ, ਇਹ ਨਵਾਂ ਦੌਰ ਹੈ, ਡਰਿਆ ਹੋਇਆ ਮੀਡੀਆ ਆਪਣੇ ਕੈਮਰਿਆਂ ਨਾਲ ਤੁਹਾਨੂੰ ਡਰਾਉਣ ਨਿਕਲਿਆ ਹੈ। ਚੈਨਲਾਂ 'ਤੇ ਫਿਰਕਾਪ੍ਰਸਤੀ ਭੜਕਾਉਣ ਵਾਲੇ ਐਂਕਰਾਂ ਨੂੰ ਜਗ੍ਹਾ ਮਿਲ ਰਹੀ ਹੈ। ਇਨ੍ਹਾਂ ਐਂਕਰਾਂ ਦੇ ਕੋਲ ਸਰਕਾਰ ਦੇ ਲਈ ਕੋਈ ਸੁਆਲ ਨਹੀਂ ਹੈ, ਸਿਰਫ ਇਕ ਹੀ ਪ੍ਰਸ਼ਨ ਸਭ ਦੇ ਕੋਲ ਹੈ, ਇਸ ਸੁਆਲ ਦਾ ਨਾਮ ਹੈ ਹਿੰਦੂ-ਮੁਸਲਮ ਪ੍ਰਸ਼ਨ। ਭਾਰਤ ਦੇ ਨਿਊਜ਼ ਐਂਕਰ

**ਬਾਕੀ ਸਫ਼ਾ 33 'ਤੇ**

# ਪੰਥਕ ਏਕਤਾ ਦਾ ਆਧਾਰ ਸਿੱਖ ਰਹਿਤ ਮਰਿਆਦਾ

**ਇੰਜੀਨੀਅਰ ਕਰਮਜੀਤ ਸਿੰਘ ਨੂਰ**

ਸਿਖ ਧਰਮ ਦੇ ਇਤਿਹਾਸ 'ਤੇ ਨਜ਼ਰ ਮਾਰੀ ਜਾਵੇ ਤਾਂ ਅਜਿਹੇ ਬਹੁਤ ਸਾਰੇ ਹਵਾਲੇ ਮਿਲਦੇ ਹਨ ਜਦੋਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਆਪਣੇ ਮੁਢਲੇ ਸਿਧਾਂਤਾਂ ਨਾਲ ਸਮਝੌਤਾ ਹੀ ਨਹੀ ਕੀਤਾ, ਸਗੋਂ ਨਿਜੀ ਹਿਤਾਂ ਖਾਤਰ ਗੈਰ ਇਖ਼ਲਾਕੀ ਕੰਮ ਵੀ ਕੀਤੇ। ਸਾਡੇ ਕੇਂਦਰੀ ਅਸਥਾਨ ਤੇ ਅਜਿਹਾ ਸਮਾਂ ਗੁਰੂ ਕਾਲ ਵੇਲੇ ਹੀ ਆ ਗਿਆ ਸੀ, ਜਿਸ ਦੀ ਮਿਸਾਲ ਹੈ ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਸਾਹਿਬ ਦਰਸ਼ਨ ਕਰਨ ਤੋਂ ਰੋਕਣਾ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਪਿੱਛੋਂ ਸਿਖ ਆਪਣੀ ਹੋਂਦ ਨੂੰ ਬਚਾਉਣ ਲਈ ਜਦੋਂ ਜੰਗਲਾਂ ਵਿਚ ਚਲੇ ਗਏ ਤਾਂ ਗੁਰਦੁਆਰਿਆਂ ਦਾ ਪ੍ਰਬੰਧ ਨਿਰਮਲਿਆਂ ਅਤੇ ਉਦਾਸੀਆਂ ਨੇ ਸਾਂਭ ਲਿਆ। ਇਸੇ ਸਮੇਂ ਦੌਰਾਨ ਹੀ ਬਿਪਰਵਾਦ ਆਪਣੀਆਂ ਜੜ੍ਹਾਂ ਫੈਲਾਉਣ ਵਿਚ ਕਾਮਯਾਬ ਹੋ ਗਿਆ। ਇਹ ਹੀ ਸਮਾਂ ਸੀ ਜਦੋਂ ਹਰ ਪੁਜਾਰੀ/ਮਹੰਤ ਨੇ ਆਪੋ ਆਪਣੀ ਮਰਿਆਦਾ ਬਣਾ ਲਈ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵੱਖ ਵੱਖ ਗੁਰਦੁਆਰਿਆਂ ਦੇ ਨਾਮ ਵੱਡੀਆਂ ਵੱਡੀਆਂ ਜਗੀਰਾਂ ਲੁਆਏ ਜਾਣ ਕਾਰਣ ਤੇ ਪ੍ਰਮੁਖ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ/ਪੁਜਾਰੀਆਂ ਦੇ ਹੱਥਾਂ ਵਿਚ ਹੋਣ ਕਾਰਣ ਗੁਰਦੁਆਰਿਆਂ ਦੀ ਸਾਂਭ ਸੰਭਾਲ ਵਿਚ ਗੜਬੜ ਹੋਣੀ ਸ਼ੁਰੂ ਹੋ ਗਈ। ਇਸ ਤੋਂ ਬਾਅਦ ਅੰਗਰੇਜ਼ਾਂ ਨੇ ਤਾਂ ਆਪਣੀ ਲੋੜ ਲਈ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਖੁਲੀਆਂ ਛੁਟੀਆਂ ਦਿੱਤੀਆਂ ਹੋਈਆਂ ਸਨ। ਉਨ੍ਹੀਵੀਂ ਸਦੀ ਦੇ ਅਖੀਰ ਵਿਚ ਸਿਖ ਸਿੰਘ ਸਭਾ ਲਹਿਰ ਕਾਰਨ ਕੁਝ ਜਾਗ੍ਰਿਤੀ ਆਈ ਅਤੇ ਸਿਖਾਂ ਨੇ ਆਪਣੇ ਗੁਰਧਾਮਾਂ ਦੇ ਪ੍ਰਬੰਧ ਵਿਚ ਆ ਚੁਕੀਆਂ ਕਮਜ਼ੋਰੀਆਂ ਦੇ ਸੁਧਾਰ ਵਲ ਧਿਆਨ ਦਿੱਤਾ। ਗੁਰਦੁਆਰਿਆਂ ਨੂੰ ਉਨ੍ਹਾਂ ਭ੍ਰਿਸ਼ਟ ਮਹੰਤਾਂ, ਜਿਨ੍ਹਾਂ ਨੂੰ ਅੰਗਰੇਜ਼ ਸਰਕਾਰ ਦੀ ਪੂਰੀ ਸ਼ਹਿ ਸੀ, ਦੇ ਹੱਥਾਂ ਵਿਚੋਂ ਆਜ਼ਾਦ ਕਰਾਉਣ ਲਈ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਮੋਰਚੇ ਲੱਗੇ ਬਹੁਤ ਸਾਰੇ ਗੁਰਸਿਖਾਂ ਦੀਆਂ ਕੁਰਬਾਨੀਆਂ ਹੋਈਆਂ। ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ ਵਾਪਰਿਆ।

ਇਸੇ ਜਾਗ੍ਰਿਤੀ ਦਾ ਹੀ ਨਤੀਜਾ ਸੀ ਕਿ 12 ਅਕਤੂਬਰ 1920 ਈ: ਨੂੰ ਜਦੋਂ ਦੇਗ ਲੈ ਕੇ, ਇਕ ਕਾਫਲੇ ਦੇ ਰੂਪ ਵਿਚ ਦਰਬਾਰ ਸਾਹਿਬ ਪੁੱਜੇ ਤਾਂ ਪੁਜਾਰੀ ਉਥੋਂ ਭੱਜ ਗਏ ਸਨ। ਇਕੱਤਰ ਹੋਈਆਂ ਸੰਗਤਾਂ ਨੇ ਉਥੇ ਦਾ ਪ੍ਰਬੰਧ ਆਰਜ਼ੀ ਤੌਰ 'ਤੇ ਜਥੇਦਾਰ ਤੇਜਾ ਸਿੰਘ ਨੂੰ ਸੌਂਪ ਦਿੱਤਾ। ਇਸੇ ਸਾਲ ਨਵੰਬਰ ਵਿਚ ਇਕੱਠ ਕਰਕੇ 175 ਮੈਂਬਰਾਂ ਦੀ ਇਕ ਕਮੇਟੀ ਬਣਾਈ ਗਈ ਜਿਸ ਦਾ ਨਾਮ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਦਸੰਬਰ 1920 ਈ: ਵਿਚ ਅਕਾਲੀ ਦਲ ਦੇ ਹੋਂਦ ਵਿਚ ਆਉਣ ਨਾਲ ਹੀ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਵੀ ਹੋ ਗਿਆ। ਸਿਖਾਂ ਦੀਆਂ ਅਣਗਿਣਤ ਕੁਰਬਾਨੀਆਂ ਸਦਕਾ ਅੰਗਰੇਜ਼ੀ ਸਰਕਾਰ ਨੂੰ ਝੁਕਣਾ ਪਿਆ ਅਤੇ 1925 ਈ: ਵਿਚ ਗੁਰਦਵਾਰਾ ਕਾਨੂੰਨ ਬਣਾ ਕੇ ਗੁਰਧਾਮਾਂ ਦਾ ਪ੍ਰਬੰਧ, ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਦਾ ਪਹਿਲਾ ਨਾਮ ਗੁਰਦੁਆਰਾ ਸੈਂਟਰਲ ਬੋਰਡ ਸੀ, ਨੂੰ ਸੌਂਪ ਦਿੱਤਾ ਗਿਆ। ਅਖੀਰ ਉਹ ਸਮਾਂ ਵੀ ਆ ਗਿਆ ਜਦੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਇਕਸਾਰ ਕਰਨ ਲਈ ਵਿਧੀ ਵਿਧਾਨ ਬਣਾਉਣ ਦੀ ਲੋੜ ਮਹਿਸੂਸ ਕੀਤੀ।

ਇਨ੍ਹਾਂ ਹਾਲਾਤਾਂ ਵਿਚੋਂ ਹੀ ਸ਼੍ਰੋਮਣੀ ਕਮੇਟੀ ਦਾ ਜਨਮ ਹੋਇਆ। ਅਜਿਹੇ ਬਿਖੜੇ ਸਮੇਂ ਵਿਚ ਬਹੁਤ ਸਾਰੇ ਸੁਹਿਰਦ ਸਿਖ ਵਿਦਵਾਨਾਂ ਵਲੋਂ ਕੌਮ ਵਿਚ ਇਕਸਾਰਤਾ ਲਿਆਉਣ ਵਾਸਤੇ ਸਿਖ ਰਹਿਤ ਮਰਿਆਦਾ ਤਿਆਰ ਕਰਨ ਦਾ ਵਿਚਾਰ ਬਣਾਇਆ ਗਿਆ। ਸ਼੍ਰੋਮਣੀ ਕਮੇਟੀ ਵਲੋਂ ਇਕ ਰਹੁ-ਰੀਤ ਸਬ ਕਮੇਟੀ ਬਣਾਈ ਗਈ, ਜਿਸ ਵਿਚ ਉਸ ਸਮੇਂ ਦੇ ਮਹਾਨ ਸਿਖ ਵਿਦਵਾਨਾਂ ਨੂੰ ਸ਼ਾਮਲ ਕੀਤਾ ਗਿਆ। ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ ਨਾਭਾ, ਅਕਾਲੀ ਕੌਰ ਸਿੰਘ, ਪ੍ਰਿੰਸੀਪਲ ਗੰਗਾ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਪ੍ਰਿੰਸੀਪਲ ਤੇਜਾ



ਸਿੰਘ, ਭਾਈ ਸਾਹਿਬ ਭਾਈ ਰਣਧੀਰ ਸਿੰਘ ਅਤੇ ਹੋਰ ਅਜਿਹੇ 25-30 ਵਿਦਵਾਨਾਂ/ਸੰਤਾਂ, ਤਕਰੀਬਨ ਪੰਜਾਹ ਕੁ ਪੰਥਕ ਸੰਸਥਾਵਾਂ ਤੇ ਸਿੰਘ ਸਭਾਵਾਂ ਦੀਆਂ ਰਾਵਾਂ ਅਤੇ ਸੁਝਾਵਾਂ 'ਤੇ ਮੁੜ-ਮੁੜ ਵਿਚਾਰ ਕਰਕੇ ਅਨੇਕਾਂ ਮੀਟਿੰਗਾਂ ਤੋਂ ਬਾਅਦ ਲੱਗਭੱਗ ਪੰਦਰਾਂ ਸਾਲ ਦੀ ਮਿਹਨਤ ਨਾਲ (1931-1945) ਇਹ ਸਰਬ ਪ੍ਰਵਾਨਿਤ ਸਿਖ ਰਹਿਤ ਮਰਿਆਦਾ ਹੋਂਦ ਵਿਚ ਆਈ। (ਵੇਖੋ ਸਿਖ ਰਹਿਤ ਮਰਿਆਦਾ ਪੰਨਾ 1 ਤੋਂ 8)

ਸ਼੍ਰੋਮਣੀ ਕਮੇਟੀ ਤੇ ਹੋਰ ਕਈ ਧਾਰਮਿਕ ਸੰਸਥਾਵਾਂ ਵਲੋਂ ਸਿਖ ਰਹਿਤ ਮਰਿਆਦਾ ਦੀਆਂ ਕਾਪੀਆਂ ਹਜ਼ਾਰਾਂ ਦੀ ਗਿਣਤੀ ਛਾਪ ਕੇ ਮੁਫ਼ਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਪਰ ਇਹ ਮਰਿਆਦਾ ਪੂਰੀ ਤਰ੍ਹਾਂ ਕਿਧਰੇ ਵੀ ਲਾਗੂ ਨਜ਼ਰ ਨਹੀਂ ਆਉਂਦੀ। ਕਈ ਪ੍ਰਬੰਧਕਾਂ ਨੇ ਤਾਂ ਸ਼ਾਇਦ ਇਸ ਨੂੰ ਪੜ੍ਹਿਆ ਜਾਂ ਵੇਖਿਆ ਵੀ ਨਹੀਂ ਹੋਣਾ, ਤਾਂ ਲਾਗੂ ਕਰਨ ਦਾ ਤਾਂ ਸਵਾਲ ਹੀ ਨਹੀਂ ਉਠਦਾ। ਅੱਜ ਵੀ ਹਰ ਗੁਰਦੁਆਰੇ ਵਿਚ (ਕੁਝ ਕੁ ਨੂੰ ਛਡ ਕੇ) ਵੱਖ-ਵੱਖ ਮਰਿਆਦਾ ਚਲ ਰਹੀ ਹੈ। ਹਰ ਡੇਰੇ ਦੀ ਆਪਣੀ ਵੱਖਰੀ ਮਰਿਆਦਾ ਹੈ। ਉਂਜ ਭਾਵੇਂ ਸਾਰੇ ਹੀ ਅਕਾਲ ਤਖ਼ਤ ਨੂੰ ਸਰਵਉਚ ਮੰਨਦੇ ਹਨ ਅਤੇ ਆਪਣੇ-ਆਪ ਨੂੰ ਪੰਥਕ ਵੀ ਅਖਵਾਉਂਦੇ ਹਨ। ਜਿੰਨਾ ਭੰਬਲ-ਭੂਸਾ ਅਜੋਕੇ ਦੌਰ ਵਿਚ ਸਿਖ ਕੌਮ ਵਿਚ ਪਿਆ ਹੈ, ਇਸ ਤੋਂ ਪਹਿਲਾਂ ਕਿਸੇ ਦੌਰ ਵਿਚ ਨਹੀਂ ਪਿਆ। ਅੱਜ ਹਰ ਸਿਖ ਦਾ ਫ਼ਰਜ਼ ਬਣਦਾ ਹੈ ਕਿ ਉਹ ਸਿਖ ਕੌਮ ਦੀ ਚੜ੍ਹਦੀ ਕਲਾ ਕਾਇਮ ਕਰਨ ਲਈ ਕਿੰਤੂ ਪਰੰਤੂ ਛੱਡ ਕੇ ਗੁਰਮਤਿ ਸਿਧਾਂਤ ਤੇ ਗੁਰੂ ਦਾ ਉਪਦੇਸ਼ ਆਪਣੇ ਜੀਵਨ ਵਿਚ ਧਾਰਨ ਕਰੇ। ਗੁਰਬਾਣੀ ਪੜ੍ਹੇ ਤੇ ਉਸ ਵਿਚਲੇ ਤੱਤ ਗਿਆਨ ਨੂੰ ਗ੍ਰਹਿਣ ਕਰੇ। ਸਿਖ ਰਹਿਤ ਮਰਿਆਦਾ ਨੂੰ ਸਭ ਤੋਂ ਪਹਿਲਾਂ ਆਪਣੇ ਘਰ ਵਿਚ ਲਾਗੂ ਕਰੇ। ਸਾਰੀਆਂ ਸਿਖ ਸੰਸਥਾਵਾਂ ਵਿਚ ਇਸ ਨੂੰ ਲਾਗੂ ਕਰਾਉਣ ਦੇ ਉਪਰਾਲੇ ਕੀਤੇ ਜਾਣ।

ਅਕਾਲ ਤਖ਼ਤ ਸਾਹਿਬ/ਸ਼੍ਰੋਮਣੀ ਕਮੇਟੀ ਵਲੋਂ ਸਖ਼ਤ ਸਟੈਂਡ ਲੈ ਕੇ ਇਸ ਸਿਖ ਰਹਿਤ ਮਰਿਆਦਾ ਨੂੰ ਇੰਨ-ਬਿੰਨ ਲਾਗੂ ਕਰਵਾਇਆ ਜਾਵੇ। ਇਸ ਨਾਲ ਕੌਮ ਦੇ ਅੱਧੇ ਤੋਂ ਜ਼ਿਆਦਾ ਮੱਸਲੇ ਆਪਣੇ ਆਪ ਹੀ ਸੁਲਝ ਜਾਣਗੇ। ਹਰ ਸਿਖ ਲਈ ਜ਼ਰੂਰੀ ਹੈ ਕਿ ਉਹ ਨਿੱਕੇ ਨਿੱਕੇ ਨੁਕਤਿਆਂ ਨੂੰ ਲੈ ਕੇ ਵੱਡੇ-ਵੱਡੇ ਕਿੰਤੂ ਪਰੰਤੂ ਖੜੇ ਕਰਨ ਦੀ ਥਾਂ ਗੁਰੂ ਗਰੰਥ ਸਾਹਿਬ ਦੀ ਬਾਣੀ ਨੂੰ ਪੜ੍ਹਨਾ ਸ਼ੁਰੂ ਕਰੇ। ਜੇਕਰ ਕਿਸੇ ਪੰਥ ਦੋਖੀਆਂ ਵਲੋਂ ਕਿਸੇ ਸਾਜ਼ਿਸ਼ ਅਧੀਨ ਕੌਮ ਵਿਚ ਪਾੜਾ ਅਤੇ ਵੰਡੀਆਂ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਉਹ ਵੀ ਆਪਣੇ-ਆਪ ਸ਼ਾਂਤ ਹੋ ਜਾਣਗੇ, ਜੇਕਰ ਅਸੀਂ ਬਾਣੀ ਦੇ ਸਿਧਾਂਤ ਅਨੁਸਾਰ ਜੀਵਨ ਜੀਊਣਾ ਸ਼ੁਰੂ ਕਰ ਦਿਆਂਗੇ। ਮੈਂ ਤਾਂ ਇਹ ਕਹਾਂਗਾ ਕਿ ਸਿਖ ਰਹਿਤ ਮਰਿਆਦਾ ਦੀ ਕਾਪੀ ਹਰ ਘਰ ਵਿਚ ਹੋਣੀ ਚਾਹੀਦੀ ਹੈ, ਹਰ ਸਿਖ ਨੂੰ ਪੜ੍ਹਨੀ ਚਾਹੀਦੀ ਹੈ। ਹਰ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਵਿਸ਼ੇਸ਼ ਤੌਰ 'ਤੇ ਸਿਖ ਰਹਿਤ ਮਰਿਆਦਾ ਪੜ੍ਹਨੀ ਤੇ ਲਾਗੂ ਕਰਨੀ ਚਾਹੀਦੀ ਹੈ। ਏਨਾ ਹੀ ਨਹੀਂ, ਸਿਖ ਰਹਿਤ ਮਰਿਆਦਾ ਸਾਡੇ ਸਕੂਲਾਂ ਵਿਚ ਬਚਿਆਂ ਦੇ ਸਿਲੇਬਸ ਦਾ ਹਿਸਾ ਹੋਣੀ ਚਾਹੀਦੀ ਹੈ ਤਾਂ ਕਿ ਆਉਣ ਵਾਲੀ ਪੀੜ੍ਹੀ ਪਹਿਲਾਂ ਹੀ ਸਿਖੀ ਅਸੂਲਾਂ ਤੋਂ ਜਾਣੂ ਹੋ ਸਕੇ। ਘਟੋ ਘਟ ਜਿਹੜੇ ਸਕੂਲ/ਕਾਲਜ ਸ਼੍ਰੋਮਣੀ ਕਮੇਟੀ ਜਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹਨ, ਅਤੇ ਹੋਰ ਜਿਹੜੇ ਪ੍ਰਾਈਵੇਟ ਅਦਾਰੇ, ਸਿਖ ਗੁਰੂ ਸਾਹਿਬਾਨ ਦੇ ਨਾਂਵਾਂ 'ਤੇ ਚਲ ਰਹੇ ਹਨ ਅਤੇ ਜਿਹੜੇ ਲੋਕਲ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧ ਹੇਠ ਚਲ ਰਹੇ ਹਨ, ਉਹਨਾਂ ਵਿਚ ਤਾਂ ਅਜਿਹਾ ਕਰਨਾ ਕੋਈ ਮੁਸ਼ਕਲ ਨਹੀਂ ਹੈ। ਇਸ ਲਈ ਸਾਡੀਆਂ ਪ੍ਰਮੁਖ ਸੰਸਥਾਵਾਂ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਸਾਹਿਬ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਆਓ ਜ਼ਰਾ ਸਿਖ ਰਹਿਤ ਮਰਿਆਦਾ ਦੇ ਕੁਝ ਪ੍ਰਮੁਖ ਨੁਕਤਿਆਂ 'ਤੇ ਝਾਤ ਪਾਈਏ ਅਤੇ ਵੇਖੀਏ ਕਿ ਇਸ ਦੇ ਕਿੰਨੇ ਕੁ ਨੁਕਤੇ ਅਸਾਂ ਆਪਣੇ ਜੀਵਨ ਵਿਚ ਅਤੇ ਆਪਣੇ ਗੁਰੂ ਘਰਾਂ ਵਿਚ ਲਾਗੂ ਕੀਤੇ ਹਨ ।

**1. ਸਿਖ ਦੀ ਤਾਰੀਫ਼ :** ਸਭ ਤੋਂ ਪਹਿਲਾਂ ਤਾਂ ਸਾਨੂੰ ਸਿਖ ਦੀ ਪਰਿਭਾਸ਼ਾ (ਪੰਨਾ 9) ਪੜ੍ਹ ਕੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਕੀ ਅਸੀਂ (ਸਿਖ) ਇਸ ਪਰਿਭਾਸ਼ਾ 'ਤੇ ਪੂਰੇ ਉਤਰਦੇ ਹਾਂ।

**2. ਨਿਤਨੇਮ :** ਸਿਖ ਰਹਿਤ ਮਰਿਆਦਾ ਵਿਚ ਨਿਤਨੇਮ ਦੀਆਂ ਬਾਣੀਆਂ ਸਪੱਸ਼ਟ ਤੌਰ 'ਤੇ ਨਿਰਧਾਰਿਤ ਕੀਤੀਆਂ ਗਈਆਂ ਹਨ। ਸੋਦਰ ਦੀ ਬਾਣੀ ਕਿਥੋਂ ਤੋਂ ਕਿਥੋਂ ਤਕ ਹੈ ਇਹ ਵੀ ਵਿਸ਼ੇਸ਼ ਤੌਰ 'ਤੇ ਸਪੱਸ਼ਟ ਕੀਤਾ ਗਿਆ ਹੈ ਪਰ ਇਹ ਆਮ ਤੌਰ 'ਤੇ ਵੇਖਣ ਵਿਚ ਆਇਆ ਹੈ ਕਿ ਸੋਦਰ ਰਹਿਰਾਸ ਅਤੇ ਸੋਹਿਲੇ ਦੀ ਬਾਣੀ ਦੀ ਮਰਿਆਦਾ ਵੀ ਹਰ ਸੰਸਥਾ ਨੇ ਵੱਖ ਵੱਖ ਬਣਾਈ ਹੋਈ ਹੈ। ਇਥੋਂ ਤਕ ਕਿ ਗੁਟਕੇ ਵੀ ਆਪੋ-ਆਪਣੇ ਛਪਾਏ ਹੋਏ ਹਨ। ਇਸ ਪਿਰਤ ਨੂੰ ਸਮੇਂ ਸਿਰ ਸਾਂਭ ਲਿਆ ਗਿਆ ਹੁੰਦਾ ਤਾਂ ਹੁਣ ਇਹ ਨੌਬਤ ਨਾ ਆਉਂਦੀ। ਅੱਜ ਸਿਖ ਨਿਤਨੇਮ ਦੀਆਂ ਬਾਣੀਆਂ ਤੇ ਕਿੰਤੂ ਕਰਦੇ ਹਨ, ਅੰਮ੍ਰਿਤ ਦੀਆਂ ਬਾਣੀਆਂ ਤੇ ਵੀ ਕਿੰਤੂ ਕਰਨ ਲੱਗ ਪਏ ਹਨ। ਕਲ੍ਹ ਨੂੰ ਇਹ ਗੁਰੂ ਗਰੰਥ ਸਾਹਿਬ ਤੇ ਵੀ ਕਿੰਤੂ ਕਰਨਾ ਸ਼ੁਰੂ ਕਰ ਦੇਣਗੇ। ਇਹ ਰਾਹ ਕੌਮ ਦੀ ਬਰਬਾਦੀ ਤੋਂ ਸਿਵਾ ਹੋਰ ਕਿਧਰੇ ਨਹੀਂ ਜਾਂਦਾ।

**3. ਅਰਦਾਸ :** ਅਰਦਾਸ ਦਾ ਜੋ ਨਮੂਨਾ ਸਿਖ ਰਹਿਤ ਮਰਿਆਦਾ ਵਿਚ ਦਿਤਾ ਗਿਆ ਹੈ, ਉਹ ਹੀ ਹਰ ਥਾਂ ਲਾਗੂ ਹੋਣਾ ਚਾਹੀਦਾ ਹੈ। ਪਰ ਹਰ ਗੁਰਦੁਆਰੇ/ਡੇਰੇ/ ਸੰਸਥਾ ਵਿਚ ਆਪਣੇ ਹੀ ਤਰੀਕੇ ਨਾਲ ਇਸ ਵਿਚ ਵਾਧਾ ਕੀਤਾ ਗਿਆ ਹੋਇਆ ਹੈ।

**ਗੁਰਦੁਆਰੇ :** ਹੈਡਿੰਗ ਗੁਰਦੁਆਰੇ ਤਹਿਤ ਗੁਰੂ ਗਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਅਦਬ ਸਤਿਕਾਰ ਦੀ ਮਰਿਆਦਾ ਦਰਸਾਈ ਗਈ ਹੈ (ਪੰਨਾ 12 ਤੋਂ 15)

**4. ਆਰਤੀ :** ਸਿਖ ਰਹਿਤ ਮਰਿਆਦਾ ਵਿਚ ਦੀਵੇ ਬਾਲ ਕੇ ਆਰਤੀ ਕਰਨ ਦੀ ਮਨਾਹੀ ਕੀਤੀ ਗਈ ਹੈ, ਜੋਤਾਂ ਜਗਾਉਣੀਆਂ, ਭੋਗ ਲਾਉਣੇ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀ। (ਪੰਨਾ -13) ਪਰ ਫਿਰ ਵੀ ਬਹੁਤ ਸਾਰੇ ਗੁਰਦੁਆਰਿਆਂ/ਡੇਰਿਆਂ ਵਿਚ ਅੱਜ ਵੀ ਧੜੱਲੇ ਨਾਲ ਅਜਿਹਾ ਹੋ ਰਿਹਾ ਹੈ, ਕੋਈ ਰੋਕਣ ਟੋਕਣ ਵਾਲਾ ਨਹੀਂ ਹੈ , ਸ਼ਾਇਦ ਸਾਨੂੰ ਵੇਖ ਕੇ ਅੱਖਾਂ ਮੀਟ ਲੈਣ ਦੀ ਆਦਤ ਪੈ ਗਈ ਹੈ ।

5. ਗੁਰੂ ਗਰੰਥ ਸਾਹਿਬ ਦੇ ਤੁਲ ਕਿਸੇ ਹੋਰ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ (ਪੰਨਾ 13 )

ਇਸ ਦੇ ਬਾਵਜੂਦ ਕਈ ਥਾਈਂ ਐਸਾ ਹੋ ਰਿਹਾ ਹੈ, ਸੋ ਇਹ ਮੱਸਲਾ ਵੀ ਵਿਚਾਰਨਯੋਗ ਹੈ।

**6. ਕੀਰਤਨ :** ਸਿਖ ਰਹਿਤ ਮਰਿਆਦਾ ਅਨੁਸਾਰ ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਗਾਉਣ ਨੂੰ ਕਿਹਾ ਜਾਂਦਾ ਹੈ।

ਅੱਜਕਲ੍ਹ ਦਾ ਬਹੁਤਾ ਕੀਰਤਨ ਫ਼ਿਲਮੀ ਧੁਨਾਂ/ ਪ੍ਰਚਲਿਤ ਗੀਤਾਂ ਦੀਆਂ ਤਰਜ਼ਾਂ 'ਤੇ ਹੋ ਰਿਹਾ ਹੈ, ਉਸ ਨੂੰ ਕੀ ਕਹਾਂਗੇ ? ਨਾ ਹੀ ਸ਼ਬਦ ਦੇ ਕੇਂਦਰੀ ਭਾਵ-ਰਹਾਓ ਦੀ ਪੰਗਤੀ ਨੂੰ ਟੇਕ ਰੱਖਿਆ ਜਾਂਦਾ ਹੈ ਮਰਜ਼ੀ ਅਨੁਸਾਰ ਅਤੇ ਲੋੜ ਅਨੁਸਾਰ ਜਿਹੜੀ ਮਰਜ਼ੀ ਪੰਗਤੀ ਨੂੰ ਅਸਥਾਈ ਬਣਾ ਲਿਆ ਜਾਂਦਾ ਹੈ।

**7. ਇਕ ਸਮੇਂ 'ਤੇ ਇਕੋ ਸਮਾਗਮ :** ਬਹੁਤ ਸਾਰੇ ਗੁਰਦੁਆਰਿਆਂ/ਡੇਰਿਆਂ ਵਿਚ ਇਕੋ ਹਾਲ ਵਿਚ ਇਕ ਜਾਂ ਇਕ ਤੋਂ ਵਧ ਅਖੰਡ ਪਾਠ ਰਖੇ ਹੁੰਦੇ ਹਨ ਅਤੇ ਨਾਲ ਓਸੇ ਹਾਲ ਵਿਚ ਹੀ ਦੀਵਾਨ/ਸਮਾਗਮ ਵੀ ਚਲ ਰਿਹਾ ਹੁੰਦਾ ਹੈ, ਜਿਸ ਵਿਚ ਕੀਰਤਨ, ਕਥਾ, ਢਾਡੀ ਦਰਬਾਰ ਜਾਂ ਕਵੀ ਦਰਬਾਰ ਰੱਖਿਆ ਹੁੰਦਾ ਹੈ। ਜਦੋਂ ਕੋਈ ਢਾਡੀ ਜਾਂ ਕਵੀ ਬੀਰ ਰਸੀ ਪ੍ਰਸੰਗ ਜਾਂ ਜੋਸ਼ ਭਰੀ ਕਵਿਤਾ ਸੁਣਾ ਰਿਹਾ ਹੁੰਦਾ ਹੈ ਤਾਂ ਪਾਠ ਕਰ ਰਹੇ ਪਾਠੀ ਦੇ ਅੰਦਰ ਵੀ ਜੋਸ਼ ਪੈਦਾ ਹੁੰਦਾ ਹੋਵੇਗਾ ਅਤੇ ਉਸ ਦਾ ਦਿਲ ਵੀ ਬਾਕੀ ਸੰਗਤਾਂ ਵਾਂਗ ਜੈਕਾਰਾ ਛੱਡਣ ਨੂੰ ਕਰਦਾ ਹੋਵੇਗਾ। ਇਸ ਤਰ੍ਹਾਂ ਪਾਠ ਵਲੋਂ ਧਿਆਨ ਪਾਸੇ ਹੋਣਾ ਸੁਭਾਵਕ ਹੈ ਅਤੇ ਬਾਣੀ ਦੀ ਬੇਅਦਬੀ ਵੀ...। ਅਜਿਹਾ ਬਹੁਤ ਅਸਥਾਨਾਂ /ਡੇਰਿਆਂ ਤੇ ਵੇਖਣ ਨੂੰ ਮਿਲਦਾ ਹੈ ।

**8. ਹੁਕਮ ਲੈਣਾ :** ਕਈ ਥਾਵਾਂ ਤੇ ਗਰੰਥੀ, ਹੁਕਮ ਸਵੇਰੇ ਖਬੇ ਪਾਸੇ ਤੋਂ , ਦੁਪਹਿਰੇ ਵਿਚਕਾਰੋਂ ਅਤੇ ਸ਼ਾਮ ਨੂੰ ਸਜੇ ਪਾਸੇ ਤੋਂ ਲੈਂਦੇ ਹਨ ਅਤੇ ਕਈ ਤਾਂ ਜਿਥੋਂ ਮਰਜ਼ੀ ਹੁਕਮ ਲੈ ਲੈਂਦੇ ਹਨ। ਕਈ ਪਾਠੀ ਕੁਝ ਪੰਨੇ ਖਬੇ ਤੋਂ ਅਤੇ ਕੁਝ ਸਜੇ ਤੋਂ ਚੁਕ ਕੇ ਫ਼ਿਰ ਹੁਕਮ ਕਢਦੇ ਹਨ ਜਦ ਕਿ ਰਹਿਤ ਮਰਿਯਾਦਾ ਵਿਚ ਸ਼ਪਸ਼ਟ ਲਿਖਿਆ ਹੈ ਕਿ 'ਹੁਕਮ' ਲੈਣ ਲੱਗਿਆਂ ਖਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਦਾ। ਜੇ ਸ਼ਬਦ ਦਾ ਮੁਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਦੀ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ'ਤੇ ਭੋਗ ਪਾਇਆ ਜਾਵੇ। ਗਰੰਥ ਸਾਹਿਬ ਦੀ ਬਾਣੀ ਨੂੰ ਪੜ੍ਹਨਾ ਸ਼ੁਰੂ ਕਰੇ। ਜੇਕਰ ਕਿਸੇ ਪੰਥ ਦੋਖੀਆਂ ਵਲੋਂ ਕਿਸੇ ਸਾਜ਼ਿਸ਼ ਅਧੀਨ ਕੌਮ ਵਿਚ ਪਾੜਾ ਅਤੇ ਵੰਡੀਆਂ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਉਹ ਵੀ ਆਪਣੇ-ਆਪ ਸ਼ਾਂਤ ਹੋ ਜਾਣਗੇ, ਜੇਕਰ ਅਸੀਂ ਬਾਣੀ ਦੇ ਸਿਧਾਂਤ ਅਨੁਸਾਰ ਜੀਵਨ ਜੀਊਣਾ ਸ਼ੁਰੂ ਕਰ ਦਿਆਂਗੇ। ਮੈਂ ਤਾਂ ਇਹ ਕਹਾਂਗਾ ਕਿ ਸਿਖ ਰਹਿਤ ਮਰਿਆਦਾ ਦੀ ਕਾਪੀ ਹਰ ਘਰ ਵਿਚ ਹੋਣੀ ਚਾਹੀਦੀ ਹੈ, ਹਰ ਸਿਖ ਨੂੰ ਪੜ੍ਹਨੀ ਚਾਹੀਦੀ ਹੈ। ਹਰ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਵਿਸ਼ੇਸ਼ ਤੌਰ 'ਤੇ ਸਿਖ ਰਹਿਤ ਮਰਿਆਦਾ ਪੜ੍ਹਨੀ ਤੇ ਲਾਗੂ ਕਰਨੀ ਚਾਹੀਦੀ ਹੈ। ਏਨਾ ਹੀ ਨਹੀਂ, ਸਿਖ ਰਹਿਤ ਮਰਿਆਦਾ ਸਾਡੇ ਸਕੂਲਾਂ ਵਿਚ ਬਚਿਆਂ ਦੇ ਸਿਲੇਬਸ ਦਾ ਹਿਸਾ ਹੋਣੀ ਚਾਹੀਦੀ ਹੈ ਤਾਂ ਕਿ ਆਉਣ ਵਾਲੀ ਪੀੜ੍ਹੀ ਪਹਿਲਾਂ ਹੀ ਸਿਖੀ ਅਸੂਲਾਂ ਤੋਂ ਜਾਣੂ ਹੋ ਸਕੇ। ਘਟੋ ਘਟ ਜਿਹੜੇ ਸਕੂਲ/ਕਾਲਜ ਸ਼੍ਰੋਮਣੀ ਕਮੇਟੀ ਜਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹਨ, ਅਤੇ ਹੋਰ ਜਿਹੜੇ ਪ੍ਰਾਈਵੇਟ ਅਦਾਰੇ, ਸਿਖ ਗੁਰੂ ਸਾਹਿਬਾਨ ਦੇ ਨਾਂਵਾਂ 'ਤੇ ਚਲ ਰਹੇ ਹਨ ਅਤੇ ਜਿਹੜੇ ਲੋਕਲ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧ ਹੇਠ ਚਲ ਰਹੇ ਹਨ, ਉਹਨਾਂ ਵਿਚ ਤਾਂ ਅਜਿਹਾ ਕਰਨਾ ਕੋਈ ਮੁਸ਼ਕਲ ਨਹੀਂ ਹੈ। ਇਸ ਲਈ ਸਾਡੀਆਂ ਪ੍ਰਮੁਖ ਸੰਸਥਾਵਾਂ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਸਾਹਿਬ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਆਓ ਜ਼ਰਾ ਸਿਖ ਰਹਿਤ ਮਰਿਆਦਾ ਦੇ ਕੁਝ ਪ੍ਰਮੁਖ ਨੁਕਤਿਆਂ 'ਤੇ ਝਾਤ ਪਾਈਏ ਅਤੇ ਵੇਖੀਏ ਕਿ ਇਸ ਦੇ ਕਿੰਨੇ ਕੁ ਨੁਕਤੇ ਅਸਾਂ ਆਪਣੇ ਜੀਵਨ ਵਿਚ ਅਤੇ ਆਪਣੇ ਗੁਰੂ ਘਰਾਂ ਵਿਚ ਲਾਗੂ ਕੀਤੇ ਹਨ ।

# ਐਸ.ਵਾਈ.ਐਲ. ਨਹਿਰ ਦੇ ਪਾਣੀ ਵਿਚੋਂ ਹਰਿਆਣਾ ਦਾ ਹਿੱਸਾ ਲੈਣਾ ਸਾਡਾ ਨਿਸ਼ਾਨਾ : ਮਨੋਹਰ ਲਾਲ ਖੱਟਰ

**ਚੰਡੀਗੜ੍ਹ/ਨਿਊਜ਼ ਬਿਊਰੋ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਰਾਜਨੀਤਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੇ ਮੁੱਦੇ ਨੂੰ ਸੱਤਾ ਦੀ ਪੌੜੀ ਬਣਾ ਕੇ ਰਾਜਸੀ ਰੋਟੀਆਂ ਸੇਕਣ ਤੋਂ ਗੁਰੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਐਸ.ਵਾਈ.ਐਲ. ਦੇ ਪਾਣੀ ਦੀ ਇੱਕ ਬੂੰਦ ਵੀ ਨਹੀਂ ਛੱਡਾਂਗੇ ਅਤੇ ਇਹ ਸਾਡਾ ਸੰਕਲਪ ਹੈ। ਮੁੱਖ ਮੰਤਰੀ ਅੱਜ ਇੱਥੇ ਹਰਿਆਣਾ ਵਿਧਾਨ ਸਭਾ ਵਿੱਚ ਰਾਜਪਾਲ ਦੇ ਭਾਸ਼ਣ 'ਤੇ ਆਪਣਾ ਜਵਾਬ ਦੇ ਰਹੇ ਸਨ। ਉਨ੍ਹਾਂ ਨੇ ਵਿਰੋਧੀ ਪੱਖ 'ਤੇ ਚੋਟ ਕਰਦੇ ਹੋਏ ਕਿਹਾ ਕਿ ਵਿਰੋਧੀ ਧਿਰ ਲਈ ਐਸ.ਵਾਈ.ਐਲ. ਦਾ ਮਤਲਬ ਅਤੇ ਮੰਤਰ 'ਸੱਤਾ ਯੂੰ ਲੂੰਗਾ' ਹੈ ਅਤੇ ਵਿਰੋਧੀ ਧਿਰ ਲਈ ਐਸ.ਵਾਈ.ਐਲ. ਇੱਕ ਬੋਤਲ ਦੇ ਜਿੰਨ ਦੀ ਤਰ੍ਹਾਂ ਹੈ , ਜਦੋਂ ਵਿਰੋਧੀ ਧਿਰ ਦੇ ਲੋਕ ਸੱਤਾ ਵਿੱਚ ਹੁੰਦੇ ਹਨ ਤਾਂ ਇਹ ਜਿੰਨ ਬੋਤਲ ਵਿੱਚ ਬੰਦ ਹੋ ਜਾਂਦਾ ਹੈ ਅਤੇ ਜਦੋਂ ਇਹ ਸੱਤਾ ਵਿੱਚ ਨਹੀਂ ਹੁੰਦੇ ਹਨ ਤਾਂ ਇਹ ਜਿੰਨ ਬੋਤਲ ਤੋਂ ਬਾਹਰ ਆ ਜਾਂਦਾ ਹੈ। ਮੁੱਖ ਮੰਤਰੀ ਨੇ ਸਦਨ ਵਿੱਚ ਸੁਝਾਅ ਦਿੰਦੇ ਹੋਏ ਕਿਹਾ ਕਿ ਐਸ.ਵਾਈ.ਐਲ. ਦੇ ਮਾਮਲੇ 'ਤੇ ਸਾਰੀਆਂ ਪਾਰਟੀਆਂ ਦੀ ਮੀਟਿੰਗ ਹੋਵੇ ਅਤੇ ਇਸ 'ਤੇ ਕਾਰਵਾਈ ਕਰਨ ਲਈ ਇੱਕ ਦਿਸ਼ਾ ਨਿਰਧਾਰਿਤ ਕੀਤੀ ਜਾਵੇ। ਦੂਸਰੇ ਪਾਸੇ, ਵਿਰੋਧੀ ਧਿਰ ਦੇ ਆਗੂ ਅਭੈ ਚੌਟਾਲਾ ਨੇ ਦੋਸ਼ ਲਾਇਆ ਕਿ ਭਾਜਪਾ ਸਰਕਾਰ ਦੀਆਂ ਕੁਤਾਹੀਆਂ ਕਾਰਨ ਅੱਜ ਤਕ ਐਸਵਾਈਐਲ ਦੀ ਉਸਾਰੀ ਸ਼ੁਰੂ ਨਹੀਂ ਹੋ ਸਕੀ। ਸ੍ਰੀ ਖੱਟਰ ਨੇ ਕਿਹਾ ਕਿ ਐਸ.ਵਾਈ.ਐਲ ਦੇ ਸਬੰਧ ਵਿੱਚ ਜ਼ਮੀਨ ਸਰਕਾਰ ਦੇ



ਨਾਂ ਹੋ ਚੁੱਕੀ ਹੈ ਅਤੇ ਇਸ ਦਾ ਕਬਜ਼ਾ ਲੈਣਾ ਬਾਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਐਸ.ਵਾਈ.ਐਲ. ਦੀ ਲੜਾਈ ਬਹੁਤ ਗੰਭੀਰਤਾ ਨਾਲ ਲੜ ਰਹੀ ਹੈ। ਉਨ੍ਹਾਂ ਨੇ ਕਾਂਗਰਸ ਪਾਰਟੀ ਦੇ ਮੈਂਬਰਾਂ ਨੂੰ ਸਵਾਲ ਕਰਦੇ ਹੋਏ ਕਿਹਾ ਕਿ 2004 ਤੋਂ 2014 ਤੱਕ ਉਨ੍ਹਾਂ ਦੀ ਸਰਕਾਰ ਨੇ ਕੋਈ ਯਤਨ ਨਹੀਂ ਕੀਤਾ। ਮੁੱਖ ਮੰਤਰੀ ਨੇ ਆਗਰਾ ਕੈਨਾਲ ਦੇ ਸਬੰਧ ਵਿੱਚ ਸਦਨ ਵਿੱਚ ਦੱਸਿਆ ਕਿ ਆਗਰਾ ਕੈਨਾਲ ਉੱਤਰ ਪ੍ਰਦੇਸ਼ ਸਰਕਾਰ ਦੀ ਯੋਜਨਾ ਨਾਲ ਬਣੀ ਹੈ ਅਤੇ ਇਹ ਉਨ੍ਹਾਂ ਦੇ ਅਧਿਕਾਰ ਵਿੱਚ ਆਉਂਦੀ ਹੈ, ਲੇਕਿਨ ਇਸ ਕੈਨਾਲ ਦਾ 100 ਕਿਲੋਮੀਟਰ ਦਾ ਭਾਗ ਹਰਿਆਣਾ ਵਿੱਚ ਪੈਂਦਾ ਹੈ ਅਤੇ ਇਸ ਕੈਨਾਲ ਦੇ ਮਾਈਨਰਾਂ ਦੇ ਮਾਧਿਅਮ ਨਾਲ ਹਰਿਆਣਾ ਦੇ ਕੁੱਝ ਖੇਤਰਾਂ ਨੂੰ ਪਾਣੀ ਦੀ ਸਪਲਾਈ ਹੁੰਦੀ ਹੈ।

## ਵਿਚਾਰ ਆਪੋ ਅਪਣੇ

*ਇਸ ਲੇਖ ਦੇ ਸਿਰਲੇਖ, ਮੂਲ ਤੱਤ ਅਤੇ ਇਸ ਵਿੱਚ ਪ੍ਰਗਟਾਏ ਵਿਚਾਰ ਸਿੱਖ ਵਿਦਵਾਨਾਂ ਵਿਚਲੇ ਇੱਕ ਧੜੇ ਦੀ ਤਰਜ਼ਮਾਨੀ ਕਰਦੇ ਹਨ ਜਿਹੜੇ ਪੰਜਾਬ ਦੀ ਰਾਜਨੀਤੀ ਉੱਤੇ ਭਾਰੂ ਸਿੱਖ ਸਿਆਸਦਾਨਾਂ ਅਤੇ ਉਨ੍ਹਾਂ ਦੇ ਦਿੱਲੀ ਦਰਬਾਰ ਵਿਚਲੇ ਪ੍ਰਭੂਆਂ ਨੂੰ ਬੜਾ ਰਾਸ ਆਉਂਦੇ ਹਨ। ਜਦੋਂ ਕਿ ਸਿੱਖਾਂ ਦੀ ਆਜ਼ਾਦ ਹਸਤੀ ਅਤੇ ਅਪਣੇ ਘਰ ਦੇ ਮੁੱਦਈ ਵਿਦਵਾਨ, ਪੰਥਕ ਜਥੇਬੰਦੀਆਂ ਤੇ ਖਾੜਕੂ ਸਿੱਖਾਂ ਦਾ ਅਜਿਹੇ 'ਦੇਸ਼ ਭਗਤ ਵਿਚਾਰਾਂ ਵਾਲਿਆਂ' ਨਾਲ ਗੰਭੀਰ ਮੱਤਭੇਦ ਅਤੇ ਵਿਰੋਧ ਹੈ। ਅਸੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਅਨ ਵਿਭਾਗ ਦੇ ਮੁਖੀ ਰਹਿ ਚੁੱਕੇ ਲੇਖਕ ਦਾ 'ਪੰਜਾਬੀ ਟ੍ਰਿਬਿਊਨ' ਵਿੱਚ ਛਪਿਆ ਇਹ ਆਰਟੀਕਲ ਇਸ ਸਬੰਧੀ ਅੱਗੋਂ ਵਿਚਾਰ-ਚਰਚਾ ਸ਼ੁਰੂ ਕਰਨ ਦੇ ਮਨਸ਼ੇ ਨਾਲ ਇੱਥੇ ਛਾਪ ਰਹੇ ਹਾਂ-ਸੰਪਾਦਕ*

# ਸਿੱਖ ਸੁਭਾਅ ਦਾ ਹਿੱਸਾ ਨਹੀਂ ਵੱਖਵਾਦੀ ਸਿਆਸਤ

**ਬਲਕਾਰ ਸਿੰਘ (ਪ੍ਰੋ.)**
ਫੋਨ ਸੰਪਰਕ: 93163-01328



ਭਾਰਤ ਦੀ ਸਿਆਸਤ ਵਿਚ ਪੰਜਾਬ ਸਦਾ ਹੀ ਇਕ ਤੋਂ ਵੱਧ ਕਾਰਨਾਂ ਕਰ ਕੇ ਸੂਬਾਈ ਸਿਆਸਤ ਵਜੋਂ ਸਾਹਮਣੇ ਆਉਂਦਾ ਰਿਹਾ ਹੈ ਪਰ ਜਿਸ ਤਰ੍ਹਾਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤੀ ਫੇਰੀ ਦੇ ਹਵਾਲੇ ਨਾਲ ਸਿੱਖ ਭਾਈਚਾਰੇ ਨੂੰ ਲੈ ਕੇ ਸਿਆਸਤ ਭਖੀ ਹੈ, ਇਸ ਨਾਲ ਸਿੱਖ ਸਿਆਸਤ ਦੀ ਖਾਲਿਸਤਾਨੀ ਪਰਤ ਚਰਚਾ ਦੇ ਕੇਂਦਰ ਵਿਚ ਆ ਗਈ ਹੈ। ਪੰਜਾਬ ਵਿਚਲਾ ਖਾੜਕੂ ਵਰਤਾਰਾ ਬਹੁਤ ਦੇਰ ਦਾ ਹਿਜਰਤ ਕਰ ਚੁੱਕਾ ਹੈ; ਉਂਜ, ਇਸ ਦੇ ਹਵਾਲੇ ਨਾਲ ਦੇਸ਼-ਪੰਜਾਬ ਦੀ ਗੱਲ ਕਿਸੇ ਨਾ ਕਿਸੇ ਰੂਪ ਵਿਚ ਚੱਲਦੀ ਰਹਿੰਦੀ ਹੈ। ਪੰਜਾਬ ਆਉਣ ਤੋਂ ਪਹਿਲਾਂ ਟਰੂਡੋ ਦਾ ਦਿੱਲੀ, ਮਹਾਰਾਸ਼ਟਰ, ਯੂਪੀ ਅਤੇ ਗੁਜਰਾਤ ਵਿਚ ਬਿਨਾਂ ਢੋਲ-ਢਮੱਕੇ ਦੇ ਸੁਆਗਤ ਜਾ ਚੁੱਕਾ ਸੀ। ਉਸ ਉੱਪਰ ਗਰਮਦਲੀਏ ਸਿੱਖਾਂ ਪ੍ਰਤੀ ਨਰਮ ਹੋਣ ਦੇ ਦੋਸ਼ ਲੱਗ ਚੁੱਕੇ ਸਨ ਅਤੇ ਭਾਰਤੀ ਮੀਡੀਆ ਵਿਚ ਇਸ ਫੇਰੀ ਨੂੰ "ਖਾਲਿਸਤਾਨ-2" ਵੀ ਕਿਹਾ ਜਾ ਚੁੱਕਾ ਸੀ। ਇਸ ਨਾਲ ਜੁੜੇ ਕਿਸੇ ਵਿਸਥਾਰ ਵਿਚ ਜਾਏ ਬਿਨਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ 2014 ਦੀ ਮੋਦੀ ਹਨੇਰੀ ਨੂੰ ਪੰਜਾਬ ਨੇ ਨੇੜੇ ਨਹੀਂ ਆਉਣ ਦਿੱਤਾ ਸੀ, ਉਸੇ ਤਰ੍ਹਾਂ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਦੌਰੇ ਨੂੰ ਲੈ ਕੇ ਵੀ ਪੰਜਾਬ ਨੇ ਸੁਤੰਤਰ ਸਿਆਸੀ ਪੈਂਤੜਾ ਲੈ ਕੇ ਦੱਸ ਦਿੱਤਾ ਕਿ ਪੰਜਾਬ, ਪੰਜਾਬੀ ਸੂਬੇ ਦੀ ਸ਼ਕਲ ਵਿਚ ਵੀ ਦੇਸ਼-ਪੰਜਾਬ ਦੀ ਭੂਮਿਕਾ ਨਿਭਾ ਸਕਦਾ ਹੈ। ਆਪਣੀ ਇਸ ਵਿਲੱਖਣਤਾ ਦੀ ਕੀਮਤ ਜੋ ਪੰਜਾਬ ਅਤੇ ਪੰਜਾਬੀਆਂ ਨੂੰ ਚੁਕਾਉਣੀ ਪੈਂਦੀ ਰਹੀ ਹੈ, ਉਸ ਨੂੰ ਸਿਆਸੀ ਰੋਟੀਆਂ ਸੇਕਣ ਲਈ ਜਿਸ ਬੇਦਰਦੀ ਨਾਲ ਸਿਆਸਤਦਾਨਾਂ ਵਲੋਂ ਲਗਾਤਾਰ ਵਰਤਿਆ ਜਾ ਰਿਹਾ ਹੈ, ਉਸ ਦੇ ਹਵਾਲੇ ਨਾਲ ਹੀ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਭਾਰਤ ਦੌਰੇ ਨੂੰ ਸਮਝਣ ਦੀ ਲੋੜ ਹੈ।

ਭਾਰਤ ਸਰਕਾਰ ਦੀ ਬੇਰੁਖੀ ਨੂੰ ਲੈ ਕੇ ਜਿਹੋ ਜਿਹੀਆਂ ਕੂਟਨੀਤਕ ਟਿੱਪਣੀਆਂ ਸਾਹਮਣੇ ਆ ਰਹੀਆਂ ਹਨ, ਉਸ ਉਤੇ ਭਾਜਪਾ ਦੀ ਟਿਪਣੀ 'ਉਲਟਾ ਚੋਰ ਕੋਤਵਾਲ ਨੂੰ ਡਾਂਟੇ' ਦੇ ਨਾਲ ਨਾਲ ਟਰੂਡੋ ਫੇਰੀ ਨੂੰ ਸੈਰ ਸਪਾਟਾ ਜਾਂ ਛੁੱਟੀ ਹਫ਼ਤਾ ਵੀ ਕਿਹਾ ਜਾ ਰਿਹਾ ਹੈ। ਕੁਝ ਵੀ ਹੋਵੇ, ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਉਹੀ ਕੀਤਾ ਜੋ ਦੋਹਾਂ ਦੀ ਸਿਆਸਤ ਨੂੰ ਠੀਕ ਬੈਠਦਾ ਸੀ ਪਰ ਇਸ ਨਾਲ ਖਾਲਿਸਤਾਨ ਦਾ ਮੁੱਦਾ ਇਕ ਵਾਰ ਫਿਰ ਸਾਹਮਣੇ ਆ ਗਿਆ ਹੈ। ਕਹਿਣ ਨੂੰ ਭਾਵੇਂ ਇਸ ਨੂੰ ਕੁਝ ਵੀ ਕਹੀ ਜਾਈਏ ਪਰ ਸਿੱਖ ਭਾਈਚਾਰੇ ਨੂੰ ਇਹ ਸਾਬਤ ਕਰਨ ਦਾ ਮੌਕਾ ਮਿਲ ਗਿਆ ਹੈ ਕਿ ਕਿਸੇ ਵੀ ਦੇਸ਼ ਦੀ ਵਿਧਾਨਿਕਤਾ ਦੇ ਮਾਣ ਸਤਿਕਾਰ ਨਾਲ ਨਿਭਣ ਦਾ ਸਲੀਕਾ ਜਿਵੇਂ ਸਿੱਖਾਂ ਨੇ ਦੁਨੀਆਂ ਭਰ ਵਿਚ ਹੰਢਾਇਆ ਤੇ ਪ੍ਰਗਟਾਇਆ ਹੈ, ਉਸ ਨੂੰ ਧਿਆਨ ਵਿਚ ਰੱਖ ਕੇ ਵੱਖਵਾਦ ਵਰਗਾ ਠੱਪਾ ਸਿੱਖ ਭਾਈਚਾਰੇ 'ਤੇ ਨਹੀਂ ਲਾਇਆ ਜਾ ਸਕਦਾ। ਸਿੱਖਾਂ ਦੀ ਨਾਬਰੀ-ਨੈਤਿਕਤਾ ਨੂੰ ਸਿੱਖ ਪ੍ਰਸੰਗ ਵਿਚੋਂ ਕੱਢ ਕੇ ਵੱਖਵਾਦੀ ਸਿਆਸਤ ਸਮਝਣ ਦੀ ਗ਼ਲਤੀ ਕਰਾਂਗੇ ਤਾਂ ਨਤੀਜੇ ਇਹੋ ਜਿਹੇ ਹੀ ਨਿਕਲਣਗੇ ਜਿਸ ਤਰ੍ਹਾਂ ਦੇ ਪ੍ਰਭਾਵ ਖਾਲਿਸਤਾਨੀਆਂ ਦੇ ਬਹਾਨੇ ਨਾਲ ਭਾਰਤ ਨੂੰ ਤੋੜਨ ਦੀਆਂ ਟਿੱਪਣੀਆਂ ਸਾਹਮਣੇ ਲਿਆਂਦੇ ਜਾ ਰਹੇ ਹਨ। ਅਜਿਹਾ ਕਰਨ ਵਾਲਿਆਂ ਤੋਂ ਇਹ ਪੁੱਛਿਆ ਜਾ ਸਕਦਾ ਹੈ ਕਿ ਜਿਹੋ ਜਿਹੀ ਖਾਲਿਸਤਾਨੀਆਂ ਬਾਰੇ ਕੈਨੇਡੀਅਨ ਵਿਧਾਨ ਵਿਚ ਵਿਵਸਥਾ ਹੈ, ਉਹੋ ਜਿਹੀ ਵਿਵਸਥਾ ਭਾਰਤੀ ਵਿਧਾਨ ਵਿਚ ਵੀ ਹੈ। ਭਾਰਤ ਦੀ ਭਾਜਪਾ ਦੀ ਪਹੁੰਚ ਤਾਂ ਟਰੂਡੋ ਫੇਰੀ ਨੂੰ ਭਾਰਤ-ਵਿਰੋਧੀ ਕਹਿਣ ਦੀ ਥਾਂ ਮੋਦੀ-ਵਿਰੋਧੀ ਕਹੀ ਜਾ ਰਹੀ ਹੈ ਅਤੇ ਹਰ ਸੁਹਿਰਦ ਕੋਸ਼ਿਸ਼ ਨੂੰ ਵੀ ਗੋਂਗਲੂਆਂ ਤੋਂ ਮਿੱਟੀ ਝਾੜਨਾ ਹੀ ਕਹੀ ਜਾ ਰਹੀ ਹੈ। ਜਿਹੜੇ ਸਿਆਸਤਦਾਨ ਚੇਸ਼ਟਾ ਨੂੰ ਚੇਤਨਾ ਸਮਝਣ ਦਾ ਭਰਮ ਪਾਲ ਲੈਣਗੇ, ਉਨ੍ਹਾਂ ਨੂੰ ਤਾਂ ਇਹੀ ਲੱਗੇਗਾ ਕਿ ਟਰੂਡੋ ਫੇਰੀ ਵੱਲ ਪਿੱਠ ਕਰ ਕੇ ਜਿੱਤ ਦਾ ਪਰਚਮ ਲਹਿਰਾ ਦਿੱਤਾ ਗਿਆ ਹੈ।

ਮੋਦੀ ਨੂੰ ਤਾਂ ਉਸ ਦੀ ਚੜ੍ਹਤ ਵੇਲੇ 2014 ਵਿਚ ਬਹੁਤ ਸਾਰੇ ਸੂਬਿਆਂ ਨੇ ਨੇੜੇ ਨਹੀਂ ਫਟਕਣ ਦਿੱਤਾ ਸੀ ਪਰ ਸੂਬਾਈ ਸਿਆਸਤ ਨਾਲ ਜੁੜੇ ਹੋਏ ਮੁੱਦਿਆਂ ਨੂੰ ਪੰਜਾਬ ਵਾਂਗ ਭਾਰਤ ਦੇ ਕਿਸੇ ਵੀ ਹੋਰ ਸੂਬੇ ਨੇ ਲਿਆ ਹੋਵੇ, ਉਹ ਕਿਧਰੇ ਨਜ਼ਰ ਨਹੀਂ ਆਉਂਦਾ। ਸੂਬਾਈ ਸਿਆਸਤ ਨੂੰ ਲੈ ਕੇ ਜਿਹੜਾ ਮੁੱਦਾ ਆਨੰਦਪੁਰ ਸਾਹਿਬ ਦੇ ਮਤੇ ਰਾਹੀਂ ਪੰਜਾਬ ਨੇ ਸਾਹਮਣੇ ਲਿਆਂਦਾ ਸੀ, ਉਹ ਜੇ ਖਾਲਿਸਤਾਨੀ ਸਿਆਸਤ ਦੀ ਭੇਟ ਨਾ ਚੜ੍ਹਦਾ ਤਾਂ ਸੂਬਾਈ ਸਿਆਸਤ ਵਲੋਂ ਕੇਂਦਰੀਕਰਨ ਦੀ ਰਾਜਨੀਤੀ ਤੋਂ ਮੁਕਤੀ ਪ੍ਰਾਪਤ ਕਰਨ ਦਾ ਰਾਹ ਪੱਧਰਾ ਹੋ ਸਕਦਾ ਸੀ। ਸਪਸ਼ਟ ਹੈ ਕਿ ਛਾਂਗੇ ਹੋਏ ਪੰਜਾਬ ਵਿਚ ਵੀ ਵਿਰਾਸਤੀ ਪੰਜਾਬ ਵਾਲਾ ਫ਼ਖ਼ਰ ਅੰਗੜਾਈਆਂ ਲੈਂਦਾ ਰਹਿੰਦਾ ਹੈ। ਕੈਨੇਡੀਅਨ ਰਾਜਨੀਤੀ ਵਿਚ ਸਿੱਖ ਭੂਮਿਕਾ ਦਾ ਜੋ ਪ੍ਰਗਟਾਵਾ ਟਰੂਡੋ ਸਰਕਾਰ ਵਿਚ ਨਜ਼ਰ ਆ ਰਿਹਾ ਹੈ, ਇਸ ਨਾਲ ਸਿੱਖਾਂ ਨੂੰ ਅਜਿਹੀ ਸਿਆਸਤ ਤੋਂ ਪਾਸੇ ਹੋਣ ਦੀ ਲੋੜ ਮਹਿਸੂਸ ਹੋਣ ਲੱਗ ਪਈ ਹੈ, ਜਿਸ ਨਾਲ ਸਿੱਖ ਭਾਈਚਾਰੇ ਨੂੰ ਇਸਲਾਮੀ ਸਿਆਸਤ ਵਾਲੇ ਰਾਹ ਪੈਣ ਤੋਂ ਰੋਕਿਆ ਜਾ ਸਕੇ। ਇਸ ਪੱਖ ਤੋਂ ਭਾਰਤ ਦੀ ਟਰੂਡੋ ਫੇਰੀ ਦੀ ਅਹਿਮੀਅਤ ਸਿੱਖ ਭਾਈਚਾਰੇ ਨੂੰ ਖਾਸ ਤੌਰ 'ਤੇ ਅਹਿਮ ਲੱਗਣ ਲੱਗ ਪਈ ਹੈ। ਹਰ ਰੰਗ ਦੇ ਸਿੱਖ ਕੈਨੇਡੀਅਨ ਪ੍ਰਧਾਨ ਮੰਤਰੀ ਬਾਰੇ ਜੋ ਦਿੱਲੀ ਤੇ ਮੁੰਬਈ ਵਿਚ ਨਹੀਂ ਸਨ ਕਰ ਸਕੇ, ਉਹ ਪੰਜਾਬ ਵਿਚ ਹੋਇਆ ਦੇਖਣ ਦੀ ਰੀਝ ਪਾਲ ਰਹੇ ਸਨ।

ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਅਵਸਰ ਨੂੰ ਸ਼ਾਨਾਮੱਤੇ ਢੰਗ ਨਾਲ ਸੰਭਾਲਣ ਦਾ ਫੈਸਲਾ ਕਰ ਕੇ ਦੁਨੀਆਂ ਭਰ ਦੇ ਪੰਜਾਬੀਆਂ ਦੀ ਵਾਹ ਵਾਹ ਖੱਟ ਲਈ ਹੈ। ਇਸ ਨਾਲ ਇਹ ਨੁਕਤਾ ਵੀ ਉਭਰ ਕੇ ਸਾਹਮਣੇ ਆ ਗਿਆ ਹੈ ਕਿ ਜੋ ਸਿਆਸੀ ਪੈਂਤੜਾ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੇ ਹਵਾਲੇ ਨਾਲ ਲਿਆ ਸੀ, ਉਹ ਸਿੱਖ ਸਿਆਸਤ ਵਿਚ ਖਾਲਿਸਤਾਨੀ ਦਖ਼ਲ ਦੀ ਭੂਮਿਕਾ ਨੂੰ ਸਮਝਣ ਵਾਸਤੇ ਕਿੰਨਾ ਅਹਿਮ ਸੀ। ਇਸੇ ਨੂੰ ਨਾਲ ਲੈ ਕੇ ਕੈਪਟਨ ਦੀ ਮੀਟਿੰਗ ਕੈਨੇਡੀਅਨ ਪ੍ਰਧਾਨ ਮੰਤਰੀ ਨਾਲ ਹੋਈ ਸੀ ਅਤੇ ਸੱਜਣ ਵੀ ਉਸ ਦਾ ਹਿੱਸਾ ਸਨ। ਇਸੇ ਦੀ ਲਗਾਤਾਰਤਾ ਵਿਚ ਕੈਨੇਡੀਅਨ ਪਾਰਲੀਮੈਂਟ ਵਿਚ ਕੰਜ਼ਰਵੇਟਿਵ ਪਾਰਟੀ ਵਲੋਂ ਮਤਾ ਲਿਆਂਦਾ ਗਿਆ ਹੈ ਕਿ ਕੈਨੇਡਾ ਜਿਵੇਂ ਭਾਰਤ ਵਿਰੋਧੀ ਨਹੀਂ, ਉਸੇ ਤਰ੍ਹਾਂ ਖਾਲਿਸਤਾਨ ਹਮਾਇਤੀ ਵੀ ਨਹੀਂ ਹੈ।

ਖਾਲਿਸਤਾਨੀ ਸਿਆਸਤ ਦੇ ਹਵਾਲੇ ਨਾਲ ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਧਰਮਾਂ ਦੇ ਪ੍ਰਸੰਗ ਵਿਚ ਸਿੱਖ ਧਰਮ ਸਦਾ ਹੀ ਲੋਕਤੰਤਰੀ ਕੀਮਤਾਂ ਦਾ ਮੁਦਈ ਰਿਹਾ ਹੈ। ਇਸ ਦੇ ਬਾਵਜੂਦ ਇਹ ਮੰਨ ਲੈਣਾ ਚਾਹੀਦਾ ਹੈ ਕਿ ਲੋਕਤੰਤਰ ਵਿਚੋਂ ਸ਼ੈਤਾਨੀਅਤ ਦੀ ਘੁਸਪੈਠ ਨੂੰ ਨਹੀਂ ਰੋਕਿਆ ਜਾ ਸਕਦਾ। ਸਿੱਖ ਬਹੁਗਿਣਤੀ, ਖਾਲਿਸਤਾਨ ਬਾਰੇ ਕੁਝ ਨਹੀਂ ਜਾਣਦੀ; ਅਤੇ ਜਿਹੜੇ ਜਾਣਦੇ ਹਨ, ਉਨ੍ਹਾਂ ਵਿਚੋਂ ਖਾਲਿਸਤਾਨੀਆਂ ਦੀ ਗਿਣਤੀ ਬਹੁਤ ਨਿਗੂਣੀ ਜਿਹੀ ਹੈ। ਇਸ ਹਾਲਤ ਵਿਚ ਖਾਲਿਸਤਾਨੀ ਮੁੱਦਾ ਜੇ ਜਿਉਂਦਾ ਵੀ ਰਹੇ ਤਾਂ ਵੀ ਇਸ ਨੂੰ ਸਿੱਖ ਮੁੱਦੇ ਵਜੋਂ ਮਾਨਤਾ ਨਹੀਂ ਮਿਲ ਸਕਦੀ। ਇਸ ਸਥਿਤੀ ਵਿਚ ਵੀ ਜੋ ਰਾਇਸ਼ੁਮਾਰੀ (ਰੈਫਰੈਂਡਮ) ਦੀ ਗੱਲ ਕਰਦੇ ਹਨ, ਉਨ੍ਹਾਂ ਦੇ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਪੰਜਾਬ ਵਿਚ ਅਜਿਹਾ ਤਿੰਨ ਵਾਰ ਹੁੰਦਾ ਹੈ। ਪਹਿਲਾ ਵਿਧਾਨ ਸਭਾਈ ਚੋਣਾਂ ਵੇਲੇ, ਦੂਜਾ ਪਾਰਲੀਮੈਂਟ ਚੋਣਾਂ ਵੇਲੇ ਅਤੇ ਤੀਜਾ ਸ਼੍ਰੋਮਣੀ ਕਮੇਟੀ ਚੋਣਾਂ ਵੇਲੇ। ਸਿੱਖ ਆਮ ਕਰ ਕੇ, ਤੇ ਪੰਜਾਬੀ ਖਾਸ ਕਰ ਕੇ ਕਿਸੇ ਵੀ ਕਿਸਮ ਦੀ ਵੱਖਵਾਦੀ ਸਿਆਸਤ ਦੇ ਖ਼ਿਲਾਫ਼ ਭੁਗਤਦੇ ਰਹੇ ਹਨ। ਤ੍ਰਾਸਦੀ ਇਹ ਹੈ ਕਿ ਭਾਰਤ ਵਿਚ ਸੱਚ ਦੀ ਵੀ ਸਿਆਸਤ ਹੁੰਦੀ ਰਹੀ ਹੈ ਅਤੇ ਪੰਜਾਬ ਦੀ ਖਾੜਕੂ ਲਹਿਰ ਨੂੰ ਸੰਭਾਲਣ ਦੀ ਥਾਂ ਇਸ ਨੂੰ ਬੇਲਗ਼ਾਮ ਹੋ ਜਾਣ ਵਾਲੇ ਹਾਲਾਤ ਪੈਦਾ ਕੀਤੇ ਜਾਂਦੇ ਰਹੇ ਹਨ। ਇਸ ਬਾਰੇ ਪੁਸਤਕੀ ਹਵਾਲੇ ਮਸਲੇ ਦੀ ਜੜ੍ਹ ਫੜਨ ਦੀ ਥਾਂ 1984 ਦੇ ਸਿੱਖ ਕਤਲੇਆਮ ਵੱਲ ਜਾਂਦੇ ਹਾਲਾਤ ਪੈਦਾ ਕਰਦੇ ਰਹੇ ਸਨ। ਇਸ ਨਾਲ ਸਿੱਖ ਭਾਈਚਾਰੇ ਦੇ ਗਲ ਵਿਚ ਅਜਿਹੇ ਮਸਲੇ ਪੈਂਦੇ ਰਹੇ ਹਨ, ਜਿਨ੍ਹਾਂ ਤੋਂ ਚਾਹੁਣ ਦੇ ਬਾਵਜੂਦ ਬਚਣਾ ਮੁਸ਼ਕਿਲ ਹੁੰਦਾ ਰਿਹਾ ਹੈ।

ਇਸੇ ਦੀਆਂ ਬਹੁਤ ਸਾਰੀਆਂ ਪਰਤਾਂ ਟਰੂਡੋ ਫੇਰੀ ਨਾਲ ਇਕ ਵਾਰ ਫਿਰ ਸਾਹਮਣੇ ਆਉਣ ਲੱਗ ਪਈਆਂ। ਭਾਰਤੀ ਏਜੰਸੀਆਂ ਦੇ ਉਹੀ ਕਾਰਕੁਨ, ਜੋ ਖਾੜਕੂ ਲਹਿਰ ਵੇਲੇ ਸ਼ਹਿ ਦੇਣ ਦੀ ਭੂਮਿਕਾ ਨਿਭਾਉਂਦੇ ਰਹੇ ਸਨ, ਟਰੂਡੋ ਫੇਰੀ ਨੂੰ ਖਾਲਿਸਤਾਨੀ ਸਿਆਸਤ ਵਿਚ ਉਲਝਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਸ ਦੀ ਸ਼ੁਰੂਆਤ ਭਾਰਤੀ ਮੀਡੀਆ ਵਿਚ 'ਖਾਲਿਸਤਾਨ-2' ਨਾਲ ਕੀਤੀ ਗਈ ਸੀ। ਜਿਹੋ ਜਿਹੀ ਸਿਆਸੀ ਲੜਾਈ ਪਾਕਿਸਤਾਨ ਸਿੱਖਾਂ ਦੇ ਗਲ ਪਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ, ਉਸੇ ਤਰ੍ਹਾਂ ਦੀ ਸਿਆਸਤ ਜੇ ਕਿਸੇ ਵੀ ਬਹਾਨੇ ਭਾਰਤੀ ਹੁਕਮਰਾਨ ਕਰ ਰਹੇ ਹੋਣਗੇ ਤਾਂ ਨਿੱਕੀਆਂ ਪ੍ਰਾਪਤੀਆਂ ਲਈ ਵੱਡੇ ਨੁਕਸਾਨ ਕਰ ਰਹੇ ਹੋਣਗੇ। ਹੁਣ ਤਾਂ ਇਹੋ ਜਿਹੇ ਹਵਾਲੇ ਵੀ ਮਿਲਣ ਲੱਗ ਪਏ ਹਨ ਕਿ ਸ਼ਾਂਤਮਈ ਸੰਘਰਸ਼ ਦੀਆਂ ਜਿਹੋ ਜਿਹੀਆਂ ਪੈੜਾਂ ਸਿੱਖਾਂ ਨੇ ਪਾਈਆਂ ਹਨ, ਉਸ ਦੀ ਰੌਸ਼ਨੀ ਵਿਚ ਖਾਲਿਸਤਾਨੀ ਠੱਪੇਬੰਦੀ ਵਾਲੀ ਸਿਆਸਤ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਕੈਨੇਡਾ ਵਿਚ ਸਿੱਖਾਂ ਦੀ ਗਿਣਤੀ ਉਸੇ ਤਰ੍ਹਾਂ ਬਹੁਤ ਘੱਟ ਹੈ ਜਿਵੇਂ ਭਾਰਤ ਵਿਚ ਬਹੁਤ ਘੱਟ ਹੈ। ਦੋਹਾਂ ਹੀ ਦੇਸ਼ਾਂ ਦੇ ਲੋਕਤੰਤਰ ਵਿਚ ਸਿੱਖਾਂ ਦੀ ਅਹਿਮ ਭੂਮਿਕਾ ਹੈ। ਇਸ ਦੇ ਕਾਰਨਾਂ ਦੇ ਵਿਸਥਾਰ ਵਿਚ ਜਾਏ ਬਿਨਾਂ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਨੂੰ ਹਰ ਮੈਦਾਨ ਫਤਹਿ ਕਰਨ ਦੀ ਸਮਰੱਥਾ ਗੁਰੂ ਨੇ ਬਖਸ਼ੀ ਹੋਈ ਹੈ। ਕੈਨੇਡੀਅਨ ਸਿੱਖਾਂ ਦੀ ਸਿਆਸੀ ਭੂਮਿਕਾ ਤੋਂ ਭਾਰਤੀ ਸਿੱਖਾਂ ਨੂੰ ਸਿੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਵੱਖਵਾਦੀ ਸਿਆਸਤ ਸਿੱਖ ਦੇ ਸੁਭਾਅ ਦਾ ਹਿੱਸਾ ਨਹੀਂ ਹੈ।

# ਸਿੱਖ ਜਗਤ ਨੂੰ ਅਨਮੋਲ ਸੌਗਾਤ ਦੇਣ ਵਾਲਾ ਵਿਦਵਾਨ

**ਗਿਆਨੀ ਬਲਵੰਤ ਸਿੰਘ**
(ਸੰਪਰਕ: 99153-57802

ਵਿਲੱਖਣ ਸ਼ਖ਼ਸੀਅਤ ਦੇ ਮਾਲਕ ਪ੍ਰੋ.ਹਰਬੰਸ ਸਿੰਘ ਨੇ ਪੂਰੀ ਦੁਨੀਆਂ ਵਿੱਚ ਆਪਣੇ ਗਿਆਨ ਦੇ ਝੰਡੇ ਗੱਡੇ। ਗਿਆਨ ਦਾ ਸੂਰਜ ਪ੍ਰੋ. ਹਰਬੰਸ ਸਿੰਘ ਪਿਤਾ ਰਾਮ ਲਾਲ ਉੱਪਲ ਅਤੇ ਮਾਤਾ ਰੂਪ ਕੌਰ ਦੇ ਘਰ 3 ਮਾਰਚ 1921 ਨੂੰ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਠਾਗੁਰੂ ਵਿੱਚ ਪੈਦਾ ਹੋਇਆ।

ਉਨ੍ਹਾਂ ਨੇ ਪਿੰਡ ਕੋਠਾਗੁਰੂ ਦੇ ਸਕੂਲ ਵਿੱਚ ਪ੍ਰਾਇਮਰੀ ਸਿੱਖਿਆ ਹਾਸਲ ਕੀਤੀ। ਸਰਕਾਰੀ ਹਾਈ ਸਕੂਲ, ਮੁਕਤਸਰ ਤੋਂ ਮੈਟ੍ਰਿਕ ਕਰਕੇ 1943 ਵਿੱਚ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਐੱਮ.ਏ. (ਅੰਗਰੇਜ਼ੀ) ਦੀ ਪ੍ਰੀਖਿਆ ਪਾਸ ਕਰਕੇ ਉੱਥੇ ਹੀ ਅੰਗਰੇਜ਼ੀ ਦੇ ਲੈਕਚਰਾਰ ਨਿਯੁਕਤ ਹੋਏ। ਇੱਕ ਸਾਲ ਬਾਅਦ ਬਰਜਿੰਦਰਾ ਕਾਲਜ, ਫ਼ਰੀਦਕੋਟ ਵਿੱਚ ਅੰਗਰੇਜ਼ੀ ਵਿਭਾਗ ਦੇ ਮੁਖੀ ਨਿਯੁਕਤ ਹੋਏ। ਇਸ ਉਪਰੰਤ ਮਹਾਰਾਜਾ ਫ਼ਰੀਦਕੋਟ ਦੇ ਰਾਜਕੁਮਾਰਾਂ ਦੇ ਟਿਊਟਰ ਅਤੇ ਸਰਕਾਰੀ ਕਾਲਜ, ਮੁਕਤਸਰ ਦੇ ਪ੍ਰਿੰਸੀਪਲ ਨਿਯੁਕਤ ਹੋਏ। ਸੰਨ 1960 ਵਿੱਚ ਪੰਜਾਬੀ ਯੂਨੀਵਰਸਿਟੀ ਕਮਿਸ਼ਨ ਦੇ ਸਕੱਤਰ ਬਣਾਏ ਗਏ। ਉਨ੍ਹਾਂ ਨੂੰ ਯੂਨੀਵਰਸਿਟੀ ਦੀ ਸਥਾਪਨਾ ਕਰਨ ਵਾਲੀ ਤਿਆਰੀ ਕਮੇਟੀ ਦੇ ਓ.ਐੱਸ.ਡੀ. ਵਜੋਂ ਕਾਰਜ ਕਰਨ ਦਾ ਮਾਣ ਵੀ ਪ੍ਰਾਪਤ ਹੋਇਆ। 1962 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਕਾਇਮ ਹੋਣ 'ਤੇ ਪਹਿਲੇ ਰਜਿਸਟਰਾਰ ਬਣੇ। ਯੂਨੀਵਰਸਿਟੀ ਦਾ ਵਰਤਮਾਨ ਰੂਪ ਪ੍ਰੋ. ਹਰਬੰਸ ਸਿੰਘ ਦੇ ਯੋਗਦਾਨ ਦਾ ਸਿੱਟਾ ਹੈ।



ਯੂਨੀਵਰਸਿਟੀ ਵਿੱਚ ਵਿਸ਼ਵ ਪੱਧਰੀ ਬਣਾਉਣ ਲਈ ਉਨ੍ਹਾਂ ਨੇ ਕਈ ਵਾਰ ਇੰਗਲੈਂਡ, ਅਮਰੀਕਾ, ਕੈਨੇਡਾ, ਜਰਮਨ, ਜਾਪਾਨ ਆਦਿ ਦੇਸ਼ਾਂ ਦੀ ਯਾਤਰਾ ਕਰਕੇ ਵਿਦੇਸ਼ੀ ਯੂਨੀਵਰਸਿਟੀਆਂ ਦੇ ਚੰਗੇ ਤੱਤ ਤੇ ਗੁਣ ਗ੍ਰਹਿਣ ਕੀਤੇ। ਇਹ ਸਭ ਪੰਜਾਬੀ ਯੂਨੀਵਰਸਿਟੀ ਵਿੱਚ ਲਾਗੂ ਕਰਕੇ ਇਸ ਦੇ ਗੌਰਵ ਤੇ ਵਡੱਪਣ ਵਿੱਚ ਵਾਧਾ ਕੀਤਾ। ਇਸ ਸਮੇਂ ਦੌਰਾਨ ਉਨ੍ਹਾਂ ਨੇ ਉਕਤ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿੱਚ ਸਿੱਖ ਧਰਮ ਬਾਰੇ ਵਿਦਵਤਾ ਭਰਪੂਰ ਵਿਆਖਿਆਨ ਦੇ ਕੇ ਵਿਸ਼ਵ ਪੱਧਰ 'ਤੇ ਆਪਣੀ ਵਿਦਵਤਾ ਦਾ ਸਿੱਕਾ ਜਮਾਇਆ।

ਪ੍ਰੋ. ਹਰਬੰਸ ਸਿੰਘ ਦੀ ਦਾਰਸ਼ਨਿਕ ਵਿਦਵਤਾ ਸਦਕਾ ਅਧਿਆਪਨ ਕਾਲ ਵਿੱਚ ਹੀ ਅਮਰੀਕਾ ਦੀਆਂ ਹਾਰਵਰਡ ਤੇ ਕੈਂਬਰਿਜ ਯੂਨੀਵਰਸਿਟੀਆਂ ਦੇ ਵਿਜ਼ਟਿੰਗ ਫੈਲੋ ਅਤੇ ਉੱਚ-ਵਿੱਦਿਆ ਦੇ ਮਾਹਿਰ ਹੋਣ ਦਾ ਮਾਣ ਪ੍ਰਾਪਤ ਹੋਇਆ। ਉਨ੍ਹਾਂ ਨੂੰ ਦੇਸ਼ ਵਿਦੇਸ਼ ਵਿੱਚ ਅਨੇਕਾਂ ਸਰਕਾਰੀ ਅਤੇ ਗ਼ੈਰ-ਸਰਕਾਰੀ ਸਭਾਵਾਂ ਤੇ ਸੁਸਾਇਟੀਆਂ ਨੇ ਸਨਮਾਨਿਤ ਕੀਤਾ। 1981 ਤੋਂ ਪੰਜਾਬੀ ਯੂਨੀਵਰਸਿਟੀ ਦੇ ਆਜੀਵਨ ਫੈਲੋ ਬਣਾਏ ਗਏ। ਅੰਗਰੇਜ਼ੀ ਵਿੱਚ ਗੁਰਮਤਿ ਦਾ ਪ੍ਰਮਾਣਿਕ ਇਤਿਹਾਸ ਲਿਖਣ ਦੀ ਸੇਵਾ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਉਨ੍ਹਾਂ ਨੂੰ ਸਨਮਾਨਿਤ ਕੀਤਾ।

ਉਨ੍ਹਾਂ ਨੇ ਅੰਗਰੇਜ਼ੀ ਵਿੱਚ ਉੱਚ ਪਾਏ ਦੀਆਂ 15-16 ਰਚਨਾਵਾਂ ਕੀਤੀਆਂ। ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ 'ਤੇ ਪਹਿਲੇ ਪਾਤਸ਼ਾਹ ਦੀ ਜੀਵਨ ਕਥਾ ਲਿਖੀ। ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਪੁਰਬ 'ਤੇ ਦਸਮੇਸ਼ ਗੁਰੂ ਦੀ ਜੀਵਨ ਗਾਥਾ ਲਿਖੀ। ਇਨ੍ਹਾਂ ਦੋਵਾਂ ਪੁਸਤਕਾਂ ਨੂੰ ਭਾਰਤ ਸਰਕਾਰ ਨੇ ਦੇਸ਼ ਦੀਆਂ 17 ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤਾ ਸੀ। ਅਜਿਹਾ ਮਾਣ ਹਰ ਇੱਕ ਵਿਦਵਾਨ ਨੂੰ ਪ੍ਰਾਪਤ ਨਹੀਂ ਹੁੰਦਾ।

'ਐਨਸਾਈਕਲੋਪੀਡੀਆ ਆਫ ਸਿਖਇਜ਼ਮ' (ਸਿੱਖ ਵਿਸ਼ਵ ਕੋਸ਼) ਲਿਖਣ ਦੇ ਕਾਰਜ ਨੂੰ ਸੰਪੰਨ ਕਰਨ ਵਾਸਤੇ ਪ੍ਰੋ. ਹਰਬੰਸ ਸਿੰਘ ਇੱਕ ਤਰ੍ਹਾਂ ਸਭ ਕੁਝ ਤਿਆਗ ਕੇ ਇਕਾਂਤਵਾਸੀ ਬਣ ਗਏ। ਇਸ ਸਮੇਂ ਉਨ੍ਹਾਂ ਨੂੰ ਉਪ ਕੁਲਪਤੀ ਅਤੇ ਹੋਰ ਕਈ ਉੱਚ ਅਹੁਦਿਆਂ ਦੀਆਂ ਪੇਸ਼ਕਸ਼ਾਂ ਹੋਈਆਂ, ਪਰ ਉਨ੍ਹਾਂ ਨੇ ਨਿਮਰਤਾਪੂਰਵਕ ਢੰਗ ਨਾਲ ਸਾਰੀਆਂ ਪੇਸ਼ਕਸ਼ਾਂ ਠੁਕਰਾਉਣ ਦੇ ਨਾਲ ਨਾਲ ਪਹਿਲਾਂ ਵਾਲੇ ਅਹੁਦੇ ਵੀ ਤਿਆਗ ਦਿੱਤੇ। ਪੰਜਾਬੀ ਯੂਨੀਵਰਸਿਟੀ ਦੇ ਮੱਧ ਵਿੱਚ ਗੁਰੂ ਗੋਬਿੰਦ ਸਿੰਘ ਭਵਨ ਦੀ ਸੁੰਦਰ ਇਮਾਰਤ ਉਨ੍ਹਾਂ ਦੀ ਹੀ ਦੇਣ ਹੈ। ਉਨ੍ਹਾਂ ਦੀ ਤਜਵੀਜ਼ ਤਹਿਤ ਹੀ ਇਸ ਇਮਾਰਤ ਵਿੱਚ ਸਿੱਖ, ਹਿੰਦੂ, ਬੋਧ, ਇਸਲਾਮ ਅਤੇ ਇਸਾਈ, ਪੰਜ ਧਰਮਾਂ ਬਾਰੇ ਸਰਬਪੱਖੀ ਖੋਜ ਹੋ ਰਹੀ ਹੈ। ਇਨ੍ਹਾਂ ਪੰਜ ਵਿਭਾਗਾਂ ਦੇ ਭਿੰਨ ਭਿੰਨ ਮੁਖੀ ਹਨ, ਪਰ ਪੰਜਾਂ ਦੇ ਸਾਂਝੇ ਮੁਖੀ ਦਾ ਅਹੁਦਾ ਪ੍ਰੋ. ਹਰਬੰਸ ਸਿੰਘ ਕੋਲ ਸੀ। ਸਿੱਖ ਵਿਸ਼ਵਕੋਸ਼ ਦੀ ਰਚਨਾ ਸਮੇਂ ਉਨ੍ਹਾਂ ਨੇ ਇਸ ਅਹੁਦਾ ਤਿਆਗ ਦਿੱਤਾ ਸੀ। ਸਿੱਖ ਵਿਸ਼ਵਕੋਸ਼ ਲਿਖਣ ਦਾ ਕੰਮ ਤਕਰੀਬਨ ਅੱਧਾ ਹੋਇਆ ਸੀ ਕਿ ਉਨ੍ਹਾਂ ਨੂੰ ਅਧਰੰਗ ਦਾ ਭਿਆਨਕ ਦੌਰਾ ਪਿਆ। ਉਹ ਇਸ ਬਿਮਾਰੀ ਦੀ ਅਸਹਿ ਪੀੜਾ ਨੂੰ ਸਹਿਣ ਕਰਦਿਆਂ ਵੀ ਸਾਰਾ ਦਿਨ ਲਿਖਣ ਵਿੱਚ ਰੁੱਝੇ ਰਹਿੰਦੇ ਸਨ। ਸਿੱਖ ਵਿਸ਼ਵਕੋਸ਼ ਨੂੰ ਪੂਰੀ ਲਗਨ ਤੇ ਅਣਥੱਕ ਯਤਨਾਂ ਨਾਲ ਚਾਰ ਭਾਗਾਂ ਵਿੱਚ ਸੰਪੰਨ ਕਰਕੇ ਪ੍ਰਕਾਸ਼ਿਤ ਕੀਤਾ। ਉਹ ਇਸ ਕੋਸ਼ ਨਾਲ ਇੰਨੇ ਅਭੇਦ ਹੋ ਗਏ ਕਿ ਉਨ੍ਹਾਂ ਦਾ ਨਾਂ ਸ. ਹਰਬੰਸ ਸਿੰਘ ਐਨਸਾਈਕਲੋਪੀਡੀਆ ਵਾਲੇ ਪ੍ਰਸਿੱਧ ਹੋ ਗਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਐਨਸਾਈਕਲੋਪੀਡੀਆ ਆਫ ਸਿਖਇਜ਼ਮ ਵੱਖਰੇ ਵਿਭਾਗ ਵਜੋਂ ਸਥਾਪਿਤ ਹੈ। ਪ੍ਰੋ. ਹਰਬੰਸ ਸਿੰਘ ਨੂੰ ਪਰਮਾਤਮਾ ਉੱਤੇ ਅਟੱਲ ਵਿਸਵਾਸ਼ ਸੀ। ਉਹ ਕਿਹਾ ਕਰਦੇ ਸਨ, "ਬਿਮਾਰੀ ਨਾਲ ਮੇਰੇ ਸਰੀਰ ਦੇ ਸਭ ਅੰਗ ਕੰਮ ਕਰਨ ਤੋਂ ਜਵਾਬ ਦੇ ਗਏ ਹਨ, ਪਰ ਪਰਮਾਤਮਾ ਨੇ ਮੇਰਾ ਦਿਲ ਦਿਮਾਗ਼ 'ਸਿੱਖ ਵਿਸ਼ਵਕੋਸ਼' ਪੂਰਾ ਕਰਨ ਵਾਸਤੇ ਸਵਸਥ ਰੱਖਿਆ ਹੋਇਆ ਹੈ। ਮੈਨੂੰ ਵਿਸਵਾਸ਼ ਹੈ ਕਿ ਮੇਰਾ ਜੀਵਨ ਉਨਾ ਚਿਰ ਇਸੇ ਤਰ੍ਹਾਂ ਰਹੇਗਾ, ਜਿੰਨਾ ਚਿਰ 'ਸਿੱਖ ਵਿਸ਼ਵਕੋਸ਼' ਪੂਰਨ ਨਹੀਂ ਹੋ ਜਾਂਦਾ।" ਉਨ੍ਹਾਂ ਦਾ ਇਹ ਕਥਨ ਪੂਰੀ ਤਰ੍ਹਾਂ ਸੱਚ ਹੋਇਆ।

77 ਸਾਲ ਦੀ ਉਮਰ ਵਿੱਚ 30 ਮਈ 1998 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਹ ਮਹਾਨ ਵਿਦਵਾਨ ਸਿੱਖ ਜਗਤ ਨੂੰ ਇੱਕ ਅਨਮੋਲ ਸੌਗਾਤ ਦੇ ਗਿਆ ਜੋ ਜਗਿਆਸੂਆਂ ਲਈ ਹਮੇਸ਼ਾਂ ਚਾਨਣ ਮੁਨਾਰਾ ਰਹੇਗੀ।

# Sir Speedy Tustin® Printers to the Community




## Outdoor 3'x11' Promo Flag

**Only $29/-**

Pole & Spike $55/-




## Outdoor 3'x6' Durable Banner

All weather, durable to sunlight, rain and wear & tear. Text only.

**Only $69/-**




## Receipt Books

Customized with your information and design. 2 part carbonless with numbering and perforation.

**Call for Price**




## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**




## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**




## 11" Printed Balloons

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

## Your Printed T-Shirts

**Only $4.99**




1 color in 1 position. Min Qty. 100

## Your Printed Caps

**Only $4.99**




## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




**South Asian Wedding Cards**



CALL NOW

# ਝੱਖੜਾਂ ਦੇ ਵਿੱਚ ਰੱਖ ਦਿੱਤਾ ਹੈ, ਅਸੀਂ ਦੀਵਾ ਬਾਲ ਪੰਜਾਬੀ ਦਾ

**ਅਵਤਾਰ ਗੋਂਦਾਰਾ**

ਬਹੁਤੇ ਬੁੱਧੀਜੀਵੀਆਂ ਅਤੇ ਸੱਜਣਾਂ ਦਾ ਖਿਆਲ ਹੈ ਕਿ ਕਿਸੇ ਬੋਲੀ ਦੇ ਵਿਕਾਸ ਲਈ, ਉਸ ਦਾ ਖਿੱਤਾ ਤੇ ਬੋਲੀ ਬੋਲਣ ਵਲਿਆਂ ਦਾ ਆਪਣਾ ਰਾਜ ਭਾਗ ਹੋਣਾ ਚਾਹੀਦਾ ਹੈ। ਇਸੇ ਧਾਰਨਾ ਤਹਿਤ ਪੰਜਾਬੀ ਸੂਬੇ' ਲਈ ਸਿਆਸੀ ਸੰਘਰਸ਼ ਵਿੱਢਿਆ ਗਿਆ, ਜਿਸ ਦਾ ਸਮਰਥਨ ਪੰਜਾਬੀ ਹਿਤੈਸ਼ੀ ਲੇਖਕਾਂ ਸਾਹਿਤਕ ਜਥੇਬੰਦੀਆਂ ਨੇ ਵੀ ਕੀਤਾ। ਪਰ ਇਹ ਧਾਰਣਾ ਮ੍ਰਿਗਤ੍ਰਿਸ਼ਨਾ ਹੀ ਨਿਕਲੀ। ਨਾ ਸਿੱਖ ਰਾਜ' ਵਜੋਂ ਜਾਣੇ ਜਾਂਦੇ ਰਣਜੀਤ ਸਿੰਘ ਦੇ ਰਾਜ ਵਿੱਚ ਪੰਜਾਬੀ ਭਾਸ਼ਾ ਅਤੇ ਬੋਲੀ ਦਾ ਆਦਰ ਮਾਣ ਹੋਇਆ ਅਤੇ ਨਾ ਹੀ ਪੰਜਾਬੀ ਸੂਬਾ' ਬਣਨ ਬਾਅਦ ਇਸ ਦੀ ਪੁੱਛ ਪ੍ਰਤੀਤ ਹੋਈ। ਇੱਥੋ ਤੱਕ ਕਿ ਪੰਜਾਬ ਵਿੱਚ ਸਿੱਖ ਗੁਰੂਆਂ ਦੇ ਨਾਂ ਤੇ ਚਲਦੇ ਪਬਲਿਕ ਸਕੂਲਾਂ ਵਿੱਚ ਪੰਜਾਬੀ ਬੋਲਣ ਤੇ ਮਨਾਹੀ ਹੈ ਅਤੇ ਬੋਲਣ ਵਾਲੇ ਨੂੰ ਜੁਰਮਾਨਾ ਕੀਤਾ ਜਾਂਦਾ ਹੈ। ਲੈ ਦੇ ਕੇ ਸਹੁੰ ਪਾਉਣ ਲਈ ਸਾਡੇ ਕੋਲ ਲਛਮਣ ਸਿੰਘ ਗਿੱਲ ਸਰਕਾਰ ਦੁਆਰਾ ਪਾਸ ਕੀਤਾ ਪੰਜਾਬੀ ਭਾਸ਼ਾ ਕਾਨੂੰਨ ਹੀ ਹੈ। ਇਸੇ ਇਤਿਹਾਸਕ ਪੀੜ ਨੂੰ ਬੋਲ ਦਿੰਦਿਆਂ ਪ੍ਰਸਿੱਧ ਕਵੀ ਸ਼ਰਫ' ਨੇ ਲਿਖਿਆ, ਪੁੱਛੀ ਬਾਤ ਨਾ ਜਿੰਨ੍ਹਾਂ ਨੇ 'ਸ਼ਰਫ' ਮੇਰੀ, ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ' ।ਇਹ ਤੇ ਇਸ ਤਰ੍ਹਾਂ ਦੇ ਕਈ ਸਰੋਕਾਰਾਂ ਦੇ ਪ੍ਰਸੰਗ ਵਿੱਚ, ਇੰਡੋ. ਯੂ. ਐੱਸ. ਹੈਰੀਟੇਜ ਐਸੋਸੀਏਸ਼ਨ ਫਰੇਜ਼ਨੋ ਵਲੋਂ ਸੇਲਮਾ ਦੇ ਅਸੋਕਾ ਰੇਸਤਰਾਂ ਵਿੱਚ ਸੈਮੀਨਾਰ ਕਰਵਾਇਆ ਗਿਆ, ਪੰਜਾਬੀ ਲੇਖਕਾਂ, ਹਿਤੈਸ਼ੀਆਂ ਤੋਂ ਇਲਾਵਾ ਲਹਿੰਦੇ ਪੰਜਾਬ ਅਤੇ ਬੰਗਲਾ ਦੇਸ਼ ਦੇ ਬੁਧੀਜੀਵੀਆਂ ਨੇ ਵੀ ਸ਼ਿਰਕਤ ਕੀਤੀ।

ਕੌਮਾਂਤਰੀ ਮਾਂ ਬੋਲੀ ਦਿਵਸ' ਦੇ ਹਵਾਲੇ ਨਾਲ ਕਰਾਇਆ ਗਿਆ, ਇਹ ਸਮਾਗਮ ਕਾਮਾਗਾਟਾ ਮਾਰੂ ਜਹਾਜ ਵਾਲੇ ਬਾਬਾ ਗੁਰਮੁਖ ਸਿੰਘ ਅਤੇ ਗਦਰੀ ਬਾਬਾ ਬਚਨ ਸਿੰਘ ਘੋਲੀਆ ਨੂੰ ਸਮਰਪਿਤ ਸੀ। ਸੰਸਥਾ ਦੇ ਸਕੱਤਰ ਨਿੰਦੀ ਸੰਧੂ ਨੇ ਗੁਰਮੁਖ ਸਿੰਘ ਦੀ ਨਿੱਜੀ ਜਿੰਦਗੀ ਅਤੇ ਉਨਾਂ ਬਾਰੇ ਲਿਖੀਆਂ ਕਿਤਾਬਾਂ ਦੀ ਜਾਣਕਾਰੀ ਦਿੱਤੀ। ਇਸ ਦਿਨ ਦੇ ਪਿਛੋਕੜ ਦੀ ਗੱਲ ਕਰਦਿਆਂ ਉੱਘੇ ਕਵੀ ਤੇ ਰੇਡੀਓ ਹੋਸਟ ਸੰਤੋਖ ਮਿਨਹਾਸ ਨੇ ਦੱਸਿਆ ਕਿ ਕੌਮਾਂਤਰੀ ਮਾਂ ਬੋਲੀ ਦਿਵਸ' ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੁਆਰਾ ਮਾਂ ਬੋਲੀ ਲਈ ਵਿੱਢੇ ਸੰਘਰਸ਼ ਤੋਂ ਪ੍ਰੇਰਿਤ ਹੈ ਜਿਸ ਦੇ ਚਲਦਿਆਂ, ਪਾਕਿਸਤਾਨੀ ਸਰਕਾਰ ਦੁਆਰਾ ਜਬਰੀ ਉਰਦੂ ਠੋਸਣ ਦੇ ਵਿਰੋਧ ਤੇ ਬੰਗਲਾ ਭਾਸ਼ਾ ਨੂੰ ਬਣਦਾ ਥਾਂ ਦੁਆਉਣ ਲਈ ਇੰਨਾਂ ਸੰਘਰਸ਼ਸ਼ੀਲ ਵਿਦਿਆਰਥੀਆਂ ਤੇ ਹੋਏ ਜਬਰ ਨਾਲ 21 ਫਰਵਰੀ, 1942 ਦੇ ਦਿਨ ਚਾਰ ਵਿਦਿਆਰਥੀ ਸ਼ਹੀਦ ਹੋਏ। ਅਣਗੌਲੀਆਂ ਇਲਾਕਾਈ ਭਾਸ਼ਾਵਾਂ ਨੂੰ ਹੁਲਾਰਾ ਦੇਣ ਅਤੇ ਬੱਚਿਆਂ ਵਿੱਚ ਆਪਣੀ ਮਾਂ ਬੋਲੀ ਲਈ ਲਗਾਓ ਪੈਦਾ ਕਰਨ ਲਈ, ਯੂਨੈਸਕੋ ਵਲੋਂ ਸੰਨ 1999 ਵਿੱਚ ਇਸ ਦਿਨ ਨੂੰ ਕੌਮਾਂਤਰੀ ਮਾਂ ਬੋਲੀ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ। ਮਿਨਹਾਸ ਨੇ ਪੰਜਾਬੀ ਬੋਲੀ ਨਾਲ ਜੁੜੇ ਸਰੋਕਾਰਾਂ ਅਤੇ ਪਰਵਾਸੀਆਂ ਲਈ ਮਾਂ ਬੋਲੀ ਦੇ ਮਹੱਤਵ ਨਾਲ ਜੁੜੇ ਸੁਆਲਾਂ ਤੇ ਚਰਚਾ ਕਰਨ ਲਈ ਹਾਜਰ ਵਿਦਵਾਨਾਂ ਨੂੰ ਸੱਦਾ ਦਿੱਤਾ।

ਪੰਜਾਬੀਆਂ ਕੌਮੀਅਤ ਦੇ ਮਜ਼ਹਬੀ ਡਿਸਕੋਰਸ ਵਿੱਚ ਰੁਲ ਜਾਣ ਤੇ ਉਂਗਲ ਧਰਦਿਆਂ ਬਾਬਾ ਬਚਨ ਸਿੰਘ ਘੋਲੀਆ ਦੇ ਸਪੁੱਤਰ ਰਿਟਾਇਰ ਕਰਨਲ ਹਰਦੇਵ ਸਿੰਘ ਗਿੱਲ ਨੇ ਕਿਹਾ ਗਦਰੀਆਂ ਨੂੰ ਜਿਉਂਦੇ ਜੀਅ ਮਾਨ ਸਨਮਾਨ ਤਾਂ ਕੀ ਮਿਲਣਾ ਸੀ, ਮਰਨ ਉਪਰੰਤ ਵੀ ਮਜ਼ਹਬੀ ਵੰਡੀਆਂ ਪਾ ਕੇ ਉਨਾਂ ਦੀ ਹੇਠੀ ਕਰਨ ਦਾ ਰੁਝਾਣ ਜਾਰੀ ਹੈ। ਮੁਲਕ ਦੀ ਵੰਡ ਵੇਲੇ ਬਾਬਾ ਬਚਨ ਸਿੰਘ ਘੋਲੀਆ ਦੁਆਰਾ ਮੁਸਲਮਾਨਾਂ ਦੀ ਰਾਖੀ ਕਰਨ ਵਰਗੇ ਕੰਮਾਂ ਦੇ ਹਵਾਲੇ ਨਾਲ ਉਸ ਨੇ ਕਿਹਾ ਕਿ ਸਾਰੇ ਗਦਰੀ ਜਾਤ ਪਾਤ ਅਤੇ ਧਰਮ ਦੇ ਬੰਧਨਾਂ ਤੋਂ ਉੱਪਰ ਸਨ। ਉਨਾਂ ਨੇ ਪਿੰਡ ਵਾਸੀਆਂ ਨੂੰ ਧਾਰਮਿਕ ਸਥਾਨਾਂ ਦੇ ਨਾਲ ਨਾਲ ਸਕੂਲਾਂ ਨੂੰ ਦਾਨ ਦੇਣ ਲਈ ਕਿਹਾ ਸੀ, ਪਰ ਕੋਈ ਅਸਰ ਨਾ ਹੋਇਆ। ਗਿੱਲ ਦਾ ਕਹਿਣਾ ਸੀ ਕਿ ਜੇ ਚੰਗੇ ਪ੍ਰਾਈਮਰੀ ਸਕੂਲ ਨਹੀਂ ਹੋਣਗੇ ਤਾਂ ਪੰਜਾਬੀ ਬੋਲੀ ਅਤੇ ਭਾਸ਼ਾ ਦਾ ਵਿਕਾਸ ਕਿਵੇਂ ਹੋਵੇਗਾ? ਉਸ ਨੇ ਦੱਸਿਆ ਕਿ ਉਨਾਂ ਦੇ ਪਿੰਡ ਪੰਜ ਗੁਰਦੁਆਰੇ




ਹਨ, ਪਰ ਸਕੂਲ ਦੀ ਇਮਾਰਤ ਢੱਠੀ ਹੋਈ ਹੈ। ਪੰਜਾਬੀ ਬੋਲੀ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਦਿਆਂ, ਕਰਨਲ ਗਿੱਲ ਨੇ ਕਿਹਾ ਕਿ ਪੰਜਾਬੀ ਹਿਤੈਸ਼ੀਆਂ ਨੂੰ ਚਾਹੀਦਾ ਹੈ ਕਿ ਜੇ ਉਹ ਧਾਰਮਿਕ ਸਥਾਨਾਂ ਨੂੰ ਮਾਇਕ ਦਾਨ ਦਿੰਦੇ ਹਨ, ਤਾਂ ਸਕੂਲ ਲਈ ਬਣਦਾ ਹਿੱਸਾ ਵੀ ਜਰੂਰ ਦੇਣ। ਵਿਦਿਆ ਲਈ ਦਿੱਤਾ ਦਾਨ ਵੀ ਪੁੰਨ ਹੁੰਦਾ ਹੈ। ਗਦਰੀਆਂ ਨੂੰ ਹੀ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਵੰਡਦਿਆਂ, ਪੰਜਾਬੀ ਨੂੰ ਵੀ ਸਿੱਖਾਂ ਨਾਲ ਮੜ੍ਹ ਦਿੱਤਾ ਗਿਆ ਹੈ। ਬਾਬਾ ਘੋਲੀਆਂ ਨਾਲ ਬਿਤਾਏ ਦਿਨਾਂ ਨੂੰ ਯਾਦ ਕਰਦਿਆਂ, ਜਸਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਇੱਕ ਸੰਸਥਾ ਸਨ ਅਤੇ ਉਨ੍ਹਾਂ ਨੇ ਬਹੁਤ ਸਾਰੇ ਆਗੂ ਪੈਦਾ ਕੀਤੇ।

ਉੱਕਤ ਚਰਚਾ ਵਿਚ ਪੰਜਾਬੀ ਚਿੰਤਕ ਡਾ. ਅਤਰ ਸਿੰਘ ਦਾ ਹਵਾਲਾ ਦੇਣਾ ਕੁਥਾਂ ਨਹੀਂ ਹੋਵੇਗਾ। ਉਸ ਅਨੁਸਾਰ ਪੰਜਾਬੀ ਬੋਲੀ ਅਤੇ ਸਭਿਆਚਾਰ ਨੂੰ ਪੰਜਾਬੀ ਕੌਮੀਅਤ ਦੇ ਸੁਆਲ ਦੇ ਸਿਆਸੀ ਤੇ ਫਿਰਕੂ ਰੰਗ ਫੜ ਜਾਣ ਨੇ ਢਾਹ ਲਾਈ। ਇੱਥੇ ਰਹਿੰਦੇ ਹਿੰਦੂ ਹਿੰਦੀ ਵੱਲ ਚਲੇ ਗਏ, ਮੁਸਲਮਾਨਾਂ ਲਈ ਉਰਦੂ ਫਾਰਸੀ ਦਾ ਹੇਜ ਜਾਗ ਪਿਆ ਤੇ ਪੰਜਾਬੀ ਸਿੱਖਾਂ ਦੇ ਹਿੱਸੇ ਆ ਗਈ। ਸਿਆਸੀ ਗਿਣਤੀਆਂ ਮਿਣਤੀਆਂ ਕਰਕੇ ਤਿੰਨੋ ਪੁੱਤਾਂ ਨੇ ਰਲ ਕੇ ਇਸ ਦੀ ਬਦਹਾਲੀ ਕੀਤੀ, ਜਿਸ ਦੀ ਗੱਲ ਸ਼ਾਇਰ ਸ਼ਰਫ' ਕਰਦਾ ਹੈ।

ਲਹਿੰਦੇ ਪੰਜਾਬ ਵਿੱਚ ਪੰਜਾਬੀ ਬਾਰੇ ਬੋਲਦਿਆਂ ਲਾਹੌਰ ਤੋਂ ਆਏ ਤਸੱਵਰ ਰਾਂਝਾ ਨੇ ਕਿਹਾ ਕਿ ਉੱਥੇ ਵੀ ਪੰਜਾਬੀ ਬੋਲੀ ਅਤੇ ਭਾਸ਼ਾ ਦਾ ਮੰਦਾ ਹਾਲ ਹੈ। ਸਰਕਾਰਾਂ ਤੇ ਸਕੂਲਾਂ ਦਾ ਕੋਈ ਰੋਲ ਨਹੀਂ। ਉਸ ਨੇ ਪੰਜਾਬੀ ਆਪਣੀ ਮਾਂ ਕੋਲੋਂ ਸਿੱਖੀ। ਲਹਿੰਦੇ ਪੰਜਾਬੀ ਵਾਸੀਆਂ ਦੀ ਮਾਂ ਬੋਲੀ ਪੰਜਾਬੀ ਹੈ, ਪਰ ਉਹ ਪੜ੍ਹਦੇ ਉਰਦੂ ਹਨ। ਉਸ ਨੂੰ ਉਹ ਥਾਂ ਨਹੀਂ ਮਿਲਿਆ ਜੋ ਪਸ਼ਤੋ ਜਾਂ ਬਲੋਚੀ ਨੂੰ ਆਵਦੇ ਸੂਬਿਆਂ ਵਿੱਚ ਮਿਲਿਆ ਹੈ। ਉੱਧਰਲੇ ਪੰਜਾਬੀ ਆਪਣੀ ਮਾਂ ਬੋਲੀ ਉਰਦੂ ਲਿਖਾਉਂਦੇ ਹਨ। ਬੰਗਲਾ ਦੇਸ਼ ਤੋਂ ਆਏ ਸਲਾਅਦੀਨ ਸ਼ਾਅ ਨੇ ਮਾਂ ਬੋਲੀ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸਲਾਉਣਾ ਕੀਤੀ, ਤੇ ਉਸ ਨੇ ਮਾਂ ਬੋਲੀ ਦਿਵਸ' ਨੂੰ ਕੌਮਾਂਤਰੀ ਸਥਾਨ ਦਿਵਾਉਣ ਵਿੱਚ ਬੰਗਲ਼ਾ ਦੇਸ਼ ਦੇ ਰੋਲ ਦਾ ਜਿਕਰ ਕੀਤਾ।

ਜੇ ਚੜ੍ਹਦੇ ਪੰਜਾਬ ਵਾਸੀਆਂ ਦਾ ਇੱਕ ਹਿੱਸਾ ਆਪਣੀ ਮਾਂ ਬੋਲੀ ਹਿੰਦੀ ਲਿਖਾਉਂਦਾ ਹੈ ਤੇ ਲਹਿੰਦੇ ਪੰਜਾਬ ਦਾ ਉਰਦੂ ਤਾਂ ਟੇਕ ਕਿਸ ਤੇ ਰੱਖੀ ਜਾਵੇ ?ਪੰਜਾਬ ਦੇ ਪਬਲਿਕ ਸਕੂਲਾਂ ਵਿੱਚ ਪੰਜਾਬੀ ਬੋਲਣ ਤੇ ਜੁਰਮਾਨੇ ਦੇ ਹਵਾਲੇ ਨਾਲ ਫਰੈਜ਼ਨੋ ਯੂਨੀਵਰਸਿਟੀ ਦੇ ਖੇਤੀ-ਵਿਗਿਆਨੀ ਡਾ. ਗੁਰਰੀਤ ਬਰਾੜ ਦਾ ਕਹਿਣਾ ਸੀ ਕਿ ਭਾਸ਼ਾ ਸਿਰਫ ਸੰਚਾਰ ਦਾ ਮਾਧਿਆਮ ਨਹੀਂ ਹੁੰਦੀ, ਇਹ ਨਿੱਜ ਦੀ ਪ੍ਰੀਭਾਸ਼ਾ ਵੀ ਹੈ। ਮਾਂ ਬੋਲੀ ਨਾਲ ਜੁੜਿਆ ਬੰਦਾ ਹੀ ਦੂਜੀਆਂ ਭਾਸ਼ਾਵਾਂ ਦੀਆਂ ਬਾਰੀਕੀਆਂ ਸਮਝ ਸਕਦਾ ਹੈ। ਬਹੁਤੀਆਂ ਭਾਸ਼ਾਵਾਂ ਸਿੱਖਣ ਨਾਲ ਕੋਗਨੀਟਿਵ ਯੋਗਤਾ ਵਧਦੀ ਹੈ। ਉਸ ਨੇ ਆਮ ਲੋਕਾਂ ਤੋਂ ਸਿੱਖਣ ਦੀ ਲੋੜ ਤੇ ਜੋਰ ਦਿੰਦਿਆਂ ਕਿਹਾ ਕਿ ਇਸ ਨਾਲ ਸਾਨੂੰ ਭਾਸ਼ਾਈ ਵਿਰਸੇ ਦੀ ਅਮੀਰੀ ਦਾ ਪਤਾ ਲੱਗਦਾ ਹੈ। ਲੋਕ ਧਾਰਾ ਵਿੱਚ ਲੁਕੇ ਖੇਤੀ ਵਿਗਿਆਨ ਦੀ ਗੱਲ ਕਰਦਿਆ ਉਸ ਨੇ ਕੁਝ ਹਵਾਲੇ ਦਿਤੇ। ਜਿਵੇਂ: ਡੱਡ ਟਪੂਸੀ ਬਾਜਰਾ, ਤਿੱਤਰ ਤੋਰ ਜਵਾਰ, ਕਣਕ ਕਮਾਦੀ ਸੰਘਣੀ, ਕਦੇ ਨਾ ਆਵੇ ਹਾਰ। ਜਾਂ, ਤਿੱਲ ਵਿਰਲੇ ਵਿਰਲੇ, ਜੌਂ ਸੰਘਣੇ, ਡਾਂਗੋ ਡਾਂਗ ਕਪਾਹ। ਲੇਫ ਦੀ ਬੁੱਕਲ ਮਾਰ ਕੇ, ਮੱਕੀ ਵਿੱਚਦੀ ਜਾਹ।

ਚਰਚਾ ਨੂੰ ਅੱਗੇ ਤੋਰਦਿਆਂ ਡਾ. ਅਰਜਣ ਸਿੰਘ ਜੋਸਨ ਦਾ ਕਹਿਣਾ ਸੀ ਕਿ ਪੰਜਾਬੀ ਦਾ ਭਵਿੱਖ ਕੋਈ ਬਹੁਤਾ ਗੁਲਾਬੀ ਨਹੀਂ। ਰੁਜਗਾਰ ਕਰਕੇ ਹਾਸ਼ੀਏ ਤੇ ਜਾ ਰਹੀ ਪੰਜਾਬੀ ਭਾਸ਼ਾ ਦਾ ਸਿਮਟਣਾ ਕੁਦਰਤੀ ਹੈ। ਇਸ ਬਾਰੇ ਕਹਾਣੀਕਾਰ ਕਰਮ ਸਿੰਘ ਮਾਨ ਨੇ ਵੀ ਕੁਝ ਸੁਝਾਅ ਦਿੱਤੇ।

ਨਵੀਂ ਗੱਲ ਇਹ ਸੀ ਕਿ ਪੰਜਾਬੀ ਭਾਸ਼ਾ ਮੁਹਾਰਤ ਵਿੱਚ ਸ਼ਾਮਿਲ ਹੋਣ ਆਏ ਪਰਵਾਸੀ ਬੱਚਿਆਂ ਨੂੰ ਸਾਰਿਆਂ ਨੇ ਸਾਹ ਰੋਕ ਕੇ ਸੁਣਿਆਂ। ਉਨਾਂ ਨਾਲ ਆਈ ਗੁੱਡੀ ਸਿੱਧੂ ਨੇ ਦੱਸਿਆ ਕਿ ਇਸਦਾ ਸਿਹਰਾ ਉਨਾਂ ਦੇ ਸਕੂਲ ਵਿੱਚ ਪੜ੍ਹਾਉਂਦੇ ਵਲੰਟੀਅਰ ਅਧਿਆਪਕਾਂ ਨੂੰ ਜਾਂਦਾ ਹੈ।

ਗੁਰਮੁਖੀ ਦੀ ਪੜਾਈ ਲਈ ਆਏ ਬੱਚਿਆਂ ਦੀ ਸਲਾਹੁਤਾ ਕਰਦਿਆਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ' ਦੇ ਸਕੱਤਰ ਤੇ ਕਵੀ ਹਰਜਿੰਦਰ ਕੰਗ ਨੇ ਕਿਹਾ ਕਿ ਇਹ ਸਮਾਗਮ ਦੀ ਵੱਡੀ ਪ੍ਰਾਪਤੀ ਹੈ। ਉਸ ਨੇ ਭਾਸ਼ਾ ਨੂੰ ਰੋਜੀ ਰੋਟੀ ਨਾਲ ਨਰੜ ਕਰਨ ਨੂੰ ਗਲਤ ਕਿਹਾ। ਸਿਰਫ ਸਰੀਰਕ ਜਾ ਪਦਾਰਥਕ ਲੋੜਾਂ ਦੀ ਪੂਰਤੀ ਤੱਕ ਭਾਸ਼ਾ ਨੂੰ ਸੀਮਿਤ ਕਰਨ ਨਾਲ ਇਸ ਦੇ ਵਿਕਾਸ ਦੀ ਗੱਲ ਗੌਣ ਹੋ ਜਾਵੇਗੀ। ਉਸ ਨੇ ਕਿਹਾ ਕਿ ਬੋਲੀ ਸਿਰਫ ਸੰਚਾਰ ਦਾ ਸਾਧਨ ਨਹੀਂ, ਇਹ ਕਿਸੇ ਕੌਮ ਦੀ ਕਲਗੀ ਹੁੰਦੀ ਹੈ। ਪੰਜਾਬੀ ਮਨ ਵਿੱਚ ਗੁਲਾਮੀ ਵਰਗੀ ਕਿਸੇ ਲੁਕੀ ਸ਼ੈਅ ਦੀ ਗੱਲ ਕਰਦਿਆਂ, ਉਸ ਨੇ ਕਿਹਾ ਕਿ ਪੰਜਾਬੀਆ ਨੂੰ ਉਸ ਚੋਂ ਨਿਕਲਣ ਦੀ ਲੋੜ ਹੈ ਤਾਂ ਜੋ ਉਹ ਆਪਣੀ ਮਾਂ ਬੋਲੀ ਤੇ ਮਾਣ ਕਰ ਸਕਣ। ਮਾਂ' ਬਾਰੇ ਲਿਖੀ ਆਪਣੀ ਚਰਚਿਤ ਕਵਿਤਾ ਦੀਆਂ ਸਤਰਾਂ, ਬਾਂਹ ਛੱਡ ਦਿੱਤੀ ਇਸ ਦੀ ਘਰ ਦੇ ਜੀਆਂ ਨੇ, ਮੌਤ ਕੁਲਹਿਣੀ ਦੀ ਫੜ ਕੇ ਇਹ ਬਾਂਹ ਬੈਠੀ ਹੈ', ਦਾ ਹਵਾਲਾ ਦਿੰਦਿਆਂ ਉਸ ਨੇ ਹੋਕਾ ਦਿੱਤਾ ਕਿ ਹੁਣ ਮਾਂ' ਦੇ ਨਾਲ ਨਾਲ ਮਾਂ ਬੋਲੀ' ਦੀ ਬਾਂਹ ਫੜਨ ਦਾ ਵੇਲਾ ਹੈ।

ਕੰਗ ਦੀ ਪੁਸ਼ਟੀ ਕਰਦਿਆਂ ਜੈਨੇਟਿਕਸ ਵਿਗਿਆਨੀ, ਕਵੀ ਅਤੇ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ' ਦੇ ਪ੍ਰਧਾਨ ਡਾ. ਗੁਰੁਮੇਲ ਸਿੱਧੂ ਕਿਹਾ ਕਿ ਮਾਤ ਭਾਸ਼ਾ ਨੂੰ ਰੁਜਗਾਰ ਨਾਲ ਨਹੀਂ ਨੱਥੀ ਕਰਨਾ ਚਾਹੀਦਾ। ਉਨ੍ਹਾਂ ਨੇ ਅਮਰੀਕਾ ਵਿੱਚ ਵੱਸਦੇ ਮਕਸੀਕਨਾਂ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਰੁਜਗਾਰ ਲਈ ਉਹ ਅੰਗਰੇਜੀ ਸਿੱਖਦੇ ਹਨ, ਪਰ ਆਪਸੀ ਅਤੇ ਪਰਿਵਾਰਕ ਗੱਲ ਬਾਤ ਉਹ ਸਪੈਨਿਸ਼ ਨੂੰ ਹੀ ਤਰਜੀਹ ਦਿੰਦੇ ਹਨ। ਫੜ੍ਹਾਂ ਮਾਰਨ ਵਾਲੇ ਪੰਜਾਬੀ ਸੁਭਾਅ ਤੇ ਉਂਗਲੀ ਧਰਦਿਆਂ ਉਨ੍ਹਾਂ ਕਿਹਾ ਕਿ ਸਿਰਫ ਭਾਵੁਕਤਾ ਨਾਲ ਭਾਸ਼ਾਈ ਮਸਲੇ ਹੱਲ ਨਹੀਂ ਹੋਣੇ। ਇਸ ਲਈ ਗੰਭੀਰ ਵਿਚਾਰ ਚਰਚਾ ਅਤੇ ਪਹੁੰਚ ਦੀ ਲੋੜ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬੀ ਮਾਪਿਆਂ ਦੀ ਗੈਰ ਪ੍ਰਤੀਬੱਧਤਾ ਕਰਕੇ ਪਰਵਾਸੀ ਮਾਂਵਾਂ ਵੀ ਬੱਚਿਆਂ ਨਾਲ ਪੰਜਾਬੀ ਚ' ਗੱਲ ਨਹੀਂ ਕਰਦੀਆਂ। ਉਨਾਂ ਕਿਹਾ ਕਿ ਭਾਸ਼ਾ ਦਾ ਧੁਨੀ ਅਤੇ ਸਮਿਰਤੀ' ਨਾਲ ਡੂੰਘਾ ਸੰਬੰਧ ਹੈ। ਮਾਪਿਆਂ ਕੋਲੋਂ ਸਿੱਖੀ ਭਾਸ਼ਾ ਬੱਚੇ ਦੇ ਮਨ ਵਿੱਚ ਸਦਾ ਲਈ ਟਿਕ ਜਾਂਦੀ ਹੈ। ਬਾਅਦ ਵਿੱਚ ਲਿੱਪੀ ਸਿੱਖਣੀ ਉਸ ਲਈ ਆਸਾਨ ਹੋ ਜਾਂਦੀ ਹੈ। ਪਰਵਾਸ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੀ ਸਮੱਸਿਆ ਬਾਰੇ ਦੱਸਦਿਆਂ ਉਨ੍ਹਾਂ ਨੇ ਕਿਹਾ ਇਹ ਟੇਢਾ ਮਸਲਾ ਹੈ। ਨਾਂ ਤਾਂ ਪੜ੍ਹਨ ਦੀਆਂ ਮਿਲ ਰਹੀਆਂ ਸਹੂਲਤਾਂ ਦਾ ਲਾਹਾ ਲੈਣ ਲਈ ਘੱਟੋ ਘੱਟ ਗਿਣਤੀ ਬੱਚਿਆਂ ਦੀ ਅੱਗੇ ਆਉਂਦੀ ਹੈ ਨਾ ਹੀ ਉਨ੍ਹਾਂ ਨੂੰ ਪੜਾਉਣ ਲਈ ਟ੍ਰੇਂਡ ਅਧਿਆਪਕ ਮਿਲਦੇ ਹਨ। ਪੰਜਾਬੀ ਭਾਈਚਾਰੇ ਨੂੰ ਜੋੜਨ ਦੀ ਲੋੜ ਤੇ ਜੋਰ ਦਿੰਦਿਆ ਉਨ੍ਹਾਂ ਕਿਹਾ ਕਿ ਇਸ ਲਈ ਸਿਰ ਜੋੜ ਕੇ ਨਿਰੰਤਰ ਅਤੇ ਬੱਝਵੀਆਂ ਕੋਸ਼ਿਸ਼ਾਂ ਕਰਨ ਦੀ ਲੋੜ ਹੈ।

ਇਸ ਚਰਚਾ ਵਿੱਚ ਕਵੀ ਅਜੇ ਤਨਵੀਰ, ਅਵਤਰ ਗਰੇਵਾਲ ਅਤੇ ਡਾ. ਚੰਦੀ ਨੇ ਆਪੋ ਆਪਣੀਆਂ ਕਵਿਤਾਵਾਂ ਨਾਲ ਹਾਜ਼ਰੀ ਲੁਆਈ। ਅਜੇ ਤਨਵੀਰ ਦੁਆਰਾ ਪ੍ਰਕਾਸ਼ਿਤ ਪਰਚਾ ਰਾਗ' ਵੀ ਜਾਰੀ ਕੀਤਾ ਗਿਆ। ਬੱਚਿਆਂ ਦੀ ਗੁਰਮੁਖੀ ਲਿਪੀ ਵਿੱਚ ਮੁਹਾਰਤ ਤੇ ਧਰਮਵੀਰ ਥਾਂਦੀ ਦੀ ਅਰਥਭਰਭੂਰ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਕਾਰੋਬਾਰੀ ਅਜੀਤ ਸਿੰਘ ਗਿੱਲ ਨੇ ਉਨਾਂ ਨੂੰ ਨਕਦ ਇਨਾਮ ਨਾਲ ਨਿਵਾਜਿਆ। ਉਸਨੇ ਕਿਹਾ ਕਿ ਪੰਜਾਬੀ ਬੋਲੀ ਵਿੱਚ ਦਿਲਚਸਪੀ ਲੈਣ ਵਾਲੇ ਬੱਚਿਆਂ ਨੂੰ ਉਹ ਸਨਮਾਨਿਤ ਕਰਦਾ ਰਹੇਗਾ। ਕੈਲੇਫੋਰਨੀਆਂ ਦੀ ਸੈਂਟਰਲ ਵੈਲੀ ਵਿੱਚ ਕਰਵਾਇਆ ਗਿਆ, ਕੌਮਾਂਤਰੀ ਮਾਂ ਬੋਲੀ ਦਿਵਸ' ਹੋਣ ਵਾਲੇ ਸਮਾਗਮਾਂ ਲਈ ਕਈ ਸੁਆਲ ਛੱਡ ਗਿਆ।

ਮਸਲਨ, ਕੀ ਪੰਜਾਬੀ ਭਾਸ਼ਾ ਦਾ ਵਿਕਾਸ ਸਿਰਫ ਇੱਕ ਧਰਮ ਜਾਂ ਖਿੱਤੇ ਨਾਲ ਬੱਝਿਆ ਹੋਇਆ ਹੈ? ਕੀ ਪੰਜਾਬੀ ਭਾਸ਼ਾ ਦਾ ਬਾਣਨੂੰ ਬਣਨ ਵਾਲੀ ਪੰਜਾਬੀ ਕੌਮੀਅਤ ਕਿਤੇ ਹੈ? ਸਿੱਖ ਕੌਮੀਅਤ ਅਤੇ ਪੰਜਾਬੀ ਕੌਮ ਦਾ ਆਪਸੀ ਕੀ ਸੰਬੰਧ ਹੈ? ਜੇ ਸੀਮਾ ਹੈ ਤਾਂ ਕੌਮਾਂਤਰੀ ਪੱਧਰ ਤੇ ਹੁੰਦੀਆਂ ਕਾਨਫਰੰਸਾਂ ਜਾਂ ਪਰਵਾਸੀਆਂ ਦੁਆਰਾ ਕੀਤੇ ਯਤਨਾਂ ਦੀ ਕੀ ਤੁਕ ਹੈ? ਆਦਿ।

ਜਥੇਬੰਦੀ ਦੇ ਪ੍ਰਧਾਨ ਗੁਰਨੇਕ ਸਿੰਘ ਰਾਏ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਇਨ੍ਹਾਂ ਸੁਆਲਾਂ ਬਾਰੇ ਇਸ ਤਰ੍ਹਾਂ ਦੇ ਸਮਾਗਮ ਕਰਦੇ ਰਹਿਣਗੇ ਤਾਂ ਜੋ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਬੋਲੀ ਨਾਲ ਜੁੜੇ ਸਰੋਕਾਰਾਂ ਬਾਰੇ ਸਾਡੀ ਸਮਝ 'ਚ ਨਿਖਾਰ ਆਵੇ।

ਐਸੋਸੀਏਸ਼ਨ ਦੇ ਪੈਟਰਨ ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ ਨੇ ਸਮਾਗਮ ਦੀ ਕਾਮਯਾਬੀ ਵਿੱਚ ਪਾਏ ਯੋਗਦਾਨ ਲਈ ਪ੍ਰਧਾਨ ਗੁਰਨੇਕ ਰਾਏ, ਸਕੱਤਰ ਨਿੰਦੀ ਸੰਧੂ, ਗੁਰਦੀਪ ਨਿੱਝਰ, ਚਰਨਜੀਤ ਭੰਗੂ, ਰਾਣਾ ਚਾਹਲ, ਤ੍ਰਿਲੋਕ ਮਿਨਹਾਸ, ਸੁਖਜੀਤ ਭੁੱਲਰ, ਸੰਤੋਖ ਮਿਨਹਾਸ, ਕੁਲਵੰਤ ਨਿੱਝਰ, ਡਾ ਕੁਲਬੀਰ ਖਹਿਰਾ, ਪਾਲ ਮਾਹਲ, ਕਰਨਲ ਹਰਦੇਵ ਗਿੱਲ ਦੇ ਨਾਲ ਨਾਲ ਸਾਰੇ ਸਰੋਤਿਆਂ ਦਾ ਵੀ ਧੰਨਵਾਦ ਕੀਤਾ।

## ਤੇਰਾ ਅੰਸ਼

**ਯਸ਼ਪ੍ਰੀਤ ਕੌਰ**

ਕੁੱਖ 'ਚ ਪਲਦਾ ਤੇਰਾ ਹੀ ਅੰਸ਼ ਹਾਂ, ਮਹਿਸੂਸ ਤਾਂ ਕਰ,
ਕੋਸ਼ਿਸ਼ ਕਰ ਮੈਨੂੰ ਸੁਣਨ ਦੀ ਤੇ ਇਕ ਵਾਰ ਇਤਬਾਰ ਤਾਂ ਕਰ।
ਕਿਉਂ ਡਰਦੀ ਏਂ ਝੂਠੇ ਲੋਕਾਂ ਤੋਂ, ਸੱਚੇ ਮਾਲਕ 'ਤੇ ਵਿਸ਼ਵਾਸ਼ ਕਰ,
ਨਾ ਹੁਕਮ ਦੇ ਉਸ ਨੂੰ ਪੁੱਤ ਦਾ, ਬਸ ਮਿਲੀ ਦਾਤ ਲਈ ਸ਼ੁਕਰ ਕਰ।

ਮੈਂ ਤੇਰੀ ਧੀ ਹੀ ਨਹੀਂ, ਪੱਕੀ ਸਹੇਲੀ ਵੀ ਬਣੂੰ, ਮੈਨੂੰ ਪਿਆਰ ਤਾਂ ਕਰ।
ਮਾਂ! ਕੋਸ਼ਿਸ਼ ਕਰ ਮੈਨੂੰ ਸੁਣਨ ਦੀ ਤੇ ਇਕ ਵਾਰ ਇਤਬਾਰ ਤਾਂ ਕਰ।

ਦਾਦੀ ਜੀ! ਮੈਂ ਪੱਥਰ ਨਹੀਂ ਕੋਮਲ ਕਲੀ ਹਾਂ, ਗੋਦੀ 'ਚ ਉਠਾਓ ਤਾਂ ਸਹੀ,
ਪਾਪਾ! ਮੈਂ ਬੋਝ ਨਹੀਂ, ਤੁਹਾਡਾ ਪਿਆਰ ਹਾਂ, ਮੋਢਿਆਂ 'ਤੇ ਖਿਡਾਓ ਤਾਂ ਸਹੀ।
ਪਿਆਰੀਏ ਭੂਆ ਤੇਰੇ ਸੌਹਰੇ ਜਾਣ ਮਗਰੋਂ, ਇਸ ਘਰ ਨੂੰ ਮੈਂ ਸਜਾਉਂ, ਇਕਰਾਰ ਤਾਂ ਕਰ।
ਮਾਂ! ਕੋਸ਼ਿਸ਼ ਕਰ ਮੈਨੂੰ ਸੁਣਨ ਦੀ ਤੇ ਇਕ ਵਾਰ ਇਤਬਾਰ ਤਾਂ ਕਰ।

ਦਾਦਾ ਜੀ! ਆਉ ਬੈਠੋ ਕਿਤਾਬ ਤੋਂ ਪੜ੍ਹੀ ਮੈਂ ਅੱਜ ਜੋ ਕਹਾਣੀ ਸੁਣਾਵਾਂ,
ਵੀਰ ਜੀ! ਲਿਆਉ ਮੈਂ ਅੱਜ ਤੁਹਾਡੀ ਦਸਤਾਰ ਦੀ ਪੂਣੀ ਕਰਾਵਾਂ।
ਹਾਣੀਆਂ! ਮੈਂ ਪੁਰਜਾ ਨਹੀਂ ਹਾਂ, ਔਰਤ ਹਾਂ ਮੇਰਾ ਸਤਿਕਾਰ ਤਾਂ ਕਰ।
ਮਾਂ! ਕੋਸ਼ਿਸ਼ ਕਰ ਮੈਨੂੰ ਸੁਣਨ ਦੀ ਤੇ ਇਕ ਵਾਰ ਇਤਬਾਰ ਤਾਂ ਕਰ।

ਬਾਬੁਲ ਮੇਰੇ ਵਿਦਿਆ ਦਾ ਦਾਜ ਦਿੱਤਾ, ਜੋ ਨਾਲ ਲੈ ਕੇ ਆਈ ਹਾਂ,
ਮਾਂ ਨੇ ਮੈਨੂੰ ਅਕਲਾਂ ਦਾ ਗਹਿਣਾ ਦਿੱਤਾ, ਜਿਸ ਨਾਲ ਸੱਜ ਕੇ ਆਈ ਹਾਂ।
ਤੇਰੇ ਨਾਲ ਤੁਰਾਂਗੀ ਤੇਰੀ ਤਾਕਤ ਬਣ ਮਾਹੀਆ, ਮੈਨੂੰ ਪਿਆਰ ਤਾਂ ਕਰ।
ਮਾਂ ! ਮੈਨੂੰ ਕੋਸ਼ਿਸ਼ ਕਰ ਸੁਣਨ ਦੀ ਤੇ ਇਕ ਵਾਰ ਇਤਬਾਰ ਤਾਂ ਕਰ।

ਮਾਂ ਤੋਂ ਵੱਧ ਪਿਆਰੀਏ ਸੱਸੜੀਏ! ਧੀ ਦਾਤੇ ਦੀ ਵੱਡਮੁੱਲੀ ਦਾਤ ਹੈ,
ਨਾ ਕਰ ਝੋਰਾ ਪੋਤੇ ਦਾ, ਇਹ ਧੀ ਵੀ ਵਿਚ ਦੁਨੀਆਂ ਜਮਾ ਸਕਦੀ ਧਾਕ ਹੈ।
ਨਾ ਬੋਲ ਕੁਬੋਲ ਬੋਲ ਵੇ ਚੰਨਾ! ਇਹ ਧੀ ਬੋਝ ਨਹੀਂ, ਆਪਣੇ ਪਿਆਰ ਦੀ ਨਿਸ਼ਾਨੀ ਏ।
ਹਾਏ ਹਾੜਾ ਵੇ ਲੋਕੋ! ਨਾ ਮਾਰੋ ਧੀਆਂ, ਨਾ ਕਹੋ ਹਰ ਕਦਮ 'ਤੇ ਇਸਨੂੰ ਇਹ ਬਿਗਾਨੀ ਹੈ।

# ਨਵਾਂ ਸਾਲ ਅਤੇ ਹੋਲਾ-ਮਹੱਲਾ

**ਸਰਵਜੀਤ ਸਿੰਘ ਸੈਕਰਾਮੈਂਟੋ**

ਜਦੋਂ ਵੀ ਨਵਾਂ ਸਾਲ ਆਰੰਭ ਹੁੰਦਾ ਹੈ ਤਾਂ ਅਸੀਂ ਸ਼੍ਰਿਸ਼ਟਾਚਾਰ ਵਜੋਂ ਆਪਣੇ ਸਕੇ-ਸਬੰਧੀਆਂ, ਸੱਜਣਾ ਮਿੱਤਰਾਂ ਅਤੇ ਜਾਣ-ਪਛਾਣ ਵਾਲਿਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹਾਂ। ਪਹਿਲੀ ਜਨਵਰੀ ਤੋਂ ਆਰੰਭ ਹੋਣ ਵਾਲੇ ਸਾਲ ਨੂੰ ਸਮੁੱਚੇ ਤੌਰ ਤੇ ਨਵੇ ਸਾਲ ਦੇ ਆਰੰਭ ਵਜੋ ਮਨਾਇਆ ਜਾਂਦਾ ਹੈ। ਇਸ ਨੂੰ ਸੀ: ਈ: (Common Era) ਕਿਹਾ ਜਾਂਦਾ ਹੈ ਪਰ ਇਸ ਦਾ ਅਸਲ ਨਾਮ ਗਰੈਗੋਰੀਅਨ ਕੈਲੰਡਰ ਹੈ। ਦੁਨੀਆਂ ਦਾ ਸਾਰਾ ਕਾਰ-ਵਿਹਾਰ ਇਸੇ ਕੈਲੰਡਰ ਮੁਤਾਬਕ ਹੀ ਚਲਦਾ ਹੈ। ਵੱਖ-ਵੱਖ ਕੌਮਾਂ ਦੇ ਆਪਣੇ-ਆਪਣੇ ਕੈਲੰਡਰ ਵੀ ਪ੍ਰਚੱਲਤ ਹਨ। ਜਿਨ੍ਹਾਂ ਮੁਤਾਬਕ ਉਹ ਆਪਣੇ ਧਾਰਮਿਕ, ਸਮਾਜਿਕ ਅਤੇ ਇਤਿਹਾਸਿਕ ਦਿਹਾੜੇ ਮਨਾਉਂਦੇ ਹਨ। ਜਿਵੇ ਹਿਜਰੀ ਕੈਲੰਡਰ। ਇਹ ਇਸਲਾਮ ਧਰਮ ਦਾ ਕੈਲੰਡਰ ਹੈ। ਸਿੱਖ ਕੌਮ ਦਾ ਆਪਣਾ ਕੋਈ ਕੈਲੰਡਰ ਨਾ ਹੋਣ ਕਰਕੇ, ਹਿੰਦੋਸਤਾਨ 'ਚ ਪ੍ਰਚੱਲਤ ਕੈਲੰਡਰਾਂ ਮੁਤਾਬਕ ਹੀ ਆਪਣੇ ਧਾਰਮਿਕ ਅਤੇ ਇਤਿਹਾਸਿਕ ਦਿਹਾੜੇ ਮਨਾਏ ਜਾਣੇ ਸੁਭਾਵਿਕ ਹੀ ਸਨ। ਪਿਛਲੇ ਲੰਮੇ ਸਮੇਂ ਤੋਂ ਹਿੰਦੋਸਤਾਨ 'ਚ ਦੋ ਕੈਲੰਡਰ ਪ੍ਰਚੱਲਤ ਹਨ। ਸੂਰਜੀ ਬਿਕ੍ਰਮੀ ਅਤੇ ਚੰਦਰ ਸੂਰਜੀ ਬਿਕ੍ਰਮੀ। ਗੁਰੂ ਕਾਲ ਵੇਲੇ ਇਨ੍ਹਾਂ ਦੋਵਾਂ ਕੈਲੰਡਰਾਂ ਦੀ ਵਰਤੋ ਹੁੰਦੀ ਸੀ। ਜਨਮ ਸਾਖੀਆਂ, ਗੁਰੂ ਕੀਆਂ ਸਾਖੀਆਂ, ਗੁਰ ਬਿਲਾਸ, ਰਹਿਤਨਾਮਿਆਂ ਸਮੇਤ ਸਾਰੇ ਪੁਰਾਤਨ ਵਸੀਲਿਆਂ 'ਚ ਇਨ੍ਹਾਂ ਦੋਵਾਂ ਕੈਲੰਡਰਾਂ ਦੀਆਂ ਤਾਰੀਖ਼ਾਂ ਮਿਲਦੀਆਂ ਹਨ। ਉਦਾਹਰਣ ਵਜੋਂ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7, ਇਹ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀ ਤਾਰੀਖ ਹੈ ਅਤੇ ਖਾਲਸਾ ਪ੍ਰਗਟ ਦਿਵਸ 1 ਵੈਸਾਖ, ਇਹ ਸੂਰਜੀ ਬਿਕ੍ਰਮੀ ਕੈਲੰਡਰ ਦੀ ਤਾਰੀਖ। "ਨਾਨਕਸ਼ਾਹੀ ਕੈਲੰਡਰ" ਦੇ ਲਾਗੂ ਹੋਣ ਨਾਲ ਜਿਥੇ ਬਿਕ੍ਰਮੀ ਕੈਲੰਡਰ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲਿਆ ਹੈ ਉਥੇ ਹੀ ਆਪਣਾ ਕੈਲੰਡਰ ਹੋਣ ਦਾ ਮਾਣ ਵੀ ਮਹਿਸੂਸ ਹੋਇਆ ਹੈ। ਜਿਸ ਦੇ ਨਵੇਂ ਸਾਲ ਦਾ ਆਰੰਭ 1 ਚੇਤ (14 ਮਾਰਚ) ਤੋਂ ਹੁੰਦਾ ਹੈ। ਇਸੇ ਦਿਨ ਹੀ ਗੁਰੂ ਹਰਿ ਰਾਏ ਜੀ ਦਾ ਗੁਰਗੱਦੀ ਦਿਵਸ ਹੈ। ਜਿਸ ਨੂੰ ਵਾਤਾਵਰਨ ਦਿਵਸ ਦੇ ਤੌਰ ਮਨਾਇਆ ਜਾਂਦਾ ਹੈ। ਨਾਨਕਸ਼ਾਹੀ ਕੈਲੰਡਰ ਮੁਤਾਬਕ ਇਸੇ ਦਿਨ ਹੀ ਹੈ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ। ਭਾਰਤੀ ਸਮਾਜ ਵਿਚ ਮਨਾਏ ਜਾਂਦੇ ਬਹੁਤ ਸਾਰੇ ਦਿਨ-ਤਿਉਹਾਰਾਂ 'ਚ ਹੋਲੀ, ਚੰਦ ਦੇ ਕੈਲੰਡਰ ਮੁਤਾਬਕ ਸਾਲ ਦੇ ਆਖਰੀ ਦਿਨ, ਭਾਵ ਫੱਗਣ ਦੀ ਪੁੰਨਿਆ ਨੂੰ ਮਨਾਈ ਜਾਣ ਦਾ ਵਿਧਾਨ ਹੈ। ਹਿੰਦੂ ਮਿਥਿਹਾਸ ਨਾਲ ਸਬੰਧਿਤ ਕਈ ਕਥਾ ਕਹਾਣੀਆਂ, ਇਸ ਦਿਨ ਨਾਲ ਵੀ ਜੁੜੀਆਂ ਹੋਈਆਂ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਵਰਣ ਵੰਡ ਮੁਤਾਬਕ ਕਦੇ ਇਹ ਦਿਨ ਸ਼ੂਦਰਾਂ ਲਈ ਰਾਖਵਾਂ ਹੁੰਦਾ ਸੀ। ਹੋਲੀ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ ਹੈ। ਹੋਰ ਇਨਕਲਾਬੀ ਫੈਸਲਿਆਂ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ 'ਚ ਵੀ ਇਨਕਲਾਬੀ ਤਬਦੀਲੀ ਲਿਆਂਦੀ ਅਤੇ ਹੋਲੀ ਦਾ ਬਦਲ, 'ਹੋਲਾ ਮਹੱਲਾ' ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਕਰਮਕਾਂਡਾਂ ਵਿਚੋਂ ਕੱਢ ਕੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਲਈ, ਦੱਬੇ ਕੁਚਲੇ ਲੋਕਾਂ ਵਿੱਚ ਸਵੈ ਵਿਸ਼ਵਾਸ ਅਤੇ ਸਵੈਮਾਣ ਦਾ ਅਹਿਸਾਸ ਕਰਵਾਉਣ ਲਈ, ਜੰਗਾਂ ਯੁੱਧਾਂ ਵੱਲ ਉਤਸ਼ਾਹਿਤ ਕਰਨ ਲਈ ਇਸ ਤਿਉਹਾਰ ਦਾ ਨਾਮ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ-ਮਹੱਲਾ ਰੱਖਿਆ।

**ਹੋਲਾ ਮਹੱਲਾ:-** ਸੰਗਯਾ ਹਮਲਾ ਅਤੇ ਜਾਯ ਹਮਲਾ। ਹੱਲਾ ਅਤੇ ਹੱਲੇ ਦੀ ਥਾਂ। ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤ੍ਰ ਅਤੇ ਯੁੱਧਵਿਦਿਆ ਵਿੱਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇੱਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਿਆ ਦਿੰਦੇ ਸੇ। ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖਸ਼ਦੇ ਸਨ। (ਮਹਾਨ ਕੋਸ਼)



ਹੋਲੀ ਦੀ ਥਾਂ ਇਕ ਨਵਾਂ ਤਿਉਹਾਰ, ਹੋਲਾ ਮੁਹੱਲਾ ਮਨਾਉਣ ਦਾ ਮਨੋਰਥ ਸਿੱਖਾਂ ਨੂੰ ਅਨਿਆਂ ਵਿਰੁੱਧ ਸੰਘਰਸ਼, ਜੁਲਮ ਉੱਤੇ ਸੱਚ ਦੀ ਜਿੱਤ ਦਾ ਸੰਕਲਪ ਦ੍ਰਿੜ ਕਰਵਾਉਣਾ ਸੀ। ਹੋਲਾ ਮਹੱਲਾ ਆਜ਼ਾਦੀ, ਬਹਾਦਰੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਖਾਲਸਾ ਬਣਾ, ਇਕ ਸ਼ਕਤੀਸ਼ਾਲੀ ਕੌਮ ਦੀ ਸਿਰਜਣਾ ਕੀਤੀ। ਗੁਰੂ ਜੀ ਨੇ ਸਮੇਂ ਦੀ ਮੰਗ ਅਨੁਸਾਰ ਮਨੁੱਖਤਾ ਦਾ ਮਨੋਬਲ ਉੱਚਿਆਂ ਚੁੱਕਣ ਦੇ ਨਾਲ-ਨਾਲ ਸਰੀਰਕ ਤੌਰ 'ਤੇ ਬਲਵਾਨ ਕਰਨ ਅਤੇ ਸ਼ਸਤਰਾਂ ਦੇ ਸਹੀ ਉਪਯੋਗ ਉੱਪਰ ਬਲ ਦਿੱਤਾ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਗੁਰੂ ਜੀ ਸਿੰਘਾਂ ਦੇ ਦੋ ਗਰੁਪ ਬਣਾ ਕੇ ਮਸਨੂਈ ਯੁੱਧ ਕਰਵਾਉਂਦੇ ਅਤੇ ਲੋੜ ਮੁਤਾਬਕ ਦਿਸ਼ਾ ਨਿਰਦੇਸ਼ ਪ੍ਰਦਾਨ ਕਰਦੇ ਸਨ। ਹੋਲੀ ਦਾ ਇਹ ਬਦਲ ਹੋਲੇ-ਮਹੱਲੇ ਦੇ ਰੂਪ ਵਿਚ ਇਨਕਲਾਬੀ ਕਦਮ ਸੀ ਅਤੇ ਇਸ ਨੂੰ ਮਨਾਉਣ ਦਾ ਢੰਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਨਿਸ਼ਚਿਤ ਕੀਤਾ। ਗੁਰੂ ਸਾਹਿਬ ਦੇ ਉਦੇਸ਼ ਨੂੰ ਕਵੀ ਸੁਮੇਰ ਸਿੰਘ ਨੇ ਆਪਣੇ ਸ਼ਬਦਾਂ ਵਿੱਚ ਇਸ ਤਰ੍ਹਾਂ ਲਿਖਿਆ ਹੈ:

ਔਰਨ ਕੀ ਹੋਲੀ ਮਮ ਹੋਲਾ, ਕਹਯੋ ਕ੍ਰਿਪਾਨਿਧ ਬਚਨ ਅਮੋਲਾ।

ਹੋਲੀ ਚੰਦ ਦੇ ਕੈਲੰਡਰ ਮੁਤਾਬਕ ਮਨਾਈ ਜਾਂਦੀ ਹੈ। ਚੰਦ ਦੇ ਸਾਲ ਦੇ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਇਹ ਤਿਉਹਾਰ ਸਾਲ ਦੇ ਆਖਰੀ ਮਹੀਨੇ ਦੇ ਆਖਰੀ ਦਿਨ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਤੋਂ ਅੱਗਲੇ ਦਿਨ ਭਾਵ ਚੇਤ ਮਹੀਨੇ ਦੇ ਪਹਿਲੇ ਦਿਨ ਹੋਲਾ ਮਹੱਲਾ ਆਰੰਭ ਕੀਤਾ ਸੀ। ਫੱਗਣ ਦੀ ਪੁੰਨਿਆ, ਇਹ ਦਿਨ ਚੰਦ ਦੇ ਸਾਲ ਦਾ ਆਖਰੀ ਦਿਨ ਹੁੰਦਾ ਹੈ। ਇਸ ਦਿਨ ਚੰਦ ਅਧਾਰਿਤ ਕੈਲੰਡਰ ਦਾ ਸਾਲ ਖਤਮ ਹੁੰਦਾ ਹੈ। ਗੁਰੂ ਜੀ ਨੇ ਇਸ ਤੋਂ ਅਗਲੇ ਦਿਨ ਭਾਵ ਨਵੇ ਸਾਲ ਦੇ ਆਰੰਭ ਵਾਲੇ ਦਿਨ, ਚੇਤ ਵਦੀ ਏਕਮ ਨੂੰ ਚੜਦੀ ਕਲਾ ਦਾ ਪ੍ਰਤੀਕ 'ਹੋਲਾ ਮਹੱਲਾ' ਮਨਾਉਣਾ ਆਰੰਭ ਕੀਤਾ ਸੀ। ਗੁਰੂ ਕਾਲ 'ਚ ਚੰਦਰ-ਸੂਰਜੀ ਬਿਕ੍ਰਮੀ (Lunisolar) ਅਤੇ ਸੂਰਜੀ ਬਿਕ੍ਰਮੀ (Solar) ਪ੍ਰਚੱਲਤ ਸਨ। ਦੋਵਾਂ ਕੈਲੰਡਰਾਂ ਦੇ 12 ਮਹੀਨੇ ਹੀ, ਚੇਤ ਤੋਂ ਫੱਗਣ ਹੀ ਹਨ ਪਰ ਸਾਲ ਦੀ ਲੰਬਾਈ ਵਿੱਚ ਫਰਕ ਹੈ।

ਸੂਰਜੀ ਬਿਕ੍ਰਮੀ, ਇਹ ਸਾਲ 1 ਚੇਤ ਤੋਂ ਆਰੰਭ ਹੁੰਦਾ ਹੈ। ਇਸ ਸਾਲ ਦੀ ਲੰਬਾਈ 1964 ਈ. ਤੋਂ ਪਹਿਲਾ ਸੂਰਜੀ ਸਿਧਾਂਤ ਮੁਤਾਬਕ 365.2587 ਦਿਨ ਹੁੰਦੀ ਸੀ ਪਰ 1964 ਈਸਵੀ ਤੋਂ ਪਿਛੋਂ ਦ੍ਰਿਕ ਗਿਣਤ ਸਿਧਾਂਤ ਮੁਤਾਬਕ ਇਸ ਸਾਲ ਦੀ ਲੰਬਾਈ 365.2563 ਦਿਨ ਮੰਨੀ ਗਈ ਹੈ। ਫੱਗਣ, ਇਸ ਸਾਲ ਦਾ ਆਖਰੀ ਮਹੀਨਾ ਹੁੰਦਾ ਹੈ। ਚੰਦਰ-ਸੂਰਜੀ ਬਿਕ੍ਰਮੀ (Lunisolar) ਚੇਤ ਵਦੀ 1 ਤੋਂ ਆਰੰਭ ਹੋ ਕੇ ਫੱਗਣ ਸੁਦੀ 15 ਭਾਵ ਫੱਗਣ ਦੀ ਪੁੰਨਿਆ ਨੂੰ ਖਤਮ ਹੋ ਜਾਂਦਾ ਹੈ। ਇਸ ਸਾਲ ਦੀ ਲੰਬਾਈ 354.37 ਦਿਨ ਹੁੰਦੀ ਹੈ। ਚੰਦ ਦਾ ਸਾਲ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਦੋ ਸਾਲਾ 'ਚ ਇਹ ਫਰਕ 22 ਦਿਨ ਦਾ ਹੋ ਜਾਂਦਾ ਹੈ ਤਾਂ ਚੰਦ ਦੇ ਸਾਲ ਨੂੰ ਖਿੱਚ ਧੂਹ ਕੇ ਸੂਰਜੀ ਸਾਲ ਦੇ ਨੇੜੇ ਤੇੜੇ ਕਰਨ ਲਈ ਤੀਜੇ ਸਾਲ ਇਸ 'ਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ ਉਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੋ ਜਾਂਦੇ ਹਨ ਅਤੇ ਸਾਲ ਦੇ ਦਿਨ 383/384 ਹੋ ਜਾਂਦੇ ਹਨ। 2018 'ਚ ਵੀ ਚੰਦ ਦੇ ਸਾਲ ਦੇ 13 ਮਹੀਨੇ ਹੀ ਹੋਣਗੇ, ਜੇਠ ਦੇ ਦੋ ਮਹੀਨੇ ਹੋਣਗੇ। ਇਸ ਲਈ ਹੋਲਾ ਮਹੱਲਾ ਹਰ ਸਾਲ ਬਦਲਵੀਂ ਤਾਰੀਖ ਨੂੰ ਆਉਂਦਾ ਹੈ। ਮਿਸਾਲ ਵਜੋਂ 2015 ਈ: ਵਿੱਚ ਇਹ ਦਿਹਾੜਾ 22 ਫੱਗਣ (6 ਮਾਰਚ), 2016 ਈ. 'ਚ 11 ਚੇਤ (24 ਮਾਰਚ), 2017 ਈ: ਵਿੱਚ 30 ਫੱਗਣ (13 ਮਾਰਚ) ਨੂੰ ਅਤੇ 2018 ਈ. ਵਿਚ ਇਹ ਦਿਹਾੜਾ 19 ਫੱਗਣ ਨੂੰ (2 ਮਾਰਚ) ਆਇਆ ਸੀ। ਸ਼੍ਰੋਮਣੀ ਕਮੇਟੀ ਵੱਲੋਂ 5 ਮਾਰਚ 2018 ਈ: ਨੂੰ, ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ( ਸੰਮਤ 550) ਜਾਰੀ ਕੀਤੇ ਗਏ ਬਿਕ੍ਰਮੀ ਕੈਲੰਡਰ ਵਿੱਚ ਹੋਲਾ-ਮਹੱਲਾ ਦਰਜ ਹੀ ਨਹੀਂ ਹੈ। ਅਗਲੇ ਸਾਲ (ਸੰਮਤ 551) ਸ਼੍ਰੋਮਣੀ ਕਮੇਟੀ ਨੇ ਹੋਲਾ-ਮਹੱਲਾ, ਹੋਲੀ ਵਾਲੇ ਦਿਨ ਹੀ ਮਨਾਉਣਾ ਹੈ।

ਇਥੇ ਹੀ ਵੱਸ ਨਹੀ, ਚੰਦ ਦੇ ਕੈਲੰਡਰ ਵਿੱਚ ਇਕ ਹੋਰ ਵੀ ਸਮੱਸਿਆ ਹੈ। ਚੰਦ ਦੇ ਮਹੀਨੇ ਵਿੱਚ ਦੋ ਪੱਖ ਹੁੰਦੇ ਹਨ ਇਕ ਹਨੇਰਾ ਪੱਖ ਭਾਵ ਵਦੀ ਪੱਖ ਅਤੇ ਦੂਜਾ ਚਾਨਣਾ ਪੱਖ ਭਾਵ ਸੁਦੀ ਪੱਖ। ਵਦੀ ਪੱਖ ਦਾ ਆਰੰਭ ਪੁੰਨਿਆ ਤੋਂ ਅਗਲੇ ਦਿਨ ਹੁੰਦਾ ਹੈ ਅਤੇ ਸੁਦੀ ਪੱਖ ਦਾ ਆਰੰਭ ਮੱਸਿਆ ਤੋਂ ਅਗਲੇ ਦਿਨ। ਚੰਦ ਦੇ ਮਹੀਨੇ ਨੂੰ ਪੁੰਨਿਆ ਤੋਂ ਪੁੰਨਿਆ, ਜਿਸ ਨੂੰ ਪੂਰਨਮੰਤਾ ਕਹਿੰਦੇ ਹਨ ਅਤੇ ਮੱਸਿਆ ਤੋਂ ਮੱਸਿਆ, ਜਿਸ ਨੂੰ ਅਮੰਤਾ ਕਹਿੰਦੇ ਹਨ, ਦੋਵੇਂ ਤਰ੍ਹਾਂ ਹੀ ਗਿਣੇ ਜਾਂਦੇ ਹਨ। ਉਤਰੀ ਭਾਰਤ ਵਿੱਚ ਮਹੀਨਾ ਪੁੰਨਿਆ ਤੋਂ ਪੁੰਨਿਆ ਭਾਵ ਪੂਰਨਮੰਤਾ ਹੁੰਦਾ ਹੈ ਅਤੇ ਦੱਖਣ ਭਾਰਤ ਵਿੱਚ ਅਮੰਤਾ ਭਾਵ ਮੱਸਿਆ ਤੋਂ ਮੱਸਿਆ ਗਿਣਿਆ ਜਾਂਦਾ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉਤਰੀ ਭਾਰਤ ਵਿੱਚ ਮਹੀਨਾ ਤਾਂ ਪੁੰਨਿਆ ਤੋਂ ਅਗਲੇ ਦਿਨ ਭਾਵ ਵਦੀ ਏਕਮ ਤੋਂ ਆਰੰਭ ਹੁੰਦਾ ਹੈ ਪਰ ਸਾਲ ਦਾ ਆਰੰਭ ਮੱਸਿਆ ਤੋਂ ਅਗਲੇ ਦਿਨ, ਭਾਵ ਚੇਤ ਸੁਦੀ ਇਕ ਤੋਂ ਹੁੰਦਾ ਹੈ। ਚੇਤ ਮਹੀਨੇ ਦੇ ਦੋਵੇਂ ਪੱਖ, ਦੋ ਵੱਖ-ਵੱਖ ਸਾਲਾਂ ਵਿਚ ਗਿਣੇ ਜਾਂਦੇ ਹਨ। ਚੇਤ ਦਾ ਪਹਿਲਾ ਅੱਧ, ਖਤਮ ਹੋ ਰਹੇ ਸਾਲ ਵਿੱਚ ਅਤੇ ਦੂਜਾ ਅੱਧ, ਆਰੰਭ ਹੋ ਨਵੇਂ ਰਹੇ ਸਾਲ ਵਿੱਚ ਗਿਣਿਆ ਜਾਂਦਾ ਹੈ। ਸੁਦੀ ਪੱਖ ਦੋਵੇਂ ਪਾਸੇ ਭਾਵ ਉਤਰੀ ਅਤੇ ਦੱਖਣੀ ਭਾਰਤ, ਇਕ ਹੁੰਦਾ ਹੈ ਪਰ ਵਦੀ ਪੱਖ ਵਿੱਚ ਇਕ ਮਹੀਨੇ ਦਾ ਫਰਕ ਪੈ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਕਈ ਵਿਦਵਾਨਾਂ ਨੂੰ ਚੇਤ ਸੁਦੀ ਏਕਮ ਸੰਮਤ 1757 ਬਿਕ੍ਰਮੀ ਨੂੰ ਈਸਵੀ ਸੰਨ ਵਿੱਚ ਲਿਖਣ ਵੇਲੇ ਗਲਤੀ ਲੱਗੀ ਹੈ। ਕਈ ਵਿਦਵਾਨਾਂ ਨੇ 1757 ਬਿਕ੍ਰਮੀ ਨੂੰ 1700 ਈਸਵੀ ਲਿਖਿਆ ਹੈ ਜਦੋਂ ਕਿ ਚੇਤ ਸੁਦੀ ਏਕਮ ਸੰਮਤ 1757 ਬਿਕ੍ਰਮੀ, ਮੁਤਾਬਕ ਇਹ 17 ਚੇਤ, 14 ਮਾਰਚ 1701 ਈ: (ਜੂਲੀਅਨ) ਬਣਦੀ ਹੈ। ਪਾਠਕ ਨੋਟ ਕਰਨ ਕਿ, ਬਿਪਰ ਵੱਲੋਂ ਬੁਣੇ ਗਏ ਇਸ ਮੱਕੜ ਜਾਲ਼ ਨੂੰ ਬ੍ਰਾਹਮਣ ਵਾਦ ਕਿਹਾ ਜਾਂਦਾ ਹੈ ਨਾ ਕਿ ਚੰਦ ਨੂੰ।

ਸਰਦ ਰੁਤ ਦੇ ਖਾਤਮੇ ਪਿਛੋਂ ਜਦੋਂ ਦਰਖ਼ਤਾਂ ਦੇ ਨਵੇ ਰੰਗ-ਵਰੰਗੇ ਪੱਤੇ ਫੁੱਟਦੇ ਹਨ, ਧੁੰਦ ਦੀਆਂ ਝੰਬੀਆਂ ਫਸਲਾਂ ਤੇ ਨੁਹਾਰ ਆਉਂਦੀ ਹੈ, ਖੇਤਾਂ ਵਿੱਚ ਸਰ੍ਹੋ-ਤੋਰੀਏ ਦੇ ਬਸੰਤੀ ਫੁਲ ਖਿੜਦੇ ਹਨ ਤਾਂ ਬਸੰਤ ਰੁੱਤ ਦਾ ਅਗਾਜ ਮੰਨਿਆ ਜਾਂਦਾ ਹੈ। ਯਾਦ ਰਹੇ ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਰੁੱਤ ਦਾ ਆਰੰਭ ਕਦੇ ਵੀ ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਜਾਂ 18/19 ਦਿਨ ਪੱਛੜ ਕੇ ਨਹੀ ਹੁੰਦਾ। ਰੁੱਤ ਦਾ ਆਰੰਭ ਹਰ ਸਾਲ ਉਸੇ ਸਮੇਂ ਹੀ ਹੁੰਦਾ ਹੈ। ਧੁਰ ਕੀ ਬਾਣੀ ਮੁਤਾਬਕ ਵੀ ਬਸੰਤ ਰੁੱਤ ਦਾ ਆਰੰਭ 1 ਚੇਤ ਤੋਂ ਹੀ ਹੁੰਦਾ ਹੈ। "ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ" (ਪੰਨਾ 927) ਇਹ ਵੱਖਰੀ ਗੱਲ ਹੈ ਕਿ ਆਪਣੇ ਆਪ ਨੂੰ ਸ਼੍ਰੋਮਣੀ ਸਮਝਣ ਵਾਲੀ ਕਮੇਟੀ ਵੱਲੋਂ ਦਰਬਾਰ ਸਾਹਿਬ ਵਿਖੇ ਬਸੰਤ ਰਾਗ ਦਾ ਆਰੰਭ, ਹਿੰਦੂ ਮਿਥਿਹਾਸ ਦੀ ਦੇਵੀ ਸਰਸਵਤੀ ਦੇ ਜਨਮ ਦਿਨ ਤੋਂ ਭਾਵ ਮਾਘ ਸੁਦੀ 5 ਤੋਂ ਕਰਦੀ ਹੈ।

ਜਿਵੇ ਕਿ ਉੱਪਰ ਪੜ੍ਹ ਚੁੱਕੇ ਹੋ ਕਿ ਹੋਲੀ ਸਾਲ ਦੇ ਆਖਰੀ ਦਿਨ ਮਨਾਈ ਜਾਂਦੀ ਸੀ ਅਤੇ ਗੁਰੂ ਸਾਹਿਬ ਨੇ ਹੋਲਾ ਮਹੱਲਾ ਨਵੇ ਸਾਲ ਦੇ ਪਹਿਲੇ ਦਿਨ ਤੋਂ ਆਰੰਭ ਕੀਤਾ ਸੀ। ਇਸ ਲਈ ਹੁਣ ਜਦੋਂ ਅਸੀਂ ਚੰਦ ਦਾ ਕੈਲੰਡਰ ਪੱਕੇ ਤੌਰ ਹੀ ਛੱਡ ਚੁਕੇ ਹਾਂ ਅਤੇ ਸੂਰਜੀ ਕੈਲੰਡਰ ਨੂੰ ਅਪਣਾ ਲਿਆ ਹੈ ਤਾਂ ਹੋਲਾ ਨਵੇ ਸਾਲ ਦੇ ਪਹਿਲੇ ਦਿਨ ਭਾਵ 1 ਚੇਤ ਨੂੰ ਮਨਾਉਣਾ ਚਾਹੀਦਾ ਹੈ। ਨਾਨਕਸ਼ਾਹੀ ਕੈਲੰਡਰ, ਜੋ ਕਿ ਸੂਰਜੀ ਕੈਲੰਡਰ ਹੈ। ਜਿਸ ਦਾ ਆਰੰਭ 1 ਚੇਤ ਤੋਂ ਹੁੰਦਾ ਹੈ, ਮੁਤਾਬਕ 'ਹੋਲਾ ਮਹੱਲਾ' ਹਰ ਸਾਲ 1 ਚੇਤ/14 ਮਾਰਚ ਨੂੰ ਆਵੇਗਾ। ਹੁਣ ਸਾਨੂੰ ਇਹ ਵੇਖਣ ਲਈ ਕਿ ਚੇਤ ਵਦੀ ਏਕਮ ਕਿਸ ਤਾਰੀਖ ਨੂੰ ਆਵੇਗੀ, ਹਿੰਦੂ ਵਿਦਵਾਨਾਂ ਵੱਲੋਂ ਤਿਆਰ ਕੀਤੀ ਗਈ ਜੰਤਰੀ ਦੀ ਉਡੀਕ ਨਹੀ ਕਰਨੀ ਪਵੇਗੀ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ, ਹੁਣ ਜਦੋਂ ਕੈਲੰਡਰ ਵਿਗਾੜੂ ਕਮੇਟੀ ਦੇ ਮੈਂਬਰਾਂ ਦੀ ਅਸਲੀਅਤ ਸਾਹਮਣੇ ਆ ਚੁੱਕੀ ਹੈ ਤਾਂ ਕੀ, ਅਜੇ ਵੀ ਕੌਮ ਨੂੰ ਇਨ੍ਹਾਂ ਭੇਖੀਆਂ ਮਗਰ ਲੱਗਣਾ ਚਾਹੀਦਾ ਹੈ? ਖਾਲਸਾ ਜੀ ਜਾਗੋ, ਆਓ ਇਸ ਮੱਕੜ ਜਾਲ਼ ਤੋਂ ਮੁਕਤ ਹੋਈਏ!

ਸਮੂਹ ਸੰਗਤ ਨੂੰ ਨਵੇ ਸਾਲ, 1 ਚੇਤ ਸੰਮਤ 550 ਨਾਨਕਸ਼ਾਹੀ (14 ਮਾਰਚ 2018 ਈਸਵੀ) ਦੀਆ ਲੱਖ-ਲੱਖ ਵਧਾਈਆਂ।

# ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਨਰਿੰਦਰ ਮੋਦੀ ਖਿਲਾਫ ਮੁਜ਼ਾਹਰਾ ਕਰਨ ਦਾ ਐਲਾਨ

## ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਦਾ ਕੀਤਾ ਹਾਰਦਿਕ ਧੰਨਵਾਦ ਅਤੇ ਭਾਰਤ ਸਰਕਾਰ ਦੀ ਨਿਖੇਧੀ

**ਲੰਡਨ/ਬਿਊਰੋ ਨਿਊਜ਼:**

ਭਾਰਤ ਦੇ ਹਿੰਦੂਤਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਲੇ ਮਹੀਨੇ ਇੰਗਲੈਂਡ ਫੇਰੀ ਦਾ ਨੋਟਿਸ ਲੈਂਦਿਆਂ ਉਸਦਾ ਵੱਡੀ ਪੱਧਰ ਤੇ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ । ਇਸ ਵਾਸਤੇ ਯੂ,ਕੇ ਭਰ ਦੀਆਂ ਸਿੱਖ ਸੰਗਤਾਂ ,ਗੁਰਦਵਾਰਾ ਪ੍ਰਬੰਧਕ ਕਮੇਟੀਆਂ ਨੂੰ ਕਮਰਕੱਸੇ ਕਰ ਦੀ ਸਨਿਮਰ ਅਪੀਲ ਕੀਤੀ ਗਈ ਹੈ । ਜਿਕਰਯੋਗ ਹੈ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ 17 ਅਪਰੈਲ ਨੂੰ ਚਾਰ ਦਿਨਾਂ ਦੌਰੇ ਤੇ ਲੰਡਨ ਆ ਰਿਹਾ ਹੈ ।

ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਕੌਮੀ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੀ ਵਿਸ਼ੇਸ਼ ਇਕੱਤਰਤਾ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਕਾਵੈਂਟਰੀ ਵਿਖੇ ਹੋਈ ਜਿਸ ਵਿੱਚ ਹੋਰਨਾਂ ਤੋਂ ਇਲਾਵਾ ਭਾਈ ਅਮਰੀਕ ਸਿੰਘ ਗਿੱਲ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਭਾਈ ਹਰਦੀਸ਼ ਸਿੰਘ, ਜਥੇਦਾਰ ਬਲਵੀਰ ਸਿੰਘ, ਭਾਈ ਦਵਿੰਦਰਜੀਤ ਸਿੰਘ, ਭਾਈ ਬਲਵਿੰਦਰ ਸਿੰਘ ਵੂਲਵਰਹੈਪਟਨ, ਭਾਈ ਗੁਰਚਰਨ ਸਿੰਘ ਅਤੇ ਭਾਈ ਅਵਤਾਰ ਸਿੰਘ ਸੰਘੇੜਾ ਨੇ ਸ਼ਮੂਲੀਅਤ ਕੀਤੀ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਸਿੱਖ ਕੌਮ ਪ੍ਰਤੀ ਦਿਖਾਈ ਹਮਦਰਦੀ ਲਈ ਧੰਨਵਾਦੀ ਦਾ ਮਤਾ ਪਾਸ ਕੀਤਾ ਗਿਆ । ਮਤੇ ਵਿੱਚ ਭਾਰਤ ਸਰਕਾਰ, ਭਾਰਤ ਦੇ ਫਿਰਕਾਪ੍ਰਸਤ ਹਿੰਦੂਤਵੀ ਸੋਚ ਨਾਲ ਲਬਰੇਜ਼ ਮੀਡੀਏ ਵਲੋਂ ਦਿਖਾਈ ਗਈ ਨਫਰਤੀ ਭਾਵਨਾ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿਗਆ ਕਿ ਇਸ ਕੋਝੀ ਹਰਕਤ ਨਾਲ ਦੁਨੀਆਂ ਭਰ ਦੇ ਇਨਸਾਫ ਪਸੰਦ ਲੋਕਾਂ ਸਾਹਮਣੇ ਭਾਰਤ ਦਾ ਫਿਰਕੂ ਚਿਹਰਾ ਨੰਗਾ ਹੋਇਆ । ਭਾਰਤ ਵਿੱਚ ਸਿੱਖਾਂ ਨਾਲ 1947 ਤੋਂ ਲਗਾਤਾਰ ਵਿਤਕਰਾ ,ਜ਼ੁਲਮ ਅਤੇ ਧੱਕੇਸ਼ਾਹੀਆਂ ਹੋ ਰਹੀਆਂ ਹਨ । ਸਰਕਾਰੀ ਸ਼ਹਿ ਪ੍ਰਾਪਤ ਇਸ ਹਿਟਲਰਸ਼ਾਹੀ ਜੁਲਮਾਂ ਦੀ ਮਾਰ ਹੇਠ ਸਿੱਖਾਂ ਸਮੇਤ ਸਮੂਹ ਘੱਟ ਗਿਣਤੀਆਂ ਵੀ ਹਨ ਜਿਨ੍ਹਾਂ ਨੂੰ ਖਤਮ ਕਰਕੇ ਜਾਂ ਹਿੰਦੂਤਵ ਦੇ ਖਾਰੇ ਸਮੁੰਦਰ ਵਿੱਚ ਜਜ਼ਬ ਜਾਂ ਹਿੰਦੂਤਵ ਦੀ ਈਨ ਮੰਨਵਾ ਕੇ ਭਾਰਤ ਨੂੰ ਹਿੰਦੂਰਾਸ਼ਟਰ ਬਣਾਉਣ ਦੇ ਐਲਾਨ ਅਕਸਰ ਹੀ ਹਿੰਦੂਤਵੀ ਆਗੂਆਂ ਵਲੋਂ ਕੀਤੇ ਜਾਂਦੇ ਹਨ । ਕੇਂਦਰ ਵਿੱਚ ਭਾਜਪਾ ਸਰਕਾਰ ਆਉਣ ਮਗਰੋਂ ਇਹਨਾਂ ਦੇ ਹੌਂਸਲੇ ਵਧ ਗਏ ਹਨ ਅਤੇ ਹਿੰਦੂਤਵੀ ਏਜੰਡਾ ਲਾਗੂ ਕਰਨ ਲਈ ਵੱਡੀ ਪੱਧਰ ਤੇ ਸਰਗਰਮ ਹਨ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸਪੱਸ਼ਟ ਐਲਾਨ ਕੀਤਾ ਗਿਆ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਲੋਂ ਸਾਜੇ ਹੋਏ ਖਾਲਸਾ ਪੰਥ ਦੀ ਅਜਾਦ ਹਸਤੀ ਅਤੇ ਅੱਡਰੀ ਹੋਂਦ ਹੈ। ਰਾਜਸੀ ਨਿਸ਼ਾਨਾ ਕੇਵਲ ਖਾਲਿਸਤਾਨ ਹੈ ਜਿਸਦੀ ਪੂਰਤੀ ਲਈ ਹਰ ਸੰਭਵ ਯਤਨ ਜਾਰੀ ਰਹਿਣਗੇ । ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਰੋਸ ਮੁਜਾਹਰੇ ਬਾਰੇ ਇੰਗਲੈਂਡ ਭਰ ਦੀਆਂ ਸਿੱਖ ਸੰਗਤਾਂ ਨੂੰ ਡੱਟ ਕੇ ਸਾਥ ਦੇਣ ਦੀ ਅਪੀਲ ਕੀਤੀ ਗਈ । ਇਸਦੇ ਨਾਲ ਹੀ ਇੰਗਲੈਂਡ ਵਿੱਚ ਚੱਲ ਰਹੇ ਵੱਖ ਵੱਖ ਟੀ.ਵੀ ਚੈਨਲਾਂ ਅਤੇ ਪਿੰਟ ਮੀਡੀਏ ਨੂੰ ਇਸ ਰੋਸ ਮੁਜਾਹਰੇ ਵਿੱਚ ਯੋਗਦਾਨ ਪਾਉਣ ਦਾ ਨਿਮਰਤਾ ਸਹਿਤ ਸੱਦਾ ਦਿੰਦਿਆਂ ਆਖਿਆ ਗਿਆ ਕਿਉਂ ਕਿ ਇਹ ਕਿਸੇ ਇੱਕ ਜਥੇਬੰਦੀ ਜਾਂ ਵਿਅਕਤੀ ਵਿਸੇਦਾ ਕਾਰਜ ਨਹੀਂ ਬਲਕਿ ਸਮੁੱਚੀ ਕੌਮ ਦਾ ਸਾਂਝਾ ਕਾਰਜ ਹੈ । ਬਲਕਿ ਭਾਰਤ ਦੇ ਸਰਕਾਰੀ ਜੁਲਮਾਂ ਦੀ ਭੱਠੀ ਵਿੱਚ ਪਿਸ ਰਹੀਆਂ ਸਮੂਹ ਘੱਟ ਗਿਣਤੀਆਂ ਦਾ ਸਾਂਝਾ ਕਾਰਜ ਹੈ । ਇਸ ਕਰਕੇ ਹਰ ਸਿੱਖ ਬਲਕਿ ਹਰ ਇਨਸਾਫ ਪਸੰਦ ਵਿਆਕਤੀ ਨੂੰ ਇਸ ਮੁਜਾਹਰੇ ਦਾ ਹਿੱਸਾ ਬਣਨ ਦੀ ਲੋੜ ਹੈ ਹੈ ।



## Classified

ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਧਿਆਨ ਹਿੱਤ

ਅੰਤਰਰਾਸ਼ਟਰੀ ਵਿਦਿਆਰਥੀਆਂ ਵਾਸਤੇ ਆਨ ਲਾਈਨ NCLEX ਕਲਾਸਾਂ

ਪੰਜਾਬੀ ਜਾਂ ਅੰਗਰੇਜੀ ਕਿਸੇ ਵੀ ਭਾਸ਼ਾ ਵਿਚ ਕਲਾਸਾਂ ਲਓ

ਸਮੇਂ ਦੀ ਕੋਈ ਪਾਬੰਦੀ ਨਹੀਂ, ਕਿਸੇ ਵੀ ਦਿਨ, ਕਿਸੇ ਵੀ ਟਾਈਮ

ਹੋਰ ਜਾਣਕਾਰੀ ਲਈ ਸੰਪਰਕ ਕਰੋ :

ਈਮੇਲ: successonnclex@gmail.com

ਜਾਂ ਕਾਲ ਕਰੋ:

612-849-5258

ATTENTION

International Students

Online NCLEX Classes for International Students

Available in English & Punjabi

Flexible Days and Time

For more information

Email: successonnclex@gmail.com

Call: 612-849-5258

## ਜੇਮਸ ਟਰੂਡੋ 'ਖਾਲਿਸਤਾਨ ਵਿਵਾਦ' ਦੇ ਬਾਵਜੂਦ ਚੰਗੇ ਸਿਆਸੀ ਆਗੂ ਸਾਬਤ ਹੋਏ

ਹਨ। ਸਰਵੇ ਦੌਰਾਨ ਹਰ 10 ਵਿਚੋਂ 6 ਕੈਨੇਡੀਅਨਾਂ ਦਾ ਕਹਿਣਾ ਹੈ ਕਿ ਟਰੂਡੋ ਵਿਚ ਇਕ ਚੰਗੇ ਸਿਆਸੀ ਆਗੂ ਦੇ ਗੁਣ ਮੌਜੂਦ ਹਨ। ਦੂਜੇ ਪਾਸੇ 36.8 ਫੀਸਦੀ ਲੋਕਾਂ ਨੇ ਐਂਡਰਿਊ ਸ਼ੀਅਰ ਵਿਚ ਚੰਗੇ ਸਿਆਸੀ ਆਗੂ ਦੇ ਗੁਣ ਹੋਣ ਦੀ ਜ਼ਿਕਰ ਕੀਤਾ। ਜਗਮੀਤ ਸਿੰਘ ਇਸ ਮਾਮਲੇ ਵਿਚ ਸ਼ੀਅਰ ਤੋਂ ਅੱਗੇ ਰਹੇ ਕਿਉਂਕਿ 37.5 ਫੀਸਦੀ ਲੋਕਾਂ ਨੇ ਐੱਨ.ਡੀ.ਪੀ. ਆਗੂ ਵਿਚ ਸਿਆਸੀ ਕਾਬਲੀਅਤ ਹੋਣ ਦੀ ਗੱਲ ਕਹੀ।

ਪਾਰਟੀਆਂ ਨੂੰ ਮਿਲ ਰਹੀ ਲੋਕ ਹਮਾਇਤ ਦੀ ਜ਼ਿਕਰ ਕਰਦਿਆਂ ਸਰਵੇ ਵਿਚ ਕਿਹਾ ਗਿਆ ਕਿ 36.5 ਫੀਸਦੀ ਲੋਕ ਲਿਬਰਲਾਂ ਦੇ ਹੱਕ ਵਿਚ ਖੜ੍ਹੇ ਹਨ ਜਦਕਿ 32.7 ਫੀਸਦੀ ਲੋਕਾਂ ਨੇ ਕੰਜ਼ਰਵੇਟਿਵ ਪਾਰਟੀ ਦਾ ਸਮਰਥਕ ਹੋਣ ਦਾ ਜ਼ਿਕਰ ਕੀਤਾ। ਇਸੇ ਤਰ੍ਹਾਂ 19.2 ਫੀਸਦੀ ਲੋਕਾਂ ਨੇ ਐੱਨ.ਡੀ.ਪੀ. ਪਾਰਟੀ ਦਾ ਸਾਥ ਦੇਣ ਦੀ ਗੱਲ ਕਹੀ। ਲੋਕਾਂ ਨੂੰ ਜਦੋਂ ਪੁੱਛਿਆ ਗਿਆ ਕਿ ਉਹ ਕਿਹੜੀ ਪਾਰਟੀ ਨੂੰ ਵੋਟ ਪਾਉਣਾ ਪਸੰਦ ਕਰਨਗੇ ਤਾਂ 53.1 ਫੀਸਦੀ ਲੋਕਾਂ ਨੇ ਲਿਬਰਲਾਂ ਦਾ ਨਾਂ ਲਿਆ ਜਦਕਿ 48 ਫੀਸਦੀ ਲੋਕਾਂ ਨੇ ਕੰਜ਼ਰਵੇਟਿਵ ਪਾਰਟੀ ਨੂੰ ਵੋਟ ਦੇਣ ਦੀ ਗੱਲ ਕਹੀ। 38.3 ਫੀਸਦੀ ਲੋਕਾਂ ਨੇ ਕਿਹਾ ਕਿ ਐੱਨ.ਡੀ.ਪੀ. ਨੂੰ ਵੋਟ ਪਾਉਣਾ ਪਸੰਦ ਕਰਨਗੇ। ਹਾਲਾਂਕਿ ਸਰਵੇ ਵਿਚ ਕੁਝ ਵਾਧੇ-ਘਾਟੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਜਗਮੀਤ ਸਿੰਘ ਦਾ ਆਧਾਰ ਤੇਜ਼ੀ ਨਾਲ ਵਧ ਰਿਹਾ ਹੈ। ਅਮਰੀਕਾ ਤੇ ਕੈਨੇਡਾ ਦੀਆਂ ਯਹੂਦੀ ਅਖ਼ਬਾਰਾਂ ਜਗਮੀਤ ਸਿੰਘ ਦੇ ਹੱਕ ਵਿਚ ਡੱਟੀਆਂ ਹੋਈਆਂ ਹਨ ਤੇ ਉਹ ਟਰੂਡੋ ਦੇ ਲਈ ਚੈਲਿੰਜ ਸਾਬਤ ਹੋ ਰਿਹਾ ਹੈ।

ਦੱਸਣਯੋਗ ਹੈ ਕਿ ਟਰੂਡੋ ਦੇ ਮੁੰਬਈ ਸਮਾਗਮ ਵਿਚ ਖਾਲਿਸਤਾਨੀ ਹਮਾਇਤੀ ਰਹੇ ਜਸਪਾਲ ਅਟਵਾਲ ਦੀ ਮੌਜੂਦਗੀ ਤੇ ਦਿੱਲੀ ਵਿਖੇ ਸਮਾਗਮ ਲਈ ਸੱਦਾ ਭੇਜੇ ਜਾਣ ਦਾ ਮੁੱਦਾ ਸੁਰਖੀਆਂ ਵਿਚ ਰਿਹਾ ਸੀ। ਟਰੂਡੋ ਤੇ ਉਨ੍ਹਾਂ ਦੀ ਪਤਨੀ ਨੇ ਇਸ ਗੱਲ ਤੋਂ ਸਾਫ ਇਨਕਾਰ ਕਰ ਦਿੱਤਾ ਕਿ ਉਹ ਜਸਪਾਲ ਅਟਵਾਲ ਨੂੰ ਜਾਣਦੇ ਹਨ। ਕੈਨੇਡਾ ਦੇ ਪੀਐੱਮ ਟਰੂਡੋ ਨੇ ਵੀ ਇਸ ਮੁੱਦੇ 'ਤੇ ਸਫਾਈ ਦਿੱਤੀ ਸੀ ਕਿ ਅਟਵਾਲ ਆਫਿਸ਼ਿਅਲ ਡੈਲਿਗੇਸ਼ਨ ਦਾ ਹਿੱਸਾ ਨਹੀਂ ਸੀ ਤੇ ਨਾ ਹੀ ਉਸ ਨੂੰ ਪੀ.ਐਮ ਆਫਿਸ ਵੱਲੋਂ ਬੁਲਾਇਆ ਗਿਆ ਸੀ। ਕੈਨੇਡੀਅਨ ਪੀ.ਐਮ.ਓ ਵੱਲੋਂ ਕਿਹਾ ਗਿਆ ਹੈ ਕਿ ਉਨ੍ਹਾਂ ਵੱਲੋਂ ਅਟਵਾਲ ਨੂੰ ਪ੍ਰੋਗਰਾਮ ਦਾ ਸੱਦਾ ਨਹੀਂ ਨਹੀਂ ਦਿੱਤਾ ਗਿਆ। ਇਸ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਆਖਿਰ ਇਹ ਸਭ ਹੋਇਆ ਕਿਵੇਂ। ਫਿਰ ਵੀ ਟਰੂਡੋ ਦੇ ਕੈਨੇਡਾ ਪਰਤਣ 'ਤੇ ਕੰਜ਼ਰਵੇਟਿਵ ਪਾਰਟੀ ਨੇ ਮੁੱਦਾ ਚੁੱਕ ਲਿਆ ਤੇ ਭਾਰਤ ਨਾਲ ਸਬੰਧ ਵਿਗਾੜਨ ਦਾ ਦੋਸ਼ ਲਾਉਂਦਿਆਂ ਮਤਾ ਪੇਸ਼ ਕਰਨ ਦੀ ਕੋਸ਼ਿਸ਼ ਵੀ ਕੀਤੀ। ਪਰ ਪ੍ਰਵਾਸੀ ਖਾਲਸਾ ਜੀ ਦੀ ਤੱਕੜੀ ਮੁਹਿੰਮ ਕਾਰਨ ਇਹ ਮੁੱਦਾ ਠੁੱਸ ਹੋ ਗਿਆ।

### ਟਰੂਡੋ ਦਾ ਰਾਜਸੀ ਸਫ਼ਰ

ਆਪਣੇ ਪਿਤਾ ਦੇ ਦਿਹਾਂਤ ਤੋਂ ਬਾਅਦ ਟਰੂਡੋ ਰਾਜਨੀਤੀ ਵਿੱਚ ਹੋਰ ਅੱਗੇ ਵਧੇ ਅਤੇ 2008 ਵਿੱਚ ਫੈਡਰਲ ਚੋਣਾਂ ਜਿੱਤੇ ਅਤੇ ਹਾਊਸ ਔਫ ਕੌਮਨਜ਼ ਵਿੱਚ ਪੈਪੀਨਿਓ ਦੀ ਪ੍ਰਤੀਨਿੱਧਤਾ ਕੀਤੀ। ਫਿਰ 2009 ਵਿੱਚ ਲਿਬਰਲ ਪਾਰਟੀ ਵੱਲੋਂ ਯੁਵਕ ਅਤੇ ਬਹੁਰਾਸ਼ਟਰੀ ਮੰਤਰੀ ਬਣੇ ਅਤੇ ਉਸੇ ਸਾਲ ਹੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਮੰਤਰਾਲੇ ਵਿਚ ਨਾਮਜ਼ਦ ਹੋਏ। ਸਾਲ 20 11 ਵਿੱਚ ਉਹਨਾਂ ਨੂੰ ਸੈਕੰਡਰੀ ਸਿੱਖਿਆ, ਯੁਵਕ ਅਤੇ ਖੇਡ ਮੰਤਰਾਲੇ ਵਿਚ ਨਾਮਜ਼ਦ ਕੀਤਾ ਗਿਆ। ਟਰੂਡੋ ਨੇ ਲਿਬਰਲ ਪਾਰਟੀ ਦੀ ਕਮਾਨ ਅਪ੍ਰੈਲ 2013 ਵਿੱਚ ਸੰਭਾਲੀ ਅਤੇ ਫਿਰ ਇਸ ਪਾਰਟੀ ਨੇ 2015 ਵਿੱਚ ਚੋਣਾਂ ਵਿਚ ਭਾਰੀ ਜਿੱਤ ਪ੍ਰਾਪਤ ਕੀਤੀ। ਇਸ ਤਰ੍ਹਾਂ ਇਸ ਪਾਰਟੀ ਨੇ ਕੈਨੇਡਾ ਦੀ ਸਿਆਸਤ ਵਿੱਚ ਤੀਜੇ ਤੋਂ ਅੱਵਲ ਦਰਜੇ ਦਾ ਸਫ਼ਰ ਤੈਅ ਕਰਦੇ ਹੋਏ 36 ਤੋਂ 186 ਸੀਟਾਂ ਪ੍ਰਾਪਤ ਕੀਤੀਆਂ ਜੋ ਕਿ ਕੈਨੇਡੀਅਨ ਰਾਜਨੀਤੀ ਵਿੱਚ ਹੁਣ ਤੱਕ ਸਭ ਤੋਂ ਵੱਡੀ ਤਬਦੀਲੀ ਹੈ।

## ਸ਼੍ਰੋਮਣੀ ਕਮੇਟੀ ਹੁਣ 'ਰਿਸ਼ਤੇਦਾਰ ਮੁਲਾਜ਼ਮਾਂ' ਦੀ ਕਰੇਗੀ ਛੁੱਟੀ

ਦੀ ਪ੍ਰਵਾਨਗੀ ਨਾਲ ਰਘੂਜੀਤ ਸਿੰਘ ਵਿਰਕ ਦੀ ਅਗਵਾਈ ਵਿੱਚ ਕਮੇਟੀ ਦਾ ਗਠਨ ਕਰ ਦਿੱਤਾ ਸੀ ਅਤੇ ਰਿਪਰੋਟ ਆ ਗਈ ਹੈ।

ਜਦੋਂ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਬੰਧੀ ਕੋਈ ਵੀ ਅੰਤਿਮ ਫੈਸਲਾ ਲੈਣ ਦਾ ਅਧਿਕਾਰ ਅੰਤ੍ਰਿੰਗ ਕਮੇਟੀ ਕੋਲ ਹੈ। ਜਿਉਂ ਹੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੀ ਕਾਰਵਾਈ ਜਾਰੀ ਹੋਵੇਗੀ, ਉਸ ਤੋਂ ਬਾਅਦ ਨਵੀਂ ਸੂਚੀ ਉੱਤੇ ਅਮਲ ਸ਼ੁਰੂ ਹੋ ਜਾਵੇਗਾ। ਸ੍ਰੀ ਵਿਰਕ ਨੇ ਇਹ ਵੀ ਪੁਸ਼ਟੀ ਕੀਤੀ ਕਿ 523 ਮੁਲਾਜ਼ਮਾਂ ਦੀ ਛਾਂਟੀ ਜ਼ਰੂਰ ਕੀਤੀ ਜਾ ਰਹੀ ਹੈ ਪਰ ਅਸਾਮੀਆਂ ਖਤਮ ਨਹੀਂ ਕੀਤੀਆਂ ਜਾ ਰਹੀਆਂ। ਇਸ ਲਈ ਲੋੜ ਅਨੁਸਾਰ ਮੁੜ ਤੋਂ ਇਸ਼ਤਿਹਾਰ ਦੇ ਕੇ ਨਿਯਮਾਂ ਅਨੁਸਾਰ ਭਰਤੀ ਕੀਤੀ ਜਾਵੇਗੀ।

## ਭਾਜਪਾ ਦੀ ਅਗਵਾਈ ਵਾਲੇ ਸਾਂਝੇ ਮੋਰਚੇ ਵਿਚ ਉਭਰਣ ਲੱਗੀਆਂ ਤ੍ਰੇੜਾਂ

ਅਜਿਹਾ ਫ਼ੈਸਲਾ ਲੈਣ ਤੋਂ ਸਿਵਾ ਕੋਈ ਰਾਹ ਬਾਕੀ ਨਹੀਂ ਸੀ ਰਹਿਣ ਦਿੱਤਾ।

ਉਸ ਦੇ ਰਾਜਸੀ ਵਿਰੋਧੀ ਵਾਈ ਐੱਸ ਜਗਨਮੋਹਨ ਰੈਡੀ ਦੀ ਅਗਵਾਈ ਵਾਲੀ ਵਾਈ ਐੱਸ ਆਰ ਕਾਂਗਰਸ ਨੇ ਰਾਜ ਨੂੰ ਵਿਸ਼ੇਸ਼ ਦਰਜਾ ਦਿਵਾਉਣ ਦੇ ਨਾਂਅ ਉੱਤੇ ਜਿਹੜਾ ਸੰਘਰਸ਼ ਸ਼ੁਰੂ ਕਰ ਰੱਖਿਆ ਹੈ ਤੇ ਜਿਸ ਢੰਗ ਨਾਲ ਉਸ ਨੂੰ ਲੋਕਾਂ ਦਾ ਸਮੱਰਥਨ ਮਿਲ ਰਿਹਾ ਹੈ, ਉਸ ਤੋਂ ਸ਼ਾਇਦ ਮਜਬੂਰ ਹੋ ਕੇ ਹੀ ਚੰਦਰ ਬਾਬੂ ਨਾਇਡੂ ਨੂੰ ਇਹ ਕਦਮ ਪੁੱਟਣਾ ਪਿਆ ਹੈ।

ਆਂਧਰਾ ਦੀ ਵੰਡ ਮਗਰੋਂ ਤਿਲੰਗਾਨਾ ਦੇ ਹਿੱਸੇ ਵਿੱਚ ਹੈਦਰਾਬਾਦ ਦਾ ਉਹ ਖੇਤਰ ਆ ਗਿਆ ਸੀ, ਜਿਹੜਾ ਰਾਜ ਨੂੰ ਸਭ ਤੋਂ ਵੱਧ ਮਾਲੀਆ ਹਾਸਲ ਕਰਵਾਉਂਦਾ ਸੀ।

ਮਾਲੀ ਵਸੀਲਿਆਂ ਦੇ ਘੱਟ ਹੋਣ ਕਾਰਨ ਆਂਧਰਾ ਲਈ ਆਰਥਕ ਮੁਸ਼ਕਲਾਂ ਪੈਦਾ ਹੋ ਗਈਆਂ ਸਨ। ਉਸ ਦੀ ਆਰਥਿਕਤਾ ਕੇਵਲ ਖੇਤੀ ਉੱਤੇ ਹੀ ਨਿਰਭਰ ਹੋ ਕੇ ਰਹਿ ਗਈ ਸੀ। ਅਮਰਾਵਤੀ ਨਾਂਅ ਦੀ ਨਵੀਂ ਰਾਜਧਾਨੀ ਬਣਾਉਣ 'ਤੇ ਭਾਰੀ ਖ਼ਰਚਾ ਆਉਣ ਕਾਰਨ ਰਾਜ ਦੀ ਮਾਲੀ ਹਾਲਤ ਦਿਨੋ-ਦਿਨ ਖਸਤਾ ਹੁੰਦੀ ਜਾ ਰਹੀ ਸੀ।

ਭਾਜਪਾ ਨੇ ਜਿਸ ਢੰਗ ਨਾਲ ਤੇਲਗੂ ਦੇਸਮ ਦੀ ਰਾਜਸੀ ਮਜਬੂਰੀ ਦਾ ਲਾਭ ਉਠਾ ਕੇ ਜਗਨਮੋਹਨ ਰੈਡੀ ਦੀ ਅਗਵਾਈ ਵਾਲੀ ਵਾਈ ਐੱਸ ਆਰ ਕਾਂਗਰਸ ਨਾਲ ਅੰਦਰਖਾਤੇ ਸੰਪਰਕ ਸਾਧਣ ਦਾ ਪੈਂਤੜਾ ਮੱਲਿਆ ਹੋਇਆ ਹੈ, ਉਸ ਕਾਰਨ ਚੰਦਰ ਬਾਬੂ ਨਾਇਡੂ ਨੂੰ ਅਜਿਹਾ ਫ਼ੈਸਲਾ ਲੈਣਾ ਪਿਆ ਹੈ। ਇਹੋ ਨਹੀਂ, ਤਿਲੰਗਾਨਾ ਦੇ ਮੁੱਖ ਮੰਤਰੀ ਚੰਦਰ ਸ਼ੇਖਰ ਰਾਓ ਨੇ ਵੀ ਭਾਜਪਾ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਤੇ ਤੀਜੇ ਫ਼ਰੰਟ ਦੇ ਗਠਨ ਦਾ ਨਾਹਰਾ ਦੇ ਦਿੱਤਾ ਹੈ।

ਇਸ ਤੋਂ ਪਹਿਲਾਂ ਐੱਨ ਡੀ ਏ ਦੀ ਸਭ ਤੋਂ ਪੁਰਾਣੀ ਭਾਈਵਾਲ ਸ਼ਿਵ ਸੈਨਾ ਨੇ ਵੀ ਇਹ ਐਲਾਨ ਕਰ ਦਿੱਤਾ ਸੀ ਕਿ ਉਹ ਅਗਲੀਆਂ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਚੋਣਾਂ ਇਕੱਲੇ ਤੌਰ ਉੱਤੇ ਲੜੇਗੀ ਤੇ ਐੱਨ ਡੀ ਏ ਨਾਲ ਕੋਈ ਸੰਬੰਧ ਨਹੀਂ ਰੱਖੇਗੀ।

ਐੱਨ ਡੀ ਏ ਵਿੱਚ ਸ਼ਾਮਲ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਵੀ ਇਹ ਅਹਿਸਾਸ ਹੋ ਰਿਹਾ ਹੈ ਕਿ ਜਿਵੇਂ ਭਾਜਪਾ ਨੂੰ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਹਿਲਾਂ ਵਾਲੀ ਚੜ੍ਹਤ ਹਾਸਲ ਨਹੀਂ ਹੋਈ ਤੇ ਮੱਧ ਪ੍ਰਦੇਸ਼ ਤੇ ਰਾਜਸਥਾਨ ਵਿੱਚ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਕੁਝ ਸੀਟਾਂ ਲਈ ਹੋਈਆਂ ਜ਼ਿਮਨੀ ਚੋਣਾਂ ਵਿੱਚ ਹਾਰ ਦਾ ਮੂੰਹ ਵੇਖਣਾ ਪਿਆ ਹੈ, ਉਸ ਕਾਰਨ ਉਨ੍ਹਾਂ ਦੇ ਮਨਾਂ ਵਿੱਚ ਐੱਨ ਡੀ ਏ ਦੇ ਅਜਿੱਤ ਹੋਣ ਪ੍ਰਤੀ ਸ਼ੰਕੇ ਵਧੇ ਹਨ। ਇਹੋ ਕਾਰਨ ਹੈ ਕਿ ਚੰਦਰ ਬਾਬੂ ਨਾਇਡੂ ਤੋਂ ਲੈ ਕੇ ਊਧਵ ਠਾਕਰੇ ਤੱਕ ਭਾਜਪਾ ਨੂੰ ਅੱਖਾਂ ਦਿਖਾਉਣ ਲੱਗੇ ਹਨ। ਸੰਨ 2019 ਦੇ ਆਉਂਦਿਆਂ-ਆਉਂਦਿਆਂ ਐੱਨ ਡੀ ਏ ਆਪਣੇ ਅਜੋਕੇ ਸਰੂਪ ਵਿੱਚ ਕਾਇਮ ਰਹਿੰਦਾ ਹੈ ਜਾਂ ਨਹੀਂ, ਇਸ 'ਤੇ ਸੁਆਲੀਆ ਨਿਸ਼ਾਨ ਲੱਗਣੇ ਸ਼ੁਰੂ ਹੋ ਗਏ ਹਨ।

### ਇਕ ਰਾਜਨੀਤੀ ਦੀ ਗੱਲ ਵੀ

ਭਾਵੇਂ ਚੰਦਰ ਬਾਬੂ ਨਾਇਡੂ ਨੇ ਭਾਜਪਾ ਨਾਲੋਂ ਨਾਤਾ ਤੋੜਨ ਲਈ ਪ੍ਰਤੱਖ ਰੂਪ ਵਿਚ ਰਾਜ ਦੇ ਆਰਥਿਕ ਹਿਤਾਂ ਦੀ ਗੱਲ ਹੀ ਕੀਤੀ ਹੈ ਪਰ ਇਸ ਪਿੱਛੇ ਕੁਝ ਰਾਜਨੀਤਕ ਕਾਰਨ ਵੀ ਦੱਸੇ ਜਾ ਰਹੇ ਹਨ, ਜਿਨ੍ਹਾਂ ਵਿਚ ਇਕ ਤਾਂ ਭਾਜਪਾ ਦਾ ਅੰਦਰਖਾਤੇ ਆਰ.ਐਸ. ਐਸ. ਰਾਹੀਂ ਆਂਧਰਾ ਪ੍ਰਦੇਸ਼ ਵਿਚ ਆਪਣਾ ਆਧਾਰ ਵਧਾਉਣ ਦੀਆਂ ਕੋਸ਼ਿਸ਼ਾਂ ਤੇ ਦੂਸਰਾ ਇਸ ਤਰ੍ਹਾਂ ਦੇ ਸੰਕੇਤ ਕਿ ਇਸ ਵਾਰ ਲੋਕ ਸਭਾ ਚੋਣਾਂ ਵਿਚ ਭਾਜਪਾ, ਤੇਲਗੂ ਦੇਸ਼ਮ ਤੋਂ ਜ਼ਿਆਦਾ ਸੀਟਾਂ ਦੀ ਮੰਗ ਕਰੇਗੀ, 2014 ਵਿਚ ਭਾਜਪਾ 25 ਸੀਟਾਂ ਵਿਚੋਂ ਸਿਰਫ 4 'ਤੇ ਹੀ ਚੋਣ ਲੜੀ ਸੀ। ਇਹੀ ਗੱਲ ਤੇਲਗੂ ਦੇਸ਼ਮ ਮੁਖੀ ਨੂੰ ਮਨਜ਼ੂਰ ਨਹੀਂ ਦੱਸੀ ਜਾ ਰਹੀ। ਐਨ ਇਹੀ ਸਥਿਤੀ ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਦੀ ਨਜ਼ਰ ਆ ਰਹੀ ਹੈ। ਇਕ ਪਾਸੇ ਭਾਜਪਾ ਦੇ ਕਈ ਨੇਤਾ 20 22 ਦੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਲੜਨ ਦੇ ਸੰਕੇਤ ਦੇ ਰਹੇ ਹਨ ਤੇ ਦੂਜੇ ਪਾਸੇ ਇਹ ਪ੍ਰਭਾਵ ਵੀ ਬਣ ਰਿਹਾ ਹੈ ਕਿ ਭਾਜਪਾ 2019 ਵਿਚ ਅਕਾਲੀ ਦਲ ਕੋਲੋਂ ਵੱਧ ਸੀਟਾਂ ਦੀ ਮੰਗ ਕਰੇਗੀ।

## ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ ਪੈਲਾਟਾਈਨ ਸ਼ਿਕਾਗੋ ਦੀ ਪ੍ਰਬੰਧਕੀ ਕਮੇਟੀ ਦੇ ਨਵੇਂ ਪੰਜ ਮੈਂਬਰਾਂ ਦੀ ਚੋਣ ਪਹਿਲੀ ਅਪ੍ਰੈਲ ਨੂੰ

ਜੋ ਵੀ ਉਨ੍ਹਾਂ ਵਲੋਂ ਫੈਸਲੇ ਲਏ ਜਾਂਦੇ ਸਨ, ਉਨ੍ਹਾਂ ਨੂੰ ਸਾਰਿਆਂ ਦੀ ਸਹਿਮਤੀ ਨਾਲ ਹੀ ਅੱਗੇ ਤੋਰਿਆ ਜਾਂਦਾ ਸੀ। ਭਾਵੇਂ ਕਈ ਵਾਰ ਕਾਫ਼ੀ ਅੜਿਚਨਾ ਵੀ ਪੈਦਾ ਹੁੰਦੀਆਂ ਰਹੀਆਂ ਅਤੇ ਕਈ ਫੈਸਲਿਆਂ 'ਤੇ ਆਮ ਸਮਹਿਮਤੀ ਨਹੀਂ ਸੀ ਬਣਦੀ, ਉਸ ਨੂੰ ਖਾਰਜ ਕਰ ਦਿੱਤਾ ਜਾਂਦਾ ਸੀ। ਇਸ ਵਾਰ 16 ਮੈਂਬਰਾਂ ਨੇ ਪੇਪਰ ਦਾਖ਼ਲ ਕੀਤੇ ਹਨ, ਜਿਨ੍ਹਾਂ ਵਿਚ 8 ਮੈਂਬਰਾਂ ਵਲੋਂ ਸਿਲੈਕਸ਼ਨ ਰਾਹੀਂ ਆਉਣ ਵਾਸਤੇ ਟੈਸਟ ਦਿੱਤਾ ਗਿਆ ਸੀ। ਉਸ ਵਿਚੋਂ ਜੋ ਪੰਜ ਮੈਂਬਰ ਪਹਿਲੇ ਨੰਬਰਾਂ 'ਤੇ ਆਏ ਸਨ ਉਨ੍ਹਾਂ ਵਿਚ ਹਰਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ, ਸ਼ਵਿੰਦਰਜੀਤ ਸਿੰਘ ਉਰਫ਼ ਦਾਰਾ ਸਿੰਘ, ਇਰਵਿਨਪ੍ਰੀਤ ਸਿੰਘ ਅਤੇ ਸਰਵਣ ਸਿੰਘ ਸ਼ਾਮਲ ਹਨ।

ਦੂਸਾਰੇ ਪਾਸੇ 8 ਮੈਂਬਰ ਜੋ ਇਲੈਕਸ਼ਨ ਚਾਹੁੰਦੇ ਹਨ, ਉਨ੍ਹਾਂ ਨੇ ਇਸ ਟੈਸਟ ਵਿਚ ਭਾਗ ਨਹੀਂ ਸੀ ਲਿਆ। ਹੁਣ ਸੰਗਤ ਵਿਚੋਂ ਕੁਝ ਮੈਂਬਰ ਸਾਰੇ ਮੈਂਬਰਾਂ ਦੀ ਆਮ ਸਹਿਮਤੀ ਬਣਾਉਣ ਲਈ ਅਤੇ ਇਨ੍ਹਾਂ 16 ਮੈਂਬਰਾਂ ਵਿਚ ਮੀਟਿੰਗ ਕਰਵਾ ਕੇ ਪੰਜ ਮੈਂਬਰ ਚੁਣਨ ਲਈ ਵੀ ਯਤਨ ਕਰ ਰਹੇ ਹਨ। ਆਉਣ ਵਾਲੇ ਐਤਵਾਰ ਤੱਕ ਸਭ ਸਾਫ਼ ਹੋ ਜਾਏਗਾ ਕਿ ਇਲੈਕਸ਼ਨ ਜਾਂ ਸਿਲੈਕਸ਼ਨ।

## ਆਪਸੀ ਵਖਰੇਵੇਂ ਦੂਰ ਕਰਕੇ ਇਕ ਨਿਸ਼ਾਨ ਸਾਹਿਬ ਥੱਲੇ ਇਕੱਤਰ ਹੋਣ ਦਾ ਹੰਭਲਾ ਮਾਰਿਆ ਜਾਏ: ਭਾਈ ਭਿਓਰਾ

ਕਿਸੇ ਵੀ ਕੌਮੀ ਕਾਰਜ ਲਈ ਆਪਸ ਵਿਚ ਨਹੀ ਬਣਦੀ ਹੈ ।ਅਸੀ ਕਿਉ ਕੁਰਸੀਆਂ ਦੇ ਲਾਲਚ ਪਿੱਛੇ ਭੱਜ ਰਹੇ ਹਾਂ ।ਉਨ੍ਹਾਂ ਕਿਹਾ ਕਿ ਹੁਣ ਸਾਡਾ ਫਰਜ਼ ਬਣਦਾ ਹੈ ਅਪਣੇ ਬਚਿਆਂ ਨੂੰ ਵੱਧ ਤੋਂ ਵੱਧ ਪੜਾ ਕੇ ਵੱਡੀਆਂ ਪੋਸਟਾਂ ਤੇ ਬਿਠਾਇਆ ਜਾਏ ਉਨ੍ਹਾਂ ਨੂੰ ਬ੍ਰਾਹਮਣੀ ਚਾਲਾਂ ਬਾਰੇ ਅਤੇ ਸਿੱਖ ਇਤਿਹਾਸ ਬਾਰੇ ਦਸਿਆ ਜਾਏ ਤਾਂ ਕਿ ਆਉਣ ਵਾਲੀ ਪੀੜੀ ਕਿਸੇ ਕਿਸਮ ਦੀ ਸਰਕਾਰੀ ਬ੍ਰਾਹਮਣੀ ਚਾਲ ਵਿਚ ਨਾ ਆ ਸਕੇ ।ਉਨ੍ਹਾਂ ਕਿ ਜਦ ਸਾਡੇ ਬੱਚੇ ਉਚ ਪੋਸਟਾਂ ਤੇ ਬੈਠੇ ਹੋਣਗੇ ਤਾਂ ਕੋਈ ਵੀ ਸਾਡੇ ਪੰਥ ਵਲ ਮਾੜੀ ਨਜ਼ਰ ਨਹੀ ਮਾਰ ਸਕੇਗਾ ।ਅੰਤ ਵਿਚ ਉਨ੍ਹਾਂ ਕਿਹਾ ਕਿ ਅਸੀ ਸਾਰੇਆਂ ਨੇ ਸਿਰਫ ਇੱਕਠਾ ਹੀ ਨਹੀ ਹੋਣਾ ਸਗੋਂ ਆਪਸੀ ਮਿਲਵਰਤਨ ਕਰਦਿਆਂ ਹੋਇਆ ਦੁਸ਼ਮਣ ਦੀ ਸਿੱਖ ਪੰਥ ਨੂੰ ਢਹਿ ਢੇਰੀ ਕਰਨ ਦੀ ਹਰ ਚਾਲ ਦਾ ਮੂੰਹ ਤੋੜਵਾਂ ਜੁਆਬ ਦੇਦੇਂ ਹੋਏ ਬਾਣੀ ਤੇ ਬਾਣੇ ਦੀ ਲਾਜ ਵੀ ਰੱਖਣੀ ਹੈ ।

## ਸੁਖਬੀਰ ਬਾਦਲ ਨੂੰ ਅਪਣੇ ਨੋਟਾਂ ਦੇ ਟਰੱਕ ਲੋਕਾਂ 'ਚ ਵੰਡਣ ਲਈ ਤੁਰੰਤ ਚਾਹੀਦੀ ਹੈ ਕੁਰਸੀ

ਜਜ਼ਬਾਤ ਨਾਲ ਖਿਲਵਾੜ ਕੀਤਾ ਹੈ। ਉਨ੍ਹਾਂ ਚੁਣੌਤੀ ਦਿੱਤੀ ਕਿ ਜੇਕਰ ਕੈਪਟਨ ਤੋਂ ਸੱਤਾ ਨਹੀਂ ਸੰਭਲਦੀ ਤਾਂ ਉਹ ਦੋ ਮਹੀਨੇ ਲਈ ਸੱਤਾ ਦੀ ਵਾਗਡੋਰ ਉਨ੍ਹਾਂ ਹੱਥ ਦੇਣ, ਉਹ ਪੰਜਾਬ ਦੇ ਹਰੇਕ ਹਲਕੇ ਵਿੱਚ ਵਿਕਾਸ ਕਾਰਜਾਂ ਲਈ ਨੋਟਾਂ ਦੇ ਟਰੱਕ ਭੇਜ ਦੇਣਗੇ। ਇਸ ਤੋਂ ਪਹਿਲਾਂ ਸਾਬਕਾ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਨੇ ਕੈਪਟਨ ਸਰਕਾਰ ਨੂੰ ਰਗੜੇ ਲਾਏ। ਰੈਲੀ ਨੂੰ ਬੀਬੀ ਜਗੀਰ ਕੌਰ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਬੀਬੀ ਵਨਿੰਦਰ ਕੌਰ ਲੂੰਬਾ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਤੇ ਨਗਰ ਕੌਂਸਲ ਪ੍ਰਧਾਨ ਕਪੂਰ ਚੰਦ ਬਾਂਸਲ ਨੇ ਵੀ ਸੰਬੋਧਨ ਕੀਤਾ।

## ਆਪਣੇ ਪਿਤਾ ਦੇ ਕਾਤਲਾਂ ਨੂੰ ਅਸੀਂ ਬਖ਼ਸ਼ ਚੁੱਕੇ ਹਾਂ: ਰਾਹੁਲ ਗਾਂਧੀ

ਦਿੱਤਾ ।" ਤਾਮਿਲ ਨਾਡੂ ਵਿੱਚ 21 ਮਈ 1991 ਨੂੰ ਇਕ ਚੋਣ ਰੈਲੀ ਦੌਰਾਨ ਲਿੱਟੇ ਦੇ ਇਕ ਮਹਿਲਾ ਆਤਮਘਾਤੀ ਦਸਤੇ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਕਰ ਦਿੱਤੀ ਸੀ।

ਕਾਂਗਰਸ ਆਗੂ ਨੇ ਕਿਹਾ " ਇਤਿਹਾਸ ਗਵਾਹ ਹੈ ਕਿ ਜਦੋਂ ਕੋਈ ਅਜਿਹੀਆਂ ਘਟਨਾਵਾਂ ਨੂੰ ਮਹਿਸੂਸ ਕਰਦਾ ਹੈ ਤਾਂ ਪਾਉਂਦਾ ਹੈ ਕਿ ਇਹ ਵਿਚਾਰਾਂ , ਤਾਕਤਾਂ ਦਾ ਟਕਰਾਅ ਤੇ ਭਰਮ ਹੁੰਦਾ ਹੈ। ਤੁਸੀਂ ਖ਼ੁਦ ਨੂੰ ਇਸ ਵਿੱਚ ਘਿਰਿਆ ਪਾਉਂਦੇ ਹੋ। ਮੈਨੂੰ ਚੇਤੇ ਆਉਂਦਾ ਹੈ ਕਿ ਜਦੋਂ ਮੈਂ ਪ੍ਰਭਾਕਰਨ ਦੀ ਲਾਸ਼ ਟੀਵੀ 'ਤੇ ਦੇਖੀ ਸੀ ਤਾਂ ਮੈਂ ਸੋਚ ਰਿਹਾ ਸਾਂ ਕਿ ਇਸ ਨੂੰ ਕਿਉਂ ਖੁਆਰ ਕੀਤਾ ਜਾ ਰਿਹਾ ਹੈ।"

## ਵਿਰੋਧੀ ਪਾਰਟੀਆਂ ਦੀ ਮੋਦੀ ਵਿਰੁਧ ਲਾਮਬੰਦੀ

ਵੱਡੇ ਘੁਟਾਲੇ ਸਾਹਮਣੇ ਆਏ ਹਨ ਤੇ ਦੋਸ਼ੀ ਵਿਦੇਸ਼ ਦੌੜ ਗਏ ਹਨ। ਹਜ਼ਾਰਾਂ ਕਿਸਾਨ ਸੈਂਕੜੇ ਕਿਲੋਮੀਟਰ ਪੈਦਲ ਚੱਲ ਕੇ ਸਰਕਾਰ ਅੱਗੇ ਆਪਣੀ ਸਮੱਸਿਆ ਰੱਖਣੀ ਚਾਹੁੰਦੇ ਹਨ ਪਰ ਸਰਕਾਰ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ। ਉਨ੍ਹਾਂ ਕਿਹਾ ਕਿ ਕਾਂਗਰਸ ਤੇ ਵਿਰੋਧੀ ਪਾਰਟੀਆਂ ਦੇ ਆਗੂ ਚਾਹੁੰਦੇ ਹਨ ਕਿ ਸੰਸਦ ਵਿੱਚ ਸਰਕਾਰ ਦੀ ਜਵਾਬਦੇਹੀ ਤੈਅ ਹੋਵੇ।

## ਕਸ਼ਮੀਰੀਆਂ ਨੇ ਪਾਖੰਡੀ ਹਿੰਦੂ ਸ਼੍ਰੀਸ਼੍ਰੀ ਰਵੀਸ਼ੰਕਰ ਨੂੰ ਭਜਾਇਆ

ਸੀ ਤਾਂ ਮੁਸਲਮਾਨ ਖਾਸ ਕਰਕੇ ਕਸ਼ਮੀਰੀ ਬਹੁਤ ਔਖੇ ਹੋ ਗਏ। ਇਸ ਗੱਲ ਦਾ ਵਿਰੋਧ ਹੋਣ 'ਤੇ ਸ਼੍ਰੀ ਸ਼੍ਰੀ ਨੂੰ ਅਪਣਾ ਭਾਸ਼ਣ ਵਿੱਚ ਛੱਡ ਕੇ ਚਾਰ ਮਿੰਟਾਂ ਵਿਚ ਹੀ ਉੱਥੋਂ ਭੱਜਣਾ ਪਿਆ।

ਧਸਿਆ ਜਾਂਦਾ ਹੈ ਕਿ ਸ੍ਰੀਨਗਰ ਵਿਚ ਜੰਮੂ-ਕਸ਼ਮੀਰ ਸਿਵਲ ਸੁਸਾਇਟੀ ਨੇ ਆਰਟ ਆਫ ਲਿਵਿੰਗ ਦੀ ਕਸ਼ਮੀਰ ਇਕਾਈ ਦੇ ਸਹਿਯੋਗ ਨਾਲ ਡਲ ਝੀਲ ਦੇ ਕਿਨਾਰੇ ਪੈਗ਼ਾਮ-ਏ-ਮੁਹੱਬਤ ਸੰਮੇਲਨ ਦਾ ਪ੍ਰਬੰਧ ਕਰਵਾਇਆ ਸੀ।

ਆਰਟ ਆਫ ਲਿਵਿੰਗ ਦੇ ਸੰਸਥਾਪਕ ਸ਼੍ਰੀ ਸ਼੍ਰੀ ਰਵੀਸ਼ੰਕਰ ਖ਼ਿਲਾਫ਼ ਕਥਿਤ ਤੌਰ 'ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਹੈਦਰਾਬਾਦ ਪੁਲੀਸ ਨੇ ਮਾਮਲਾ ਦਰਜ ਕਰ ਦਿੱਤਾ ਹੈ। ਉਨ੍ਹਾਂ 'ਤੇ ਅਯੁੱਧਿਆ ਮਾਮਲੇ 'ਤੇ 'ਭੜਕਾਊ' ਬਿਆਨ ਦੇ ਕੇ ਮੁਸਲਮਾਨ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਲਾਇਆ ਗਿਆ ਹੈ। ਸ਼੍ਰੀ ਸ਼੍ਰੀ ਰਵੀਸ਼ੰਕਰ ਖ਼ਿਲਾਫ਼ ਸ਼ਹਿਰ ਦੇ ਸੰਗਠਨ ਦਰਗਾਹ ਜੇਹਾਦ-ਓ- ਸ਼ਹਾਦਤ (ਡੀ. ਜੇ. ਐੱਸ.) ਦੇ ਸਕੱਤਰ ਸਲਾਊਦੀਨ ਅਫਾਨ ਨੇ ਸ਼ਿਕਾਇਤ ਦਰਜ ਕਰਵਾਈ ਹੈ ਜੋ ਵਿਚੋਲਾ ਬਣ ਕੇ ਅਯੁੱਧਿਆ ਵਿਵਾਦ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

# ਬਜ਼ੁਰਗ ਸਾਹਿਤਕਾਰਾਂ ਲਈ ਕੋਰਪਸ ਫੰਡ ਬਣਾਉਣ ਦੀ ਵਕਾਲਤ

## *ਬੁਲਾਰਿਆਂ ਵੱਲੋਂ ਕਿਸਾਨ ਖ਼ੁਦਕੁਸ਼ੀਆਂ ਵੱਡੀ ਤ੍ਰਾਸਦੀ ਕਰਾਰ*

ਚੰਡੀਗੜ੍ਹ/ਬਿਊਰੋ ਨਿਊਜ਼:

ਦੋ ਰੋਜ਼ਾ ਛੇਵੀਂ ਵਿਸ਼ਵ ਪੰਜਾਬੀ ਕਾਨਫਰੰਸ ਦੇ ਸ਼ਨਿਚਰਵਾਰ ਨੂੰ ਇਥੇ ਪੰਜਾਬ ਯੂਨੀਵਰਸਿਟੀ ਦੇ ਲਾਅ ਆਡੀਟੋਰੀਅਮ ਵਿੱਚ ਆਗਾਜ਼ ਮੌਕੇ ਕਈ ਮਸਲੇ ਵਿਚਾਰੇ ਗਏ। ਕਾਨਫਰੰਸ ਦਾ ਉਦਘਾਟਨ ਪੰਜਾਬ ਦੇ ਸਥਾਨਕ ਸਰਕਾਰ, ਸੈਰ ਸਪਾਟਾ, ਸੱਭਿਆਚਾਰਕ ਮਾਮਲੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੀਤਾ। ਕਾਨਫਰੰਸ ਵਿੱਚ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਤੇ ਪੰਜਾਬ ਆਰਟਸ ਕੌਂਸਲ ਦੇ ਪ੍ਰਧਾਨ ਡਾ. ਸੁਰਜੀਤ ਪਾਤਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।



ਆਪਣੇ ਸੰਬੋਧਨ ਦੌਰਾਨ ਸ੍ਰੀ ਸਿੱਧੂ ਨੇ ਦੱਸਿਆ ਕਿ ਪੰਜਾਬ ਕਲਾ ਪ੍ਰੀਸ਼ਦ ਨੂੰ 3 ਕਰੋੜ ਰੁਪਏ 'ਸੱਭਿਆਚਾਰਕ ਪਾਰਲੀਮੈਂਟ' ਬਣਾਉਣ ਲਈ ਦਿੱਤੇ ਗਏ ਹਨ। ਮਗਰੋਂ ਕਲਚਰਲ ਸਰਕਟ ਬਣੇਗਾ, ਜੋ ਪੰਜਾਬੀ ਭਾਸ਼ਾ ਦਾ ਝੰਡਾ ਬੁਲੰਦ ਕਰਨ ਦਾ ਕੰਮ ਕਰੇਗਾ ਅਤੇ ਕਲੱਬਾਂ ਤੇ ਪਿੰਡਾਂ ਦੇ ਲੋਕਾਂ ਨੂੰ ਇਸ ਨਾਲ ਜੋੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਲੇਖਕਾਂ ਨਾਲ ਜੁੜੀਆਂ ਥਾਵਾਂ ਤੇ ਸ਼ਹਿਰਾਂ/ਕਸਬਿਆਂ ਨੂੰ ਸਾਹਿਤਕ ਸੈਲਾਨੀ ਸਰਕਟ ਅਧੀਨ ਲਿਆਂਦਾ ਜਾਵੇ ਤੇ ਪੰਜਾਬੀ ਦੇ ਨਾਮਵਰ ਲੇਖਕਾਂ ਦੇ ਜਨਮ ਦਿਨ ਵੱਡੇ ਪੱਧਰ 'ਤੇ ਮਨਾਏ ਜਾਣ। ਉਨ੍ਹਾਂ ਵੱਡੀ ਉਮਰੇ ਪੈਸੇ ਖੁਣੋਂ ਇਲਾਜ ਲਈ ਤਰਸ ਰਹੇ ਸਾਹਿਤਕਾਰਾਂ ਲਈ 'ਕੋਰਪਸ ਫ਼ੰਡ' ਬਣਾਉਣ ਦੀ ਵੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਸਾਹਿਤ ਅਤੇ ਪੰਜਾਬੀ ਭਾਸ਼ਾ ਨਾਲ ਜੁੜੀਆਂ ਸੰਸਥਾਵਾਂ ਇਸ ਦਿਸ਼ਾ ਵਿੱਚ ਪਹਿਲਕਦਮੀ ਕਰਨ ਅਤੇ ਉਹ ਖ਼ੁਦ ਇਸ ਫ਼ੰਡ ਵਿੱਚ 50 ਲੱਖ ਰੁਪਏ ਪਾਉਣਗੇ।

ਡਾ. ਅਮਰਜੀਤ ਸਿੰਘ ਗਰੇਵਾਲ ਨੇ ਆਰਥਿਕਤਾ, ਕਿਸਾਨੀ ਅਤੇ ਖ਼ੁਦਕੁਸ਼ੀਆਂ ਨੂੰ ਵੱਡੀ ਤ੍ਰਾਸਦੀ ਦੱਸਿਆ। ਡਾ. ਸੁੱਚਾ ਸਿੰਘ ਗਿੱਲ ਨੇ ਕਿਸਾਨ ਖ਼ੁਦਕੁਸ਼ੀਆਂ ਦੇ ਵਰਤਾਰੇ ਨੂੰ ਰੋਕਣ ਲਈ ਮੇਲ-ਜੋਲ ਵਧਾਉਣ ਤੇ ਗਰੁੱਪ ਸਰਗਰਮੀਆਂ ਵਧਾਉਣ ਦੀ ਗੱਲ ਕਹੀ। ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਅਜਿਹੀਆਂ ਕਾਨਫਰੰਸਾਂ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕਲਾ ਪ੍ਰੀਸ਼ਦ ਵੱਲੋਂ ਇੱਕ ਪੋਰਟਲ ਬਣਾਇਆ ਜਾ ਰਿਹਾ ਹੈ ਜਿਸ ਵਿੱਚ ਰੋਜ਼ ਦਾ ਇੱਕ ਗੀਤ, ਅੱਜ ਦੇ ਦਿਨ ਦੀ ਇੱਕ ਕਵਿਤਾ ਪਾਈ ਜਾਇਆ ਕਰੇਗੀ। ਇਸ ਲਈ ਸੰਪਾਦਕੀ ਬੋਰਡ ਵੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਕਿਸੇ ਚੈਨਲ 'ਤੇ ਵੀ ਇਕ ਸ਼ੋਅ ਵੀ ਸ਼ੁਰੂ ਕਰਨਗੇ।

ਇਸ ਮੌਕੇ ਰਾਣਾ ਜੰਗ ਬਹਾਦਰ ਗੋਇਲ, ਸੁੱਖੀ ਬਾਠ, ਇਕਬਾਲ ਮਾਹਲ ਤੇ ਅੰਮ੍ਰਿਤ ਕੁਮਾਰੀ ਨੂੰ ਪੰਜਾਬੀ ਭਾਸ਼ਾ ਲਈ ਪਾਏ ਯੋਗਦਾਨ ਬਦਲੇ ਸਨਮਾਨਤ ਕੀਤਾ।

ਪੰਜਾਬ ਕਲਾ ਪ੍ਰੀਸ਼ਦ ਦੇ ਸਕੱਤਰ ਜਨਰਲ ਡਾ. ਲਖਵਿੰਦਰ ਸਿੰਘ ਜੌਹਲ, ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ, ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ, ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਯੋਗਰਾਜ ਅੰਗਰੀਸ਼ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਾਮੀ ਲੇਖਕ ਅਤੇ ਸੀਨੀਅਰ ਪੱਤਰਕਾਰ ਸ਼ਾਮਲ ਸਨ।

# ਕੈਨੇਡਾ ਵਿਚ ਗਏ ਪੰਜਾਬੀ ਵਿਦਿਆਰਥੀਆਂ ਦਾ ਮੰਦਾ ਹਾਲ

**ਚੰਡੀਗੜ੍ਹ/ਬਿਊਰੋ ਨਿਊਜ਼:** "ਪੰਜਾਬ ਵਿੱਚ ਕਰੀਬ ਹਰ ਸਾਲ ਇਕ ਲੱਖ ਤੋਂ ਵੱਧ ਵਿਦਿਆਰਥੀ ਕੈਨੇਡਾ ਵਿੱਚ ਪੜ੍ਹਨ ਲਈ ਜਾ ਰਹੇ ਹਨ, ਜੋ ਕਿ 88 ਹਜ਼ਾਰ ਕਰੋੜ ਰੁਪਏ ਫੀਸ ਕੈਨੇਡਾ ਦੀਆਂ ਵੱਖ ਵੱਖ ਸੰਸਥਾਵਾਂ ਵਿੱਚ ਭਰ ਰਹੇ ਹਨ। ਵਿਦੇਸ਼ਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਹਾਲਾਤ ਚਿੰਤਾਜਨਕ ਹਨ। ਆਪਣੇ ਫੀਸਾਂ ਭਰਨ ਲਈ ਨੌਜਵਾਨਾਂ ਨੂੰ ਗ਼ਲਤ ਕੰਮ ਕਰਨੇ ਪੈ ਰਹੇ ਹਨ, ਇੱਥੋਂ ਤੱਕ ਕਿ ਆਪਣਾ ਸਰੀਰ ਵੇਚਣ ਲਈ ਵੀ ਮਜਬੂਰ ਹਨ।" ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੰਡੀਗੜ੍ਹ ਵਿੱਚ ਚੱਲ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਪਰਵਾਸੀ ਸੈਸ਼ਨ ਦੌਰਾਨ ਵਿਦੇਸ਼ਾਂ ਤੋਂ ਆਏ ਵੱਖ ਵੱਖ ਬੁਲਾਰਿਆਂ ਨੇ ਕੀਤਾ।

ਪਰਵਾਸੀ ਸੈਸ਼ਨ ਵਿੱਚ ਕੈਨੇਡਾ ਤੋਂ ਆਏ ਸੁੱਖੀ ਬਾਠ, ਇਕਬਾਲ ਮਾਹਲ, ਮਨਮੋਹਨ ਮਹੇੜੂ, ਹਰਜੀਤ ਅਟਵਾਲ ਤੇ ਜੈਦੀਪ ਸਿੰਘ ਨੇ ਹਿੱਸਾ ਲਿਆ। ਇਸ ਮੌਕੇ ਸੁੱਖੀ ਬਾਠ ਨੇ ਕਿਹਾ ਕਿ ਪਿਛਲੇ ਸਾਲ ਕਰੀਬ ਇਕ ਲੱਖ ਵਿਦਿਆਰਥੀ ਪੰਜਾਬ ਤੋਂ ਪੜ੍ਹਨ ਦੇ ਲਈ ਕੈਨੇਡਾ ਗਏ ਹਨ, ਜਿਨ੍ਹਾਂ ਨੇ 88 ਹਜ਼ਾਰ ਕਰੋੜ ਰੁਪਏ ਕਰੀਬ ਆਪਣੀ ਫੀਸ ਭਰੀ ਹੈ। ਉਨ੍ਹਾਂ ਕਿਹਾ ਕਿ ਬਹੁਤੇ ਲੋਕ ਆਪਣੇ ਬੱਚਿਆਂ ਨੂੰ ਦੇਖੋ-ਦੇਖੀ ਬਾਹਰ ਭੇਜ ਰਹੇ ਹਨ, ਇੱਥੋਂ ਤੱਕ ਕਿ ਕਈ ਵਿਦਿਆਰਥੀ ਉਨ੍ਹਾਂ ਕੋਲ ਪੰਜਾਬ ਭਵਨ ਆਉਂਦੇ ਹਨ, ਜਿਨ੍ਹਾਂ ਕੋਲ ਫੀਸ ਭਰਨ ਲਈ ਪੈਸੇ ਨਹੀਂ ਹੁੰਦੇ ਹਨ ਅਤੇ ਨਾ ਰੋਟੀ ਖਾਣ ਲਈ ਪੈਸੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਕੁਝ ਵਿਦਿਆਰਥੀ ਉਥੇ ਅਜਿਹੇ ਵੀ ਹਨ, ਜਿਨ੍ਹਾਂ ਨੇ ਪੈਸਾ ਇਕੱਠਾ ਕਰਨ ਲਈ ਗ਼ਲਤ ਰਸਤੇ ਅਪਨਾ ਲਏ ਹਨ, ਜੋ ਨਸ਼ੇ ਵੇਚਣ ਲੱਗ ਗਏ ਹਨ ਤੇ ਇੱਥੋਂ ਤੱਕ ਕਿ ਆਪਣਾ ਸਰੀਰ ਵੀ ਵੇਚ ਰਹੇ ਹਨ।

## ਪੰਜਾਬ ਦੇ ਸਾਰੇ ਮਸਲਿਆਂ ਦੇ ਹੱਲ ਵਾਸਤੇ ਸਾਂਝੇ ਤੌਰ ਉੱਤੇ ਹੰਭਲੇ ਮਾਰਨ ਦਾ ਸੱਦਾ

ਸ੍ਰੀ ਬਾਦਲ ਇੱਥੇ ਹੋਰ ਪਾਰਟੀਆਂ ਨਾਲ ਮੰਚ ਸਾਂਝਾ ਕਰਨ ਦੀ ਬਜਾਏ ਇਕ ਝਲਕ ਦਿਖਾਉਣ ਤੋਂ ਬਾਅਦ ਚਲੇ ਗਏ। ਬਾਅਦ ਵਿੱਚ ਉਹ ਕਾਨਫਰੰਸ ਦੇ ਸਮਾਪਤੀ ਸ਼ੈਸ਼ਨ ਵਿੱਚ ਸ਼ਾਮਲ ਹੋਏ। ਇਸ ਕਾਨਫਰੰਸ ਵਿੱਚ ਦੋ ਦਿਨ ਪੰਜਾਬ ਦੇ ਮੁੱਦਿਆਂ 'ਤੇ ਚਰਚਾ ਹੋਈ। ਕਾਨਫਰੰਸ ਦੀ ਸਮਾਪਤੀ 'ਤੇ ਇਹ ਸਿੱਟਾ ਕੱਢਿਆ ਗਿਆ ਕਿ ਇੱਥੇ ਚਰਚਾ ਵਾਲੇ ਮੁੱਦਿਆਂ ਦੀ ਵੱਖ-ਵੱਖਰੀ ਰਿਪੋਰਟ ਤਿਆਰ ਕੀਤੀ ਜਾਵੇਗੀ। ਕੇਂਦਰ ਸਰਕਾਰ ਨਾਲ ਸਬੰਧਤ ਮੁੱਦਿਆਂ ਦੀ ਰਿਪੋਰਟ ਕੇਂਦਰ ਸਰਕਾਰ, ਪੰਜਾਬ ਸਰਕਾਰ ਨਾਲ ਸਬੰਧਤ ਮੁੱਦਿਆਂ ਦੀ ਰਿਪੋਰਟ ਪੰਜਾਬ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨਾਲ ਸਬੰਧਿਤ ਮੁੱਦਿਆਂ ਦੀ ਰਿਪੋਰਟ ਚੰਡੀਗੜ੍ਹ ਪ੍ਰਸ਼ਾਸਨ ਨੂੰ ਸੌਂਪੀ ਜਾਵੇਗੀ। ਇਸ ਮਗਰੋਂ ਦੁਬਾਰਾ ਸਾਰੀਆਂ ਸਿਆਸੀ ਧਿਰਾਂ ਅਤੇ ਹੋਰਨਾਂ ਧਿਰਾਂ ਨੂੰ ਇਕੱਠੇ ਕਰਕੇ ਰਿਪੋਰਟ 'ਤੇ ਸਰਕਾਰਾਂ ਅਤੇ ਹੋਰ ਧਿਰਾਂ ਦੀ ਜਵਾਬਦੇਹੀ 'ਤੇ ਚਰਚਾ ਕੀਤੀ ਜਾਵੇਗੀ।

## ਗੁਰਦੁਆਰਾ ਸਾਹਿਬ ਫਰੀਮੋਂਟ ਦੀ ਸੁਪਰੀਮ ਕੌਂਸਲ ਲਈ 5 ਮੈਂਬਰਾਂ ਦੀ ਸਰਬ-ਸੰਮਤੀ ਨਾਲ ਚੋਣ

ਦੇਣ ਲਈ ਸਿੱਖਾਂ ਨੂੰ ਜਾਗਣਾ ਜ਼ਰੂਰੀ ਹੋ ਗਿਆ ਹੈ ਕਿਉਂਕਿ ਸਾਡੇ ਆਪਣੇ ਹੀ ਭਰਾ ਇਕ ਦੂਜੇ ਦੇ ਦੁਸ਼ਮਣ ਬਣੀ ਬੈਠੇ ਹੋਏ ਹਨ। ਵਿਦੇਸ਼ਾਂ ਵਿੱਚ ਸਿੱਖ ਦੀ ਅਜ਼ਾਦ ਸੋਚ ਹੋਣ ਕਰਕੇ ਕੌਮ ਪ੍ਰਤੀ ਸੱਚੀਆਂ ਭਾਵਨਾਵਾਂ ਬਣ ਰਹੀਆਂ ਹਨ ਜੋ ਕਿ ਸਿੱਖ ਕੌਮ ਲਈ ਲਾਹੇਵੰਦ ਸਾਬਤ ਹੋ ਸਕਦੀਆ ਹਨ। ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਫਰੀਮਾਂਟ ਗੁਰਦੁਆਰਾ ਸਾਹਿਬ ਵਿੱਚ ਸੁਚੱਜੇ ਗੁਰਸਿੱਖਾਂ ਵੱਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਅਪਾਰ ਕਿਰਪਾ ਨਾਲ 'ਕੌਮੀ ਏਕਤਾਂ' ਨੂੰ ਮੱਦੇ ਨਜਰ ਰੱਖਦਿਆਂ ਗੁਰਬਾਣੀ ਫੁਰਮਾਣ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥

ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥

ਦੇ ਹੁਕਮ ਅਨੁਸਾਰ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਪੰਜ ਮੈਂਬਰਾਂ ਦੀ ਚੋਣ ਕੀਤੀ ਗਈ।

ਇਸ ਤਰਾਂ ਗੁਰੂ ਘਰ ਦੀ ਸਰਬਸੰਮਤੀ ਨਾਲ ਚੋਣ ਹੋਣ ਨਾਲ ਦੇਸ਼ਾਂ ਵਿਦੇਸ਼ਾਂ ਦੇ ਹੋਰਨਾਂ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਪੰਥਕ ਜਥੇਬੰਦੀਆਂ ਤੇ ਕੌਮੀ ਏਕਤਾ ਦਾ ਚੰਗਾ ਪ੍ਰਭਾਵ ਪਏਗਾ। ਸਿਆਣੇ (ਗੁਰ ਸਿੱਖਾਂ) ਨੂੰ ਬੇਨਤੀ ਹੈ ਕਿ ਆਪਣੀਆਂ ਹਉਮੈ, ਚੌਧਰ ਨੂੰ ਤਿਆਗ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹੁਕਮ : 'ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ।।' ਦੇ ਅਨੁਸਾਰ ਸਮੇਂ ਦੀ ਮੁੱਖ ਮੰਗ 'ਸਰਬਸੰਮਤੀਆਂ' ਕਰੋ ਅਤੇ ਸੁੱਚਜੇ ਪ੍ਰਬੰਧਕ ਬਣਕੇ ਪੰਥ ਦੀ ਗੁਰ ਸੰਗਤਾਂ ਦੀ ਸੇਵਾ ਕਰੋ ਤੇ ਦੁਸ਼ਮਣ ਤਾਕਤਾਂ ਦਾ ਮੂਹ ਭੰਨ ਦਿਉ।

## 'ਆਧਾਰ' ਨਾਲ ਬੈਂਕ ਖਾਤੇ ਤੇ ਮੋਬਾਇਲ ਜੋੜਣ ਦਾ ਸਮਾਂ ਵਧਾਇਆ

ਇੰਡੈਂਟੀਫਾਈਂਗ( ਆਧਾਰ ਕਾਰਡ) ਨੂੰ ਸੇਵਾਵਾਂ ਅਤੇ ਭਲਾਈ ਸਕੀਮਾਂ ਨਾਲ ਜੋੜਨ ਲਈ 31 ਮਾਰਚ ਦੀ ਨਿਰਧਾਰਤ ਸਮਾਂ ਸੀਮਾ ਨੂੰ ਵਧਾਉਣ ਲਈ ਤਿਆਰ ਹੈ।

ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਿੱਚ ਜਸਟਿਸ ਏ ਕੇ ਸੀਕਰੀ, ਏਐਮ ਖਾਨਵਿਲਕਾਰ, ਡੀਵਾਈ ਚੰਦਰਚੂਹੜ ਅਤੇ ਅਸ਼ੋਕ ਭੂਸ਼ਨ ਵਾਲੇ ਸੰਵਿਧਾਨਕ ਬੈਂਚ ਨੇ ਆਪਣੇ ਹੁਕਮਾਂ ਵਿੱਚ ਕਿਹਾ,' ਅਸੀਂ ਹੁਕਮ ਦਿੰਦੇ ਹਾਂ ਕਿ ਵੱਖ ਵੱਖ ਸੇਵਾਵਾਂ ਅਤੇ ਭਲਾਈ ਸਕੀਮਾਂ ਨੂੰ ਆਧਾਰ ਨਾਲ ਜੋੜਨ ਦੇ ਲਈ 31 ਮਾਰਚ 2018 ਦੀ ਸਮਾਂ ਸੀਮਾ ਉਦੋਂ ਤੱਕ ਵਧਾਈ ਜਾਂਦੀ ਹੈ ਜਦੋਂ ਤੱਕ ਮਾਮਲੇ ਦੀ ਸੁਣਵਾਈ ਪੂਰੀ ਨਹੀ ਹੋ ਜਾਂਦੀ ਅਤੇ ਸੰਵਿਧਾਨਕ ਬੈਂਚ ਵੱਲੋਂ ਆਪਣਾ ਫੈਸਲਾ ਨਹੀ ਸੁਣਾ ਦਿੱਤਾ ਜਾਂਦਾ।' ਇਹ ਫੈਸਲਾ ਬੈਂਕ ਖਾਤਿਆਂ ਤੇ ਮੋਬਾਈਲ ਫੋਨਾਂ ਨੂੰ ਆਧਾਰ ਨਾਲ ਜੋੜਨ ਦੇ ਫੈਸਲੇ ਉੱਤੇ ਵੀ ਲਾਗੂ ਹੋਵੇਗਾ।

ਇਸ ਮਾਮਲੇ ਵਿੱਚ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ 6 ਮਾਰਚ ਨੂੰ ਅਦਾਲਤ ਨੂੰ ਦੱਸਿਆ ਸੀ ਕਿ ਇਸ ਮਾਮਲੇ ਦੀ ਸੁਣਵਾਈ ਲੰਬੀ ਹੋਣ ਦੇ ਮੱਦੇਨਜ਼ਰ ਕੇਂਦਰ ਸਰਕਾਰ ਨਿਰਧਾਰਤ ਸਮਾਂ ਸੀਮਾਂ ਨੂੰ ਅੱਗੇ ਵਧਾਉਣ ਦੀ ਇੱਛਾ ਰੱਖਦੀ ਹੈ।

ਇਸ ਤੋਂ ਪਹਿਲਾਂ ਪਿਛਲੇ ਸਾਲ 15 ਦਸੰਬਰ ਨੂੰ ਸੁਪਰੀਮ ਕੋਰਟ ਨੇ ਆਧਾਰ ਨੂੰ ਜੋੜਨ ਦੀ ਸਮਾਂ ਸੀਮਾ 31 ਮਾਰਚ 2018 ਨਿਰਧਾਰਤ ਕੀਤੀ ਸੀ।

ਇਸ ਮਾਮਲੇ ਵਿੱਚ ਸੁਪਰੀਮ ਕੋਰਟ ਕਈ ਪਟੀਸ਼ਨਾਂ ਦੀ ਸੁਣਵਾਈ ਕਰ ਰਹੀ ਹੈ ਤੇ ਸਭ ਤੋਂ ਮੋਹਰੀ ਪਟੀਸ਼ਨਰ ਕਰਨਾਟਕਾ ਹਾਈ ਕੋਰਟ ਦੇ ਸਾਬਕਾ ਜਸਟਿਸ ਕੇ ਐੱਸ ਪੁਤਸਵਾਮੀ ਹਨ। ਉਨ੍ਹਾਂ ਨੇ 22 ਫਰਵਰੀ ਨੂੰ ਸੁਪਰੀਮ ਕੋਰਟ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਜਨਤਕ ਵੰਡ ਪ੍ਰਣਾਲੀ ਨੂੰ ਆਧਾਰ ਨਾਲ ਜੋੜਨ ਦੇ ਫੈਸਲੇ ਕਾਰਨ ਫੈਲੀ ਭੁੱਖਮਰੀ ਕਾਰਨ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ।

ਸੁਪਰੀਮ ਕੋਰਟ ਵਿੱਚ ਇਸ ਮਾਮਲੇ ਦੀ ਸੁਣਵਾਈ ਭਲਕੇ ਵੀ ਜਾਰੀ ਰਹੇਗੀ ਅਤੇ ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ ਕੰਨਸੋਲੀਡੇਟਿਡ ਫੰਡਜ਼ ਆਫ ਇੰਡੀਆ ਤੋਂ ਆਉਂਦੀਆਂ ਭਲਾਈ ਸਕੀਮਾਂ ਦੇ ਲਾਭ ਪਾਤਰੀਆਂ ਤੋਂ ਆਧਾਰ ਕਾਰਡ ਮੰਗਣ ਦੀ ਪ੍ਰਕਿਰਿਆ ਨੂੰ ਜਾਰੀ ਰੱਖ ਸਕਦੀ ਹੈ। ਇਸ ਦੇ ਨਾਲ ਹੀ ਅਦਾਲਤ ਨੇ ਇਹ ਵੀ ਹੁਕਮ ਦਿੱਤੇ ਹਨ ਕਿ ਤਤਕਾਲ ਪਾਸਪੋਰਟ ਜਾਰੀ ਕਰਨ ਦੇ ਮਾਮਲੇ ਵਿੱਚ ਆਧਾਰ ਕਾਰਡ ਜ਼ਰੂਰੀ ਨਹੀ ਹੋਵੇਗਾ। ਜਿਨ੍ਹਾਂ ਲੋਕਾਂ ਕੋਲ ਆਧਾਰ ਨਹੀ ਹੈ, ਉਹ ਆਧਾਰ ਲਈ ਅਪਲਾਈ ਕੀਤੇ ਹੋਣ ਦੀ ਤਸਦੀਕ ਕਰਕੇ ਸਕੀਮਾਂ ਦਾ ਲਾਭ ਲੈ ਸਕਣਗੇ।

## ਭਗਵੇਂ ਰਾਸ਼ਟਰਵਾਦ ਦਾ ਮੀਡੀਆ

ਰਾਸ਼ਟਰਵਾਦ ਦੀ ਆੜ ਵਿਚ ਵਿਰਕਾਪ੍ਰਸਤ ਹੋ ਚੁੱਕੇ ਹਨ। ਇਸ ਹੱਦ ਤੱਕ ਜਦ ਉਦੈਪੁਰ ਵਿਚ ਨੌਜਵਾਨ ਭਗਵਾਂ ਝੰਡਾ ਲੈ ਕੇ ਅਦਾਲਤ ਦੀ ਛੱਤ 'ਤੇ ਚੜ੍ਹ ਜਾਂਦਾ ਹੈ ਤਾਂ ਐਂਕਰ ਚੁੱਪ ਹੋ ਜਾਂਦੇ ਹਨ। ਕੀ ਅਸੀਂ ਅਜਿਹਾ ਭਾਰਤ ਚਾਹੁੰਦੇ ਸਾਂ, ਚਾਹੁੰਦੇ ਹਾਂ ? ਦੋਸਤੋਂ ਮੇਰੇ 'ਤੇ ਵਿਸ਼ਵਾਸ ਕਰੋ ਕਿ ਮੀਡੀਆ ਭਾਰਤੀ ਜਮਹੂਰੀਅਤ ਦਾ ਕਤਲ ਕਰ ਰਿਹਾ ਹੈ, ਉਹ ਕਾਤਲ ਹੈ। ਉਹ ਸਮਾਜ ਵਿਚ ਅਜਿਹਾ ਅਸੰਤੁਲਨ ਪੈਦਾ ਕਰ ਰਿਹਾ ਹੈ, ਆਪਣੀਆਂ ਬਹਿਸਾਂ ਦੇ ਰਾਹੀਂ ਅਜਿਹਾ ਜ਼ਹਿਰ ਬੋਅ ਰਿਹਾ ਹੈ, ਜਿਸ ਕਾਰਣ ਸਾਡੇ ਲੋਕਤੰਤਰ ਦੇ ਅੰਦਰ ਭਰ ਦਾ ਮਾਹੌਲ ਬਣਿਆ ਰਹੇ, ਜਿਸ ਵਿਚ ਇਕ ਭੀੜ ਕਦੀ ਵੀ ਕਿਤੇ ਵੀ ਬੇਕਾਬੂ ਹੋ ਜਾਂਦੀ ਹੈ ਤੇ ਤੁਹਾਨੂੰ ਮਲੀਆਮੇਟ ਕਰ ਦਿੰਦੀ ਹੈ।

ਤੁਹਾਡੀ ਤਰ੍ਹਾਂ ਮੈਂ ਵੀ ਭਾਰਤ ਨੂੰ ਲੈ ਕੇ ਸੁਪਨੇ ਦੇਖਦਾ ਹਾਂ, ਪਰ ਜਾਣਦੇ ਹੋਏ ਸਾਹਮਣੇ ਦੀ ਹਕੀਕਤ ਮੇਰੇ ਲਈ ਸੁਪਨਾ ਹੈ। ਮੈਂ ਇਕ ਅਜਿਹਾ ਭਾਰਤ ਦਾ ਸੁਪਨਾ ਦੇਖਦਾ ਹਾਂ ਜੋ ਹਕੀਕਤ ਦਾ ਸਾਹਮਣਾ ਕਰ ਸਕੇ। ਸੋਚੋ ਜ਼ਰਾ ਅਸੀਂ ਅੱਜਕੱਲ੍ਹ ਅਤੀਤ ਦੇ ਸੁਆਲਾਂ ਵਿਚ ਕਿਉਂ ਉਲਝੇ ਹਾਂ ? ਜੇਕਰ ਇਨ੍ਹਾਂ ਸੁਆਲਾਂ ਦੇ ਸਾਹਮਣਾ ਕਰਨਾ ਹੈ ਤਾਂ ਕੀ ਅਸੀਂ ਠੀਕ ਢੰਗ ਨਾਲ ਕਰ ਰਹੇ ਹਾਂ ? ਕੀ ਇਨ੍ਹਾਂ ਸੁਆਲਾਂ ਦਾ ਸਾਹਮਣਾ ਕਰਨਾ ਦੀ ਜਗ੍ਹਾ ਟੀਵੀ ਦਾ ਸਟੂਡੀਓ ਹੈ ਜਾਂ ਕਲਾਸਰੂਮ ਹੈ, ਕਾਨਫਰੰਸ ਰੂਮ ਹੈ ਤੇ ਸਾਹਮਣਾ ਅਸੀਂ ਕਿਸ ਤਰ੍ਹਾਂ ਕਰਾਂਗੇ ? ਕੀ ਅਸੀਂ ਅੱਜ ਹਿਸਾਬ ਕਰਾਂਗੇ ? ਕੀ ਅੱਜ ਕਤਲੇਆਮ ਕਰਾਂਗੇ ਤਾਂ ਕੀ ਤੁਸੀਂ ਆਪਣੇ ਘਰ ਵਿਚ ਇਕ ਕਾਤਲ ਦੇਣ ਲਈ ਤਿਆਰ ਹੋ ? ਨਫ਼ਰਤ ਦੀ ਇਹ ਹਨੇਰੀ ਹਰ ਘਰ ਵਿਚ ਇਕ ਕਾਤਲ ਪੈਦਾ ਕਰ ਦੇਵੇਗੀ, ਉਹ ਤੁਹਾਡਾ ਭਰਾ ਹੋ ਸਕਦਾ, ਬੇਟਾ ਹੋ ਸਕਦਾ ਤੇ ਦੋਸਤ ਵੀ ਸਕਦਾ ਹੈ ਤੇ ਗਵਾਂਢੀ ਵੀ ਹੋ ਸਕਦਾ ਹੈ। ਕੀ ਤੁਸੀਂ ਮਨ ਬਣਾ ਲਿਆ ਹੈ, ਕੀ ਤੁਸੀਂ ਸਿੱਖਿਆ ਹੈ ਕਿ ਇਤਿਹਾਸ ਦਾ ਸਾਹਮਣਾ ਕਿਵੇਂ ਕੀਤਾ ਜਾਵੇ ? ਅਸੀਂ ਕਲਾਸ ਰੂਮ ਵਿਚ ਨਹੀਂ, ਸੜਕ ਟੀਵੀ ਸਟੂਡਿਓ ਵਿਚ ਅਤੇ ਇਤਿਹਾਸ ਦਾ ਹਿਸਾਬ ਕਰਨ ਨਿਕਲੇ ਹਾਂ। ਨਹਿਰੂ ਨੂੰ ਮੁਸਲਮਾਨ ਬਣਾ ਦੇਣ ਨਾਲ ਜਾਂ ਅਕਬਰ ਨੂੰ ਹਾਰਿਆ ਦਿਖਾ ਦੇਣ ਨਾਲ ਤੁਸੀਂ ਇਤਿਹਾਸ ਨਹੀਂ ਬਦਲ ਸਕਦੇ। ਇਤਿਹਾਸ ਜਦ ਸਿੱਖਿਆ ਮੰਤਰੀ ਦੇ ਹੁਕਮ ਨਾਲ ਬਦਲਣ ਲੱਗੇ ਤਾਂ ਸਮਝੋ ਕਿ ਉਹ ਮੰਤਰੀ ਕਮਿਸਟਰੀ ਦਾ ਵੀ ਚੰਗਾ ਵਿਦਿਆਰਥੀ ਨਹੀਂ ਰਿਹਾ ਹੋਵੇਗਾ। ਕੀ ਤੁਸੀਂ ਇੱਥੇ ਹਾਰਵਰਡ ਵਿਚ ਬੈਠ ਕੇ ਇਸ ਗੱਲ ਨੂੰ ਸਵੀਕਾਰ ਕਰ ਸਕਦੇ ਹੋ ਕਿ ਇਤਿਹਾਸ ਦੇ ਕਲਾਸਰੂਪ ਵਿਚ ਕੋਈ ਮੰਤਰੀ ਆ ਕੇ ਇਤਿਹਾਸ ਬਦਲ ਦੇਵੇ। ਪ੍ਰੋਫੈਸਰ ਦੇ ਹੱਥ ਤੋਂ ਕਿਤਾਬਾਂ ਲੈ ਕੇ ਆਪਣੀਆਂ ਕਿਤਾਬਾਂ ਪੜ੍ਹਨ ਲਈ ਦੇ ਦੇਵੇ। ਕੀ ਤੁਸੀਂ ਬਰਦਾਸ਼ਤ ਕਰੋਗੇ ? ਜਦ ਤੁਸੀਂ ਖੁਦ ਦੇ ਲਈ ਇਹ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਭਾਰਤ ਲਈ ਕਿਵੇਂ ਕਰ ਸਕਦੇ ਹੋ ?

ਜ਼ਰੂਰ ਇਤਿਹਾਸ ਵਿਚ ਨਵੀਂ ਬਹਿਸ ਚੱਲਣੀ ਚਾਹੀਦੀ ਹੈ, ਨਵੇਂ ਸੋਧ ਹੋਣੇ ਚਾਹੀਦੇ ਹਨ, ਪਰ ਅਸੀਂ ਅਜਿਹਾ ਕਰ ਰਹੇ ਹਾਂ। ਇਕ ਫ਼ਿਲਮ 'ਤੇ ਅਸੀਂ ਤਿੰਨ ਮਹੀਨੇ ਬਹਿਸ ਕੀਤੀ। ਏਨੀ ਬਹਿਸ ਭਾਰਤ ਦੀ ਗਰੀਬੀ 'ਤੇ ਨਹੀਂ ਹੋਈ। ਭਾਰਤ ਦੀਆਂ ਸੰਭਾਵਨਾਵਾਂ 'ਤੇ ਨਹੀਂ ਹੋਈ। ਅਸੀਂ ਤਿੰਨ ਮਹੀਨੇ ਇਕ ਫਿਲਮ 'ਤੇ ਬਹਿਸ ਕੀਤੀ, ਤਲਵਾਰਾਂ ਲੈ ਕੇ ਲੋਕ ਸਟੂਡਿਓ ਵਿਚ ਆ ਗਏ, ਹੁਣ ਕਿਸੇ ਦਿਨ ਬੰਦੂਕਾਂ ਲੈ ਕੇ ਆਉਣਗੇ। ਮਹਾਰਾਣਾ ਦੀ ਹਾਰ ਦੇ ਬਾਅਦ ਲੋਕਾਂ ਨੇ ਮਹਾਨ ਵਿਜੇਤਾ ਦੇ ਰੂਪ ਵਿਚ ਸਵੀਕਾਰ ਕੀਤਾ। ਉਨ੍ਹਾਂ ਦੀ ਵੀਰਤਾ ਦੀ ਗਾਥਾ 'ਤੇ ਉਸ ਹਾਰ ਦਾ ਕੋਈ ਅਸਰ ਹੀ ਨਹੀਂ ਸੀ, ਜਿਸ ਨੂੰ ਇਕ ਸਿੱਖਿਆ ਮੰਤਰੀ ਨੇ ਆਪਣੀ ਤਾਕਤ ਨਾਲ ਬਦਲਣ ਦੀ ਕੋਸ਼ਿਸ਼ ਕੀਤੀ। ਮੈਨੂੰ ਨਹੀਂ ਲੱਗਦਾ ਕਿ ਮਹਾਰਾਣਾ ਪ੍ਰਤਾਪ ਕਾਗਜ਼ 'ਤੇ ਹਾਰ ਦੀ ਜਗ੍ਹਾ ਜਿੱਤ ਦੇਣ ਨਾਲ ਖੁਸ਼ ਹੁੰਦਾ ਹੋਵੇਗਾ, ਜੋ ਵੀਰ ਹੁੰਦਾ ਹੈ, ਉਹ ਹਾਰ ਨੂੰ ਵੀ ਗਲੇ ਲਗਾਉਂਦਾ । ਪਰ ਇਹ ਸਹੀ ਹੈ ਕਿ ਲੋਕਾਂ ਵਿਚ ਇਤਿਹਾਸ ਨੂੰ ਲੈ ਕੇ ਅਜਿਹੀ ਸਮਝ ਨਹੀਂ ਜਿਵੇਂ ਕਲਾਸਰੂਮ ਵਿਚ ਹੈ। ਕਲਾਸਰੂਮ ਵਿਚ ਭਾਰੀ ਅਸਮਾਨਤਾ ਹੈ। ਇਤਿਹਾਸ ਦੇ ਲੱਖਾਂ ਵਿਦਿਆਰਥੀਆਂ ਨੂੰ ਚੰਗੀਆਂ ਕਿਤਾਬਾਂ ਨਹੀਂ ਮਿਲੀਆਂ, ਅਧਿਆਪਕ ਨਹੀਂ ਮਿਲੇ, ਇਸ ਲਈ ਸਭ ਨੇ ਕਿਤਾਬ ਦੀ ਜਗ੍ਹਾ ਕੂੜਾ ਚੁੱਕ ਲਿਆ। ਵੈਸੇ ਤਿੰਨ ਮਹੀਨੇ ਵਿਚ ਭਾਰਤ ਵਿਚ ਜਿੰਨੇ ਇਤਿਹਾਸਕਾਰ ਪੈਦਾ ਹੋਏ, ਓਨੇ ਆਕਸਫੋਰਡ ਤੇ ਕੈਂਬਰਿਜ ਆਪਣੇ ਕਈ ਸੌ ਸਾਲ ਦੇ ਇਤਿਹਾਸ ਵਿਚ ਪੈਦਾ ਨਹੀਂ ਕਰ ਸਕੇ ਹੋਣਗੇ। ਭਾਰਤ ਵਿਚ ਤੁਸੀਂ ਬੱਸਾਂ ਫੂਕ ਕੇ ਪੋਸਟਰ ਫਾੜ ਕੇ ਇਤਿਹਾਸਕਾਰ ਬਣ ਸਕਦੇ ਹੋ। ਕਿਸੇ ਫ਼ਿਲਮ ਦਾ ਪ੍ਰਦਰਸ਼ਨ ਰੁਕਵਾ ਕੇ ਤੁਸੀਂ ਇਤਿਹਾਸਕਾਰ ਬਣ ਸਕਦੇ ਹੋ। ਤਿੰਨ ਸਾਲ ਵਿਚ ਅਸੀਂ ਜਿੰਨੇ ਇਤਿਹਾਸਕਾਰ ਪੈਦਾ ਕੀਤੇ ਹਨ, ਉਨ੍ਹਾਂ ਦੇ ਲਈ ਸਾਡੇ ਕੋਲ ਓਨੀਆਂ ਯੂਨੀਵਰਸਿਟੀਆਂ ਵੀ ਨਹੀਂ ਹੈ।

ਅੰਗਰੇਜ਼ਾਂ ਦੀ ਕਲਪਨਾ ਸੀ ਕਿ ਭਾਰਤ ਦੇ ਇਤਿਹਾਸ ਨੂੰ ਹਿੰਦੂ ਇਤਿਹਾਸ, ਮੁਸਲਮਾਨ ਇਤਿਹਾਸ ਵਿਚ ਬਦਲ ਦਿਓ। ਅੱਜ ਬਹੁਤ ਸਾਰੇ ਲੋਕ ਅੰਗਰੇਜ਼ੀ ਹਕੂਮਤ ਦੀ ਸੋਚ 'ਤੇ ਪਹਿਰਾ ਦੇ ਰਹੇ ਹਨ। ਉਹ ਵਾਪਸ ਇਤਿਹਾਸ ਨੂੰ ਹਿੰਦੂ ਬਨਾਮ ਮੁਸਲਮ ਦੇ ਖੇਮੇ ਵਿਚ ਲਿਜਾ ਰਹੇ ਹਨ। ਵਰਤਮਾਨ 'ਤੇ ਪਰਦਾ ਪਾਉਣ ਦੇ ਲਈ ਇਤਿਹਾਸ ਰਾਹੀਂ ਵੈਸੇ ਮੁੱਦੇ ਲਿਆਂਦੇ ਜਾ ਰਹੇ ਹਨ, ਜਿਨ੍ਹਾਂ ਦੇ ਰਾਹੀਂ ਨਾਗਰਿਕ ਦਾ ਵੋਟਰਾਂ ਦੀ ਧਾਰਮਿਕ ਪਛਾਣ ਬਣਾਈ ਜਾ ਸਕੇ। ਅਸੀਂ ਕਿਉਂ ਆਪਣੀ ਭਾਰਤੀਅਤਾ ਕਦੀ ਅਨੇਕਾਂ ਵਿਚ ਏਕਤਾ ਖੋਜਦੇ ਖੋਜਦੇ ਧਾਰਮਿਕ ਇਕਰੂਪਤਾ ਵਿਚ ਖੋਜਣ ਲੱਗਦੇ ਹਾਂ। ਅਸੀਂ ਸੰਵਿਧਾਨ ਵਿਚ ਆਪਣੀ ਪਛਾਣ ਕਿਉਂ ਨਹੀਂ ਹਾਸਲ ਕਰਦੇ, ਜਿਸ ਦੇ ਲਈ ਅਸੀਂ ਸੌ ਸਾਲ ਦੀ ਲੜਾਈ ਲੜੀ। ਦਿਨ ਰਾਤ ਬਹਿਸ ਕੀਤੀ, ਲੱਖਾਂ ਲੋਕ ਜੇਲ੍ਹ ਗਏ। ਆਖਿਰ ਕਿਉਂ ਬਹੁਗਿਣਤੀ ਧਰਮ ਇਤਿਹਾਸ ਦੇ ਕਿਰਦਾਰਾਂ 'ਤੇ ਧਾਰਮਿਕ ਵਿਆਖਿਆ ਥੋਪਣਾ ਚਾਹੁੰਦੇ ਹਨ ? ਸਾਡੇ ਭਾਰਤੀਆਂ ਦਾ ਭਾਰਤੀ ਹੋਣ ਦਾ ਬੋਧ, ਇਤਿਹਾਸ ਬੋਧ ਦੋਵੇਂ ਸੰਕਟਾਂ ਵਿਚੋਂ ਗੁਜ਼ਰ ਰਹੇ ਹਨ। ਸਾਨੂੰ ਇਕ ਖੰਡਿਤ ਨਾਗਕਿਤਾ ਦੇ ਬੋਧ ਨਾਲ ਤਿਆਰ ਕੀਤਾ ਜਾ ਰਿਹਾ ਹੈ, ਜਿਸ ਦੇ ਅੰਦਰ ਫੇਕ ਨਿਊਜ਼, ਫੇਰ ਹਿਸਟਰੀ ਦੇ ਰਾਹੀਂ ਅਜਿਹੀ ਪੋਲੀਟੀਕਲ ਪ੍ਰੋਗਰਾਮਿੰਗ ਕੀਤੀ ਜਾ ਰਹੀ ਹੈ ਕਿਸੇ ਵੀ ਸ਼ਹਿਰ ਵਿਚ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਕੀ ਤੁਸੀਂ ਨਿਆਂ ਦੀ ਮੂਲ ਧਾਰਨਾ ਦੇ ਖਿਲਾਫ਼ ਜਾ ਰਹੇ ਹੋ, ਜੋ ਕਹਿੰਦਾ ਹੈ ਕਿ ਖ਼ੂਨ ਦਾ ਬਦਲਾ ਖ਼ੂਨ ਨਹੀਂ ਹੁੰਦਾ। ਜੇਕਰ ਅਸੀਂ ਖ਼ੂਨ ਦਾ ਬਦਲਾ ਦੀ ਧਾਰਨਾ 'ਤੇ ਜਾਵਾਂਗੇ ਤਾਂ ਸਾਡੇ ਚਾਰੇ ਪਾਸੇ ਹਿੰਸਾ ਹੀ ਹਿੰਸਾ ਹੋਵੇਗੀ।

# ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

1050 ਐਸ. ਗਰਾਹਮ ਰੋਡ, ਗਰੀਨਵੁੱਡ, ਇੰਡਿਆਨਾ 46143

# ਖਾਲਸਾ ਸਾਜਨਾ ਦਿਵਸ ਸਮਾਗਮ

## 20 ਅਪ੍ਰੈਲ 2018 ਤੋਂ 22 ਅਪ੍ਰੈਲ 2018 ਤੱਕ



ਭਾਈ ਹਰਚਰਨ ਸਿੰਘ (ਹਜ਼ੂਰੀ ਰਾਗੀ) | ਭਾਈ ਗੁਰਮੇਲ ਸਿੰਘ (ਹਜ਼ੂਰੀ ਰਾਗੀ) | ਗਿਆਨੀ ਸ਼ੇਰ ਸਿੰਘ | ਭਾਈ ਸੁੱਖਾ ਸਿੰਘ | ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲੇ (ਕਵੀਸ਼ਰੀ ਜਥਾ)

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਜ ਜੀ, ਇੰਡਿਆਨਾ ਵਿਖੇ ਤਿੰਨ ਰੋਜ਼ਾ 'ਖਾਲਸਾ ਸਾਜਨਾ ਦਿਵਸ' ਸਮਾਗਮ 20 ਅਪ੍ਰੈਲ ਤੋਂ 22 ਅਪ੍ਰੈਲ 2018 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ। ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪੋ੍ਗਰਾਮ ਦਾ ਵੇਰਵਾ

**20 ਅਪਰੈਲ 2018, ਸ਼ੁੱਕਰਵਾਰ**
ਸ਼ਾਮ ਦਾ ਦੀਵਾਨ : 6:00 ਤੋਂ 9:00 ਵਜੇ ਤੱਕ

**21 ਅਪਰੈਲ 2018, ਸ਼ਨਿੱਚਰਵਾਰ**
ਸਵੇਰੇ 6:30 ਤੋਂ 9:00 ਵਜੇ ਤੱਕ ਆਸਾ ਦੀ ਵਾਰ
ਸ਼ਾਮ ਦਾ ਦੀਵਾਨ : 6:00 ਤੋਂ 9:00 ਵਜੇ ਤੱਕ

**22 ਅਪਰੈਲ 2018, ਐਤਵਾਰ**
ਸਵੇਰੇ 6:30 ਤੋਂ 9:00 ਵਜੇ ਤੱਕ ਆਸਾ ਦੀ ਵਾਰ
ਦੁਪਹਿਰ ਦਾ ਦੀਵਾਨ : ਸਵੇਰੇ 11:30 ਤੋਂ 3:00 ਵਜੇ ਤੱਕ




21 ਅਪਰੈਲ 2018
ਸ਼ਨਿੱਚਰਵਾਰ
ਸਵੇਰੇ 11:00 ਵਜੇ

ਵਧੇਰੇ ਜਾਣਕਾਰੀ ਲਈ ਇਨ੍ਹਾਂ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ :

ਭਾਈ ਗੁਰਪ੍ਰੀਤ ਸਿੰਘ
317-476-4038

ਭਾਈ ਜਸਦੀਪ ਸਿੰਘ
317-560-0019

ਭਾਈ ਸਤਨਾਮ ਸਿੰਘ
317-403-8344

## GURDWARA SHRI GURU HARGOBIND SAHIB JI

1050 S. GRAHAM RD. GREENWOOD, IN 46143


PUNJABI STARLIVE EVENT MANAGEMENT PVT LTD.
PRESENTS
VISA APPROVED
Nirmal Sidhu
Resham Anmol
Sara Gurpal
USA TOUR 2018
MEDIA PARTNER
BOSTON DESI CONNECTION
BDC tv
Bunty Bains
GUEST APPEARANCE
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com